ਖੁੱਲ੍ਹੇ ਮੈਦਾਨ



ਪ੍ਰੋ. ਪੂਰਨ ਸਿੰਘ

Khule Maidan
by
Prof. Poorn Singh

2008

ISBN : 81-7647-087-2

ਸਰਵਰਕ : ਸੁਖਵੰਤ

ਮੁੱਲ : ਪੇਪਰ ਬੈਕ : 80 ਰੁਪਏ
ਸਜਿਲਦ : 120 ਰੁਪਏ

ਪ੍ਰਕਾਸ਼ਕ :
ਤੇਜਿੰਦਰਬੀਰ ਸਿੰਘ
ਲਾਹੌਰ ਬੁਕ ਸ਼ਾਪ
2, ਲਾਜਪਤ ਰਾਏ ਮਾਰਕੀਟ, ਨੇੜੇ ਸੁਸਾਇਟੀ ਸਿਨੇਮਾ,
ਲੁਧਿਆਣਾ ।

ਪ੍ਰਿੰਟਰ :
ਸਰਤਾਜ ਪ੍ਰਿੰਟਗ ਪ੍ਰੈਸ
ਜਲੰਧਰ ।

ਅੱਖਰ ਸੰਜੋਜਨ :
ਜਸਵਾਲ ਕੰਪਿਊਟਰਜ਼
ਲੁਧਿਆਣਾ -3.

ਤਤਕਰਾ

ਭਾਗ ੧ ਪੂਰਨ ਨਾਥ ਜੋਗੀ-

੧. ਇੱਛਰਾਂ ਮਾਂ, ਪੂਰਨ ਦਾ ਭੋਰੇ ਪੈਣਾ, ਮਾਂ ਦਾ ਧਿਆਨ

ਪੂਰਨ ਦਾ ਮਾਂ ਥੀਂ ਵਿਛੋੜਾ 7
ਵਾਤਸਲ ਪਿਆਰ ਦਾ ਯੋਗ 7
ਮਾਂ-ਦਿਲ 8
ਮਾਂ ਦਾ ਉਨਰ 9
ਮਾਂ ਇੱਛਰਾਂ 9
ਮਾਂ ਦਾ ਪਿਆਰ ਯੋਗ ਤੇ ਚਿਤ ਦੇ ਟਿਕਾਣ ਦੇ ਸਾਧਨ 9
ਰਾਣੀ ਇੱਛਰਾਂ 11

੨. ਸਾਲਵਾਹਨ ਰਾਜਾ ਤੇ ਲੂਣਾਂ ਰਾਣੀ

ਲੂਣਾਂ 11
ਰਾਜਾ ਸਲਵਾਹਨ ਦੀ ਇਖ਼ਲਾਕੀ ਮੌਤ 13
ਪੂਰਨ ਦਾ ਜਵਾਨ ਹੋ ਭੋਰਿਉਂ ਬਾਹਰ ਅਉਣਾ 13
ਰਾਜਾ ਸਲਵਾਹਨ ਤੇ ਪੂਰਨ ਪੁੱਤ ਰਾਜਾ 14
ਇੱਛਰਾਂ ਰਾਣੀ ਦਾ ਤੌਖ਼ਲਾ ਤੇ ਡਰ ਅੰਦਰ ਹੀ ਅੰਦਰ 14
ਪੂਰਨ ਜਾਂਦਾ ਹੈ ਮਹਿਲ ਲੂਣਾਂ ਨੂੰ 15
ਪੂਰਨ ਦੇ ਦਿਲ ਨੂੰ ਮਹਿਲਾਂ ਚੜ੍ਹਦੇ ਸਾਰ ਕੁਝ ਹੁੰਦਾ 15
ਲੂਣਾਂ ਤੇ ਪੂਰਨ 16
ਲੂਣਾਂ ਦੇ ਅੱਧੇ ਛੁਪਾਏ, ਅੱਧੇ ਲੁਕਾਏ ਵਲਵਲੇ 16
ਪੂਰਨ ਦਾ ਪਹਿਲਾਂ ਬਚਨ ਲੂਣਾਂ ਨੂੰ 17
ਲੂਣਾਂ ਮੁੜ ਉਹੋ ਸਵਰ ਛੇੜਦੀ ਹੈ 18
ਪੂਰਨ ਦਾ ਦੂਜਾ ਬਚਨ 18
ਲੂਣਾਂ ਦਾ ਪਾਗਲਪਨ 19
ਲੂਣਾਂ ਦਾ ਮਨਸੂਬਾ 20
ਪੂਰਨ ਮੁਲਜ਼ਮ 20
ਮਾਂ ਇੱਛਰਾਂ ਦੀ ਕੂਕ ਕਚਹਿਰੀ ਰਾਜਾ ਸਲਵਾਹਨ ਵਿਚ 20
ਪੂਰਨ ਨੂੰ ਲੈ ਗਏ ਮਾਰਨੇ ਨੂੰ 22
ਪੂਰਨ ਨੂੰ ਖੂਹ ਵਿਚ ਸੁੱਟਣਾ 22
ਪੂਰਨ ਦੇ ਬਾਗ਼ਾਂ ਸਿਆਲਕੋਟ ਵਾਲਿਆਂ ਦਾ ਹਾਲ 23
ਗੋਰਖਨਾਥ ਜੋਗੀ ਦਾ ਆਉਣਾ ਪੂਰਨ ਦੇ ਖੂਹ 'ਤੇ 24
ਗੋਰਖਨਾਥ ਦਾ ਝੁੰਡ ਉਤਰਿਆ ਦੇਸ ਸੁੰਦਰਾਂ ਦੇ 26
ਸੁੰਦਰਾਂ ਰਾਣੀ ਦੇ ਦੇਸ ਦਾ ਇਕ ਟਿੱਲਾ ਵੱਸ ਪਿਆ 26
ਪੂਰਨ ਦੀ ਪਹਿਲੀ ਭਿੱਛਿਆ 26
ਸੁੰਦਰਾਂ ਰਾਣੀ ਦੇ ਮਹਿਲ 'ਤੇ ਪੂਰਨ ਖੜਾ 27
ਸੁੰਦਰਾਂ ਰਾਣੀ ਆਉਂਦੀ ਦਰਸ਼ਨਾਂ ਨੂੰ 28
ਰਾਣੀ ਸੁੰਦਰਾਂ ਵਰ ਮੰਗਦੀ 28
ਗੋਰਖਨਾਥ ਤਰੁਠਦਾ 30
ਸੁੰਦਰਾਂ ਲੈ ਚੱਲੀ ਪੂਰਨ ਨੂੰ ਖਾਰੇ ਪਾ 30
ਸੁੰਦਰਾਂ ਤੇ ਪੂਰਨ ਦੀ ਵਾਰਤਾਲਾਪ 30
ਪੂਰਨ ਦਾ ਮੁੜਨਾ ਗੋਰਖਨਾਥ ਪਾਸ 32
ਪੂਰਨ ਜੋਗੀ 33
ਪੂਰਨ ਜੋਗੀ ਦਾ ਮੁੜ ਸਿਆਲਕੋਟ ਆਉਣਾ 34
ਲੂਣਾਂ ਤੇ ਰਾਜੇ ਸਾਲਵਾਹਨ ਦਾ ਆਉਣਾ 35
ਸਾਲਵਾਹਨ ਰਾਜੇ ਦਾ ਪੂਰਨ ਜੋਗੀ ਨੂੰ ਸਤਿਕਾਰ ਦੇਣਾ 35
ਪੂਰਨ ਦਾ ਜਵਾਬ ਰਾਜੇ ਸਾਲਵਾਹਨ ਨੂੰ 36

ਸਾਲਵਾਹਨ ਲੂਣਾਂ ਵਲੋਂ
ਅਰਜ਼ ਕਰ ਪੁੱਤ ਮੰਗਦਾ 36
ਪੂਰਨ ਜੋਗੀ ਦਾ ਜਵਾਬ ਰਾਜੇ ਨੂੰ 36
ਲੂਣਾਂ ਦਾ ਪਸਚਾਤਾਪ ਤੇ ਰੁਦਨ 37
ਪੂਰਨ ਰਾਣੀ ਲੂਣਾਂ ਨੂੰ ਵਰ ਦਿੰਦਾ 38
ਮਾਂ ਇੱਛਰਾਂ ਦਾ ਆਵਣਾ 39
ਰਾਣੀ ਇੱਛਰਾਂ ਦਾ ਉੱਚਾ ਗ਼ਮ 39
ਪੂਰਨ ਤੇ ਮਾਂ ਇੱਛਰਾਂ ਦਾ ਮਿਲਾਪ 40
ਪੂਰਨ ਪੁੱਤ ਤੇ ਇੱਛਰਾਂ ਮਾਂ ਦੀ ਜੱਫੀ 40

ਭਾਗ ੨, ਝਨਾਂ ਦੀਆਂ ਲਹਿਰਾਂ-

ਮੇਰਾ ਟੁੱਟਾ ਜਿਹਾ ਗੀਤ 42
ਦਿਲ ਮੇਰਾ ਖਿਚੀਂਦਾ 44
ਪ੍ਰਭਾਤ ਅਕਾਸ਼ ਵਿਚ 45
ਪਸ਼ੂ ਚਰਦੇ 46
ਤੜਫਦੀ ਘੁੱਗੀ 46
ਸੱਸੀ ਦੀ ਨੀਂਦ 48
ਪਿੱਪਲ ਹੇਠ 51
ਕੁਮਿਹਾਰ ਤੇ ਕੁਮਿਹਾਰਨ 51
ਪੰਜਾਬ ਦੇ ਮਜ਼ੂਰ 52
ਹਲ ਵਾਹੁਣ ਵਾਲੇ 53
ਸੋਹਣੀ ਦੀ ਝੁੱਗੀ 53
ਖੂਹ ਉੱਤੇ 54
ਦਰਿਆ ਕਿਨਾਰੇ 56
ਹਨੂਮਾਨ 56
ਸਾਧਣੀ ਦੀ ਢੋਕ 57
ਘਰ ਕੀ ਗਹਲ ਚੰਗੀ 59
ਹਿਮਾਲਾ ਦੀਆਂ ਬਲਦੀਆਂ ਜੋਤਾਂ 61
ਗਾਰਗੀ 64
ਕ੍ਰਿਸ਼ਨ ਜੀ 66
ਮੁੱਲ ਪਾ ਤੂੰ ਆਪਣਾ 67
ਕੰਵਾਰੀ ਪਦਮਨੀ 72

ਭਾਗ ੩,ਦੇਸ਼ ਪਿਆਰ ਪੰਜਾਬ ਮੇਰਾ-
ਪੰਜਾਬ ਦੇ ਦਰਿਆ 75
ਦੇਸ਼ ਨੂੰ ਅਸੀਸ ਸਾਡੀ ਗ਼ਰੀਬਾਂ ਦੀ 75
ਪੰਜਾਬ ਦੀ ਅਹੀਰਨ ਇਕ
ਗੋਹੇ ਥੱਪਦੀ 77
ਹੀਰ ਤੇ ਰਾਂਝਾ 82
ਜਵਾਨ ਪੰਜਾਬ ਦੇ 93
ਰੌਣਕ ਬਜ਼ਾਰ ਦੀ 96
ਪੁਰਾਣੇ ਪੰਜਾਬ ਨੂੰ ਆਵਾਜ਼ਾਂ 100
ਪੰਜਾਬ ਨੂੰ ਕੂਕਾਂ ਮੈਂ 103
ਸੋਹਣੀ ਦਾ ਬੁੱਤ 105

ਭਾਗ ੪, ਮੈਂ ਤੇ ਉਹ-

ਇਹ ਸੁਨੇਹਾ ਕਿਹਾ ਪਿਆਰਾ 108
ਆਵੀਂ ਤੂੰ ਰੱਬਾ ਮੇਰਿਆ 110
ਲੋਕੀਂ ਕਹਿਣ ਰੱਬ ਸਭ ਵਿਚ ਹੈ
ਸਭ ਕੁਝ ਹੈ 111
ਮੱਥਾ ਸੰਤਾਂ ਨੂੰ ਟੇਕਣਾ 113
ਲੋਕੀਂ ਕਹਿਣ ਮਰ ਗਿਆ ਮੈਂ 114
ਲੋਕੀਂ ਆਖਣ ਮੈਂ ਜੀ ਪਿਆ 114
ਇਕ ਵੇਰੀ ਅਚਨਚੇਤ 115
ਟੁਟ ਗਿਆ ਸੀ ਉਹ 115
ਕਈ ਰਾਤਾਂ ਹੋਸਨ 116
ਮੈਂ ਕੁਝ ਸਦੀਆਂ ਦੀ ਨੀਂਦਰ ਵਿਚ 116
ਬਸੰਤ ਆਈ ਸਭ ਲਈ
ਮੇਰੀ ਬਸੰਤ ਕਿੱਥੇ ਗਈ ? 117
ਕੁੜੀਆਂ ਦਾ ਸੀ ਤ੍ਰਿੰਞਣ ਦਾ ਤ੍ਰਿੰਞਣ 119
ਹਰ ਘੜੀ ਨਵਾਂ 121
ਪਿਆਰਾ ਕੋਲੋਂ ਮੇਰੇ ਲੰਘ ਜਾਂਦਾ 122
ਮੈਂ ਨਿਸ਼ਾਨਾ ਮਾਰ ਨਹੀਂ ਜਾਣਦ 123
ਵਿਛੋੜਾ 123
ਮੁੜ ਆ ਪਿਆਰੇ 124
ਉਸ ਦੀ ਦਾਤ 124
ਸਮੁੰਦਰ ਕਿਨਾਰੇ ਮੈਂ ਉਡੀਕਾਂ 125
ਜੇ ਤੂੰ ਮੇਰਾ ਹੋਵੇਂ 126

ਭਾਗ-੫, ਜੰਗਲੀ ਫੁੱਲ-
ਇਕ ਜੰਗਲੀ ਫੁੱਲ 127

ਕਾਦਰ ਯਾਰ ਦੇ ਬੈਤਾਂ ਦੀ ਤਬੀਅਤ ਨੂੰ ਉਕਸਾਵਟ ਦੇਣ ਦੀ ਕਥਾ ਸਦਾ ਸੱਜਰੀ ਤੇ ਵਚਿੱਤ੍ਰ ਹੈ। ਕਿੱਸਾ ਸਾਦਾ ਜਿਹਾ ਹੈ, ਪਰ ਉਹ ਸਾਦਗੀ ਉਨ੍ਹਾਂ ਬੈਤਾਂ ਵਿਚ ਹੈ ਜਿਹੜੀ ਸਦਾ ਸਿੱਟਾ ਹੁੰਦੀ ਹੈ, ਕਿਸੀ ਸਹਿਜ ਸੁਭਾ ਦੈਵੀ ਆਵੇਸ਼ ਦਾ—ਤੇ ਉਹ ਆਵੇਸ਼ ਜਿਹੜਾ ਹਰ ਕੋਮਲ ਉਨਰ ਦੇ ਕਮਾਲ ਹਾਸਲ ਹੋਣ ਉਤੇ ਗਲੇ ਤੇ ਹੱਥ ਤੇ ਦਿਲ ਵਿਚ ਕਦੀ ਅਚਨਚੇਤ ਹੀ ਕਵੀਆਂ ਨੂੰ ਆਉਂਦਾ ਹੈ। ਕਾਦਰਯਾਰ ਦੇ ਪੂਰਨ ਨੂੰ ਪੜ੍ਹ ਕੇ ਜੋ ਵਲਵਲੇ ਮੇਰੇ ਦਿਲ ਵਿਚ ਝੁਰਮਟ ਪਾ ਆਏ; ਉਹ ਇਕ ਦਿਨ ਵਿਚ ਅੰਕਤ ਕੀਤੇ ਮੁੜ ਪਿਆਰੇ ਪੰਜਾਬ ਨੂੰ ਦੇਂਦਾ ਹਾਂ—ਤੇਰੇ ਥੀਂ ਲੈ ਕੇ ਤੈਨੂੰ ਤੇਰਾ ਮੋੜਦਾ ਹਾਂ।

ਪੂਰਨ ਸਿੰਘ

ਖੁੱਲ੍ਹੇ ਮੈਦਾਨ



ਪ੍ਰੋ. ਪੂਰਨ ਸਿੰਘ

ਪੂਰਨ ਨਾਥ ਜੋਗੀ

ਪੂਰਨ ਭਗਤ ਦੇ ਜੀਵਨ ਦੇ ਝਾਕੇ
੧. ਇੱਛਰਾਂ ਮਾਂ, ਪੂਰਨ ਦਾ ਭੋਰੇ ਪੈਣਾ, ਮਾਂ ਦਾ ਧਿਆਨ

ਪੂਰਨ ਦਾ ਮਾਂ ਥੀਂ ਵਿਛੋੜਾ

ਸੂਰਜ ਇੱਛਰਾਂ ਦੀ ਗੋਦ ਚੜ੍ਹਦੇ ਸਾਰ,
ਜੋਤਸ਼ ਦੇ ਵਹਿਮ ਨੇ ਖਾ ਲੀਤਾ,
ਕਈ ਬਰਸਾਂ ਦਾ ਸੂਰਜ ਗ੍ਰਹਿਣ ਲੱਗਾ,
ਰਾਜੇ ਸਾਲਵਾਹਨ ਨੇ ਪੁੱਤ ਭੋਰਿਆਂ ਦਾ ਦਿਤਾ
ਮੂੰਹ ਤੱਕਣਾ ਪੁੱਤਰ ਦਾ ਤਦ ਰਾਜੇ,
ਜਦ ਉਹ ਜਵਾਨ ਹੋਸੀ ਮਾਲਕ ਤਖ਼ਤ ਤਾਜ ਦਾ।
ਮਾਂ ਇੱਛਰਾਂ ਸਬਰ ਕਰ ਖ਼ੈਰ ਪੁੱਤ ਦਾ ਮਨਾਉਂਦੀ ਸੀ,
ਆਖੇ ਮੈਨੂੰ ਠੰਡੀ 'ਵਾ ਆਵੇ ਪੁੱਤਰ ਰਹੇ ਭੋਰੇ,
ਮੈਥੀਂ ਵਧ, ਰਬ ਸੱਚਾ ਉਹਨੂੰ ਸੰਭਾਲਦਾ ਏ,
ਰਾਜਾ ਪੰਡਤਾਂ ਦੇ ਆਖੇ ਲੱਗ ਕੇ ਤੇ,
ਮਾਸੂਮ ਬੱਚੇ ਨੂੰ ਹਨੇਰੀਆਂ ਕੋਠੜੀਆਂ ਪਾ ਦਿੱਤਾ;
ਗਊ ਪਾਸੋਂ ਵੱਛਾ ਵਿਛੋੜਿਆ ਸੂ !
ਇੱਛਰਾਂ ਸ਼ੁਕਰ ਸ਼ੁਕਰ ਕਰਦੀ,
ਲੈਂਦੀ ਲੱਖ ਲੱਖ ਮੁਬਾਰਕਾਂ, ਹਰ ਘੜੀ,
ਤੇ ਦਮ-ਬਦਮ ਪੁੱਤ ਆਪਣਾ ਮਾਂ ਪਾਲਦੀ ਸੀ,
ਮਾਂ ਪੁੱਤ ਨੂੰ ਭਲਾ ਕੌਣ ਵਿਛੋੜੇ ?

ਵਾਤਸਲ ਪਿਆਰ ਦਾ ਯੋਗ

ਪੂਰਨ ਇਕ ਪਿਆ ਭੋਰੇ, ਦੂਜਾ ਉਹੋ ਜਿਹਾ ਪੂਰਨ ਮਾਂ ਦੇ
ਪਿਆਰ ਨੇ, ਧਿਆਨ-ਜੰਮ ਮਾਂ ਨੇ ਆਪਣੀ ਝੋਲੀ ਪਾ ਲਿਆ।
ਪੁੱਤਰ ਪਾ ਝੋਲੀ, ਮਾਂ ਦਿਨ-ਰਾਤ ਥਬੋਕਦੀ, ਸਵਾਲਦੀ ਬੱਚੇ ਨੂੰ,
ਦੇਂਦੀ ਲੋਰੀਆਂ, ਮਾਂ—ਇੱਛਰਾਂ ਬੱਚਾ ਦਿਨ ਰਾਤ ਧਿਆਨ ਵਿਚ ਪਾਲਦੀ ਏ।
ਪੰਘੂੜੇ ਦਾ ਪੂਰਨ, ਮਾਂ ਝੂਟੇ ਝੁਲਾਂਵਦੀ ਏ।

ਕੱਪੜੇ ਬੱਚੇ ਦੇ ਬਣਾ ਬਣਾ, ਨਾਮ ਲੈ ਲੈ ਪੂਰਨ ਪਹਿਨਾਂਵਦੀ ਏ ।
ਕਦੀ ਪਾ ਝੋਲੀ ਸਵਾਲਦੀ ਏ, ਪੱਖਾ ਕਰੇ, ਡੋਲਦੇ ਨੂੰ ।
ਚਾ ਕੁੱਛੜ, ਮਹੱਲਾਂ ਵਿਚ ਉਹ ਟਹਿਲਾਉਂਦੀ ਏ ।
ਮਾਂ ਇੱਛਰਾਂ ਦਮ-ਬਦਮ ਸਦਕੇ, ਪੂਰਨ-ਪੁੱਤ ਥੀਂ ਸਦਕੇ ਜਾਉਂਦੀ ਏ ।
ਘੜੀ ਘੜੀ ਰੱਖਾਂ ਤੇ ਲੱਖਾਂ ਸ਼ਗਨ ਮਨਾਉਂਦੀ ਏ ।
ਦਿਨ ਰਾਤ ਪੂਰਨ ਪੂਰਨ ਕਰਦੀ, ਰੱਬ ਨੂੰ ਕੂਕਦੀ ਪੁਕਾਰਦੀ ਏ ।
ਉਠਾ ਪੱਲਾ ਆਪਣਾ, ਕੁੜਤੇ ਨੂੰ ਚੱਕ ਉਤੇ
ਪੁੱਤ ਪਾ ਝੋਲੀ, ਮੁੜ ਕੱਜ ਢੱਕ ਕੇ ਬੱਚੇ ਨੂੰ ਲਾ ਛਾਤੀ ਦੁੱਧ ਭਰੀ, ਮਾਂ ਦੁੱਧ ਪਿਆਲਦੀ ਏ ।
ਦੁੱਧ ਪੀ ਕੇ ਬੱਚਾ ਰੱਜ ਮਸਤ ਹੁੰਦਾ,
ਨਿੱਸਲ ਹੋ ਮਾਂ ਦੀ ਝੋਲ ਵਿਚ ਲੇਟਦਾ ਸ਼ਾਹਜ਼ਾਦਾ ।
ਖ਼ੁਸ਼ੀ ਬੱਚਾ ਹੱਸ ਕੇ ਮਾਂ ਵਲ ਵੇਖਦਾ ਹੈ,
ਦੇਖ ਖ਼ੁਸ਼ੀ ਬੱਚਾ ਮਾਂ ਚੱਕ ਦੋਹਾਂ ਬਾਹਾਂ ਵਿਚ ਉਲਾਰਦੀ ਏ ।
ਉਲਾਰ ਉਲਾਰ ਉਹਨੂੰ ਹਸਾਂਦੀ ਤੇ ਨਾਲੇ ਆਪ ਉਹ ਹੱਸਦੀ ਏ ।
ਪੀ ਦੁੱਧ ਬੱਚਾ ਨਿੱਸਲ ਹੋ ਝੋਲੀ ਵਿਚ ਜਦ ਸੌਂਦਾ
ਮਾਂ ਆਪਣੇ ਸਿਰ ਨੂੰ ਇਕ ਪਾਸੇ ਚਰਨ ਰੱਬ ਤੇ ਸੁਟ ਕੇ
ਅੱਖਾਂ ਨੀਵੀਆਂ ਕਰ, ਯੋਗ ਨੀਂਦਰ ਜਿਹੀ ਵਿਚ ਨੀਝ ਲਾ,
ਵਾਤਸਲ ਪਿਆਰ ਵਿਚ ਡੁੱਬੀ ਮਾਂ, ਬੱਚੇ ਨੂੰ ਦੇਖਦੀ ਹੈ,
ਅੱਖਾਂ ਖੱਲ੍ਹੀਆਂ ਅੱਧੀਆਂ ਜਿਹੀਆਂ, ਖਿੱਚੀਆਂ ਕਿਸੀ ਉਚਾਈ ਵਲ,
ਨਰਗਸੀ, ਨਰਮ, ਨਦਰਾਂ ਜੀਵਨ ਫੁਹਾਰ ਬੱਚੇ ਸੁੱਤੇ ਦੇ,
ਅੰਗ ਅੰਗ ਉਹ ਆਪਣਾ ਰੂਹ ਭਰਦੀ ਹੈ !
ਇਸ ਝੋਲ ਵਿਚ ਇਕ ਪਿਆਰ-ਪ੍ਰਕਾਸ਼ ਦੀ ਝੜੀ ਲਗੀ,
ਮਾਂ-ਸੁਰਤਿ ਇਉਂ ਬੱਚਾ ਪਾਲਦੀ ਹੈ
ਇੱਛਰਾਂ—ਮਾਂ ਬੱਚਾ ਪਾਲਦੀ ਹੈ
ਕਿ ਸਾਧਦੀ ਹੈ ਇਕ ਯੋਗ ਪੂਰਾ ?
ਉਹਦੇ ਸਵਾਸ ਵਿਚ ਪੂਰਨ, ਉਹਦੀ ਅੱਖ ਵਿਚ ਪੂਰਨ,
ਸੂਰਤ ਵਿਚ ਪੂਰਨ, ਦਿਲ ਵਿਚ ਪੂਰਨ, ਪੂਰਨ, ਪੂਰਨ ਗਾਉਂਦੀ ਹੈ ।
ਭੋਰਿਆਂ ਵਿਚ ਪਿਆ ਪੂਰਨ, ਇੱਛਰਾਂ ਮਾਂ ਦਾ ਧਿਆਨ ਪਾਲਦਾ,
ਮਾਂ ਰੱਬ ਦਾ ਰੂਪ ਹੁੰਦੀ, ਪਾਲਦੀ, ਜਫਰ ਜਾਲਦੀ, ਜਾਗਦੀ ਦਿਨ ਰਾਤ ।
ਸ਼ੁਕਰ ਸ਼ੁਕਰ ਕਰਦੀ ਦਿਨ ਰਾਤ, ਮੇਰਾ ਬੱਚਾ, ਤੇਰਾ ਬੱਚਾ ਆਖਦੀ ਹੈ ।

ਮਾਂ-ਦਿਲ

'ਮਾਂ-ਦਿਲ' ਵਿਚ ਪਿਆਰ ਹੁੰਦਾ ਸਦਾ ਇਕ ਬੱਚੇ ਦਾ ਆਪਣੇ ।
ਪਰ 'ਮਾਂ-ਦਿਲ' ਸਭ ਬੱਚਿਆਂ ਨੂੰ ਦੁੱਧ ਪਿਆਣ ਵਾਲਾ ।
ਜੀਵਣ ਸਭ ਬੱਚੇ, ਮਾਵਾਂ ਦੇ, ਹਰ ਮਾਂ ਆਖਦੀ,
ਤੱਤੀ 'ਵਾ ਨਾਂਹ ਲੱਗੇ ਕਿਸੇ ਨੂੰ, ਇਹ ਜਗ-ਦਿਲ ਮਾਂ ਦਾ,

ਇਕ ਨਿੱਕਾ ਜਿਹਾ ਦਿਲ ਜਿਹੜਾ ਕੁਲ ਆਲਮ ਨੂੰ ਠਾਰਦਾ,
ਸਮਾਧੀ ਮਾਂ ਦੇ ਵਾਤਸਲ-ਪਿਆਰ ਦੀ ਸਦਾ ਪੂਰਨ ।
ਨਿਰਵਿਕਲਪ 'ਨਿਰਚਾਹ' ਬੇਗਰਜ਼, ਉੱਚਾ, ਵੱਡਾ ਵਿਸ਼ਾਲ ਮਾਂ-ਦਿਲ ਹੈ ।
ਪਿਆਰ ਦੀ ਕੁੱਠੀ ਪਿਆਰ ਦੀ ਦਿਲ-ਰਾਤ,
ਮੈਲ ਸਾਰੀ ਧੋਂਦੀ, ਨਿੱਤ ਨਵਾਂ ਰੂਪ ਦਿੰਦੀ ਬਾਲ ਨੂੰ ।

ਮਾਂ ਦਾ ਹੁਨਰ

ਭਾਰੀ ਚਿੱਤਰਕਾਰ ਇਹ !
ਮਾਂ ਦਾ ਧਿਆਨ ਕਰਨਾ ਪਿਆ ਹੈ ਬੱਚੇ ਦੇ ਅਨੇਕ ਮੂਰਤਾਂ ਤੇ ਛਬੀਆਂ ਨਾਲ ।
ਉਹ ਬੱਚੇ ਦੇ ਨਕਸ਼ ਤੇ ਰੂਪ ਦਮ-ਬਦਮ ਘੜਦੀ, ਸੰਵਾਰਦੀ, ਬਣਾਂਦੀ, ਜਿਵਾਂਦੀ।
ਪਰ ਉਹ ਬੁੱਤ ਇਸ ਥਾਂ ਦਾ ਹੈ ਕਿਹਾ ਕਮਾਲ ਹੈ ?
ਜਦ ਮਾਂ ਟਕ ਬੰਨ੍ਹ ਕੇ ਬੱਚੇ ਨੂੰ ਝੋਲੀ ਆਪਣੀ ਵਿਚ ਦੇਖਦੀ,
ਇਹ ਅਰਸ਼ਾਂ ਦੀ ਕੋਈ ਮੂਰਤ,
ਉੱਤੋਂ ਉਪਰੋਂ ਉਤਰਦੀ ਮਾਂ ਦੀ ਅੱਖ ਵਿਚ,
ਉਹ ਮੂਰਤ ਨਿਰੰਕਾਰ ਦੀ ਮਾਂ-ਜੋਤ ਵਿਚ ਜਾਗਦੀ,
ਮਾਂ ਦੇ ਸਮੁੰਦਰਾਂ ਵਰਗੇ ਦਿਲ 'ਤੇ,
ਇਕ ਰੱਬ ਵਰਗੀ ਅੱਖ ਦਾ ਝਲਕਾਰ ਹੈ ।

ਮਾਂ ਇੱਛਰਾਂ

ਇੱਛਰਾਂ ਰਾਣੀ-ਮਾਂ, ਉੱਚੀ, ਲੰਮੀ, ਰਾਣੀ ਧੁਰ ਦੀ, ਦੈਵੀ ਸੁਭਾ, ਦੈਵੀ ਸੁਹੱਪਣ,
ਅੱਛੇ ਸੁਬਕ, ਅਰਸ਼ੀ ਨਕਸ਼ ਕੰਵਲ ਨੈਣੀ, ਕੋਮਲ ਬਚਨੀ, ਰਾਣੀ ਪੂਰੀ,
ਮਾਂ ਪੂਰੀ, ਤੇਜ ਦਾ ਮਿੱਠਾ, ਉੱਚਾ, ਦਾਤਾ ਪ੍ਰਭਾਵ ਹੈ ।
ਗੰਭੀਰਤਾ, ਸੀਤਲਤਾ, ਉਦਾਰਤਾ ਬਖ਼ਸ਼ਣਾ ਸੁਭਾ ਹੈ,
ਉੱਚੀ ਹੋਰ ਹੋਈ ਮਾਂ ਬਣ ਕੇ ਸਹਿਜ ਸੁਭਾ ਪੁੱਤਰ ਥੀਂ ਵਿੱਛੜ ਕੇ ਸਿੱਖੀ,
ਅੰਦਰੋਂ ਆਪਣਿਉਂ ਯੋਗ ਸਾਰਾ, ਧਾਰਨਾ, ਧਿਆਨ ਤੇ ਸਮਾਧੀਆਂ ।
ਕੁਝ ਆਈ ਧੁੰਧਲੀ, ਧੁੰਧਲੀ ਆਪੇ ਦੇ ਵੱਸ ਨਾਂਹ, ਪਿਆਰ ਦੀ ਪਿਆਰ ਖੇਡ ਸੀ,
ਇਕ ਸਰਬੱਗਜਤਾ ਦਾ ਪੁੱਤਰ ਦੇ ਹਾਲ ਦੀ ।
ਬਿਨ ਦੇਖੇ ਜਾਣਦੀ ਵੱਲ ਹੈ, ਬੀਮਾਰ ਹੈ, ਬਿਨ ਦੇਖੇ ਦੇਖਦੀ, ਖ਼ੁਸ਼ ਹੈ ਕਿ ਰੋਂਦਾ
ਇਸ ਘੜੀ
ਇੱਛਰਾਂ ਰਾਣੀ, ਦੇਵੀ, ਮਾਂ ਯੋਗਣੀ, ਭਗਤ, ਦਾਤਾ, ਸੂਰਮਤ ਹੈ ।

ਮਾਂ ਦਾ ਪਿਆਰ, ਯੋਗ ਤੇ ਚਿਤ ਦੇ ਟਿਕਾਣ ਦੇ ਸਾਧਨ

ਠੀਕ ! ਮਾਂ ਦਾ ਪਿਆਰ-ਯੋਗ ਇਕ ਸਹਿਜ-ਯੋਗ ਹੈ ।

ਮਨ ਨੂੰ ਟਿਕਾਣਾ, ਚਿੱਤ ਨੂੰ ਸੰਭਾਲਣਾ, ਇਹ ਕੰਮ ਤਾਂ ਬੱਸ ਮਨੁੱਖ ਹੋਣ, ਸੱਭਯ
ਅਸੱਭਯ ਦਾ ਫ਼ਰਕ ਹੈ, ਇਹ ਕੋਈ ਕਰਾਮਾਤ ਨਹੀਂ ।
ਕਰਾਮਾਤ ਇਕ ਬੱਸ ਪਿਆਰ ਹੈ !
ਜਿਹੜਾ ਦਿਲ ਦੀ ਟੋਹ ਨਾਲ ਸਭ ਕੁਝ ਜਾਣਦਾ ।

ਪਿਆਰ ਵਿਚ ਡੁੱਲ੍ਹਣਾ ਮਾਂ ਵਾਂਗ, ਹਾਂ ! ਇੱਛਰਾਂ-ਮਾਂ ਵਾਂਗ ਹੋਣਾ ਯੋਗ ਦਾ
ਅੰਦਰਲਾ ਰਹੱਸ ਹੈ,
ਘੁਲ ਘੁਲ ਘੁਲਣਾ ਪਿਆਰ ਵਿਚ, ਵਿੱਛੜ ਵਿੱਛੜ
ਮਿਲਣਾ ਪਿਆਰ ਵਿਚ ।
ਤੇ ਭੰਨ ਭੰਨ ਆਪਾ, ਬਨਾਣਾ, ਮੁੜ ਮੁੜ ਪਿਆਰ ਵਿਚ ।
ਤੇ ਪੈਦਾ ਕਰਨਾ ਆਪਣੇ ਧਿਆਨ ਦਵਾਰਾ, ਸਮਾਧੀਆਂ ਦੀ ਨੀਂਦਰ ਦਾ ਪੁਤਲਾ
ਇਕ ਬੰਦਾ ਰੱਬ ਦੇ ਪਿਆਰ ਵਾਲਾ, ਟਿਕਾਉ ਵਾਲਾ, ਦਿਲ ਵਾਲਾ,
ਸੂਰਮਾ; ਉੱਚੀ ਜਿਹੀ, ਤਹਿਲਦਾਰ ਹੀਰੇ ਵਰਗੀ ਕਣੀ ਤੇ ਚਮਕਦਾਰ
ਸਫ਼ਟਕ ਮਣੀ ਜਿਹੀ ਰੂਹ ਕੋਈ ।
ਇਹ ਤਾਂ ਯੋਗ ਕੁਝ ਕੰਮ ਕਰਦਾ, ਸੰਵਾਰਦਾ, ਪਰ ਮੂਧੇ ਮੱਥੇ ਪੈ ਬੇਹੋਸ਼ ਜਿਹਾ,
ਸੁਧ ਬੁਧ ਵਿਸਾਰ; ਹੋਂਦ ਨੂੰ ਗਵਾਣਾ, ਹੀਰੇ ਨੂੰ ਕੁਟ ਕੁਟ ਖੋਹ ਜਿਹੀ
ਵਿਚ ਰੁਲਾਣਾ, ਮੁੜ ਜਿਥੋਂ ਜਤਨਾਂ ਨਾਲ ਲੱਭਿਆ, ਇਹ ਕੁਝ ਯੋਗ
ਨਹੀਂ ? ਹੋਸੀ, ਸਾਨੂੰ ਹਾਲ ਉਹ ਦੂਜੇ ਜੋਗ ਦੀ ਲੋੜ ਨਾਂਹ,
ਮਾਂ ਦੇ ਦਿਲ ਦਾ ਯੋਗ ਦੇਖੋ ਕਿਹਾ ਠੀਕ ਉਤਰਦਾ,
ਹਾਂ ! ਮਾਂ ਦੀ ਨਦਰ ਵਿਚ ਇਕ ਡੂੰਘਾ ਕੋਈ ਅਸਰਾਰ ਹੈ !
ਰੱਬ ਆਪ ਉਤਰਦਾ ਮਾਂ ਦੇ ਦਿਲ ਵਿਚ, ਉਹਦੀ ਬਾਹਾਂ ਵਿਚ ਝੋਲ ਵਿਚ,
ਰੱਬ ਆਪ ਮਾਂ ਦੀ ਨਦਰ ਉੱਚੀ ਕਰਦਾ—ਸਿੱਧੀ,
ਮਾਂ ਰੱਬ ਦਾ ਕੋਈ ਡਾਢਾ ਸੋਹਣਾ ਆਵੇਸ਼ ਹੈ ।
ਮਾਂ ਸਹਿਜ ਸੁਭਾ ਯੋਗੀ ਪਿਆਰ ਦੀ,
ਰੱਬ ਦੇ ਰਚਾਏ ਜੱਗ ਦੀ ਪੂਰਣਤਾ,
ਮਾਂ ਵਿਚ ਰੱਬ ਆਪ, ਹਰ ਬਾਲ ਲਈ ਨਿੱਤ-ਅਵਤਾਰ ਹੁੰਦਾ,
ਮਾਂ ਦਾ ਦਿਲ ਇਉਂ ਬੱਸ ਰੱਬ ਹੈ ।
ਮਾਂ ਦੀ ਲੋਰੀ ਬਾਣੀ ਆਕਾਸ਼ ਦੀ ।
ਮਾਂ-ਦਿਲ, ਮਾਂ-ਪਿਆਰ, ਮਾਂ ਦੀਆਂ ਛਾਵਾਂ, ਮਾਂ ਦੀ ਅਸੀਸ,
ਇਹ ਗੱਲਾਂ ਉੱਚੀਆਂ, ਬੇ-ਕੀਮਤੀਆਂ, ਇਹ ਮਾਂ ਹੋਣ ਦੀ ਕਲਾਮ ਕਮਾਈ ਹੈ ।
ਕਿਸੇ ਦੀ ਗਹਿਲ ਹੋਣਾ ਇਹ ਤਪ ਹੈ, ਪਰ 'ਮਾਂ' ਹੋਣਾ ਜੀਊਂਦੀ ਹੈ ਪੂਰੀ
ਪੂਰਣਤਾ, ਸਿੱਧੀ ਸਫ਼ਲ ਹੈ ।
ਮਾਂ ਹੋਣਾ ਉੱਚਾ ਸਭ ਥੀਂ ਵੱਧ ਹੈ ।
ਮਾਂ ਹੋਣ ਨੂੰ ਲੋਚਣਾ ਇਹ ਉੱਚੀ ਅਰਦਾਸ ਹੈ, ਉੱਚਾ ਕਰਦੀ ।
ਠੀਕ, ਰੱਬ ਵੀ ਮਾਂ-ਕੁੱਖ ਆਉਂਦਾ ਪੁੱਤਰ ਰੱਬ ਦਾ ਜੱਗ ਵਿਚ ਆਉਂਦਾ,
ਇਹ ਉਹ ਵੇਦੀ ਹੈ ਜਿਥੋਂ ਜਗਤ ਸਾਰਾ, ਰੂਪ ਰੰਗ ਵਿਚ ਬਣ ਬਣ ਨਿਖਰਦਾ,

ਮਾਂ ਹੋਣਾ ਧੀ-ਭੈਣ ਦਾ ਇਕ ਦੇਵੀ ਰਾਜ ਹੈ,
ਇਹੋ ਦੇਵੀ, ਇਹੋ ਕੰਨਿਆਂ, ਇਹੋ ਭਵਾਨੀ, ਇਹੋ ਦੁਰਗਾ, ਇਹੋ ਮਾਂ ਹੈ।

ਰਾਣੀ ਇੱਛਰਾਂ

ਹਾਂ, ਰਾਣੀ ਇੱਛਰਾਂ ਮਾਂ ਸੀ, ਦੇਵੀ, ਭਵਾਨੀ, ਦੁਰਗਾ, ਤਪੱਸ੍ਵਨੀ, ਯੋਗਨੀ ਸਭ ਸੀ।
ਰੱਬ—ਉਹ ਵਿਰਲੀ, ਅਮੋਲਕ-ਮਾਂ ਸੀ,
ਰੱਬ ਵਾਂਗੂੰ ਅਣਡਿੱਠੇ ਪੂਰਨ ਨੂੰ ਪਾਲਦੀ,
ਸੁਹਣੀ ਕੇਹੀ ਗੱਲ ਹੈ।
ਰੱਬ ਤਾਂ ਦਿੱਸਦਾ, ਪਾਲਦਾ, ਰੱਖਦਾ,
ਤੇ ਬੰਦਾ ਜਿਹੜਾ ਪਾਲਦਾ ਉਸ ਦੀ ਝੋਲ ਵਿਚ ਅੱਜ ਉਹ ਅਣਡਿੱਠ ਹੈ,
ਰੱਬ ਸਾਹਮਣੇ ਦਿੱਸਦਾ।

੨. ਸਾਲਵਾਹਨ ਰਾਜਾ ਤੇ ਲੂਣਾਂ ਰਾਣੀ

ਰਾਜਾ ਸਾਲਵਾਹਨ ਲੱਗਾ ਸੀ ਇਸ ਸਮੇਂ,
ਰਾਣੀ ਇੱਛਰਾਂ ਪੂਰਨ ਦੀ ਮਾਂ ਨੂੰ ਛੱਡ,
ਛੱਡ ਰਾਣੀ ਦੀ ਉੱਚੀ ਚਮਕਦੀ, ਹੀਰੇ ਵਰਗੀ ਸ਼ਾਨ ਨੂੰ
ਕੰਡ ਦੇ ਸੂਰਜ ਵਰਗੀ ਰਾਣੀਅਤ ਨੂੰ,
ਇਕ ਨਵੀਂ ਵਿਆਹੀ ਦਾ ਮਹੱਲ ਬਣਾਉਂਦਾ!
ਲੂਣਾਂ ਨਾਮ ਓਸ ਅੱਗ ਦੀ ਪੁਤਲੀ ਦਾ ਸ਼ੋਖ਼, ਚੰਚਲ,
ਰਾਜਾ ਓਸ ਬੁੱਤ ਦਾ ਸਦਾ ਬੁੱਤਖ਼ਾਨਾ ਟੋਲਦਾ!
ਰਹਿੰਦਾ ਸਦਾ ਉਹ, ਓਸ ਛੱਲ ਦੇ ਬੁੱਤ ਪਾਸ, ਉਹਦੀ ਪੂਜਾ ਦਿਨ ਰਾਤ ਕਰਦਾ,
ਨਿੱਕੇ ਨਿੱਕੇ ਦੀਵੇ ਬਾਲਦਾ ਤੇ ਦੀਵੇ ਦੀ ਲਾਟ ਵਿਚ ਦੇਖਦਾ
ਓਸ ਪੱਥਰ ਦੇ ਬੁੱਤ ਨੂੰ;
ਪੱਥਰ ਪੂਜ ਪੂਜ, ਹੌਲੇ ਹੌਲੇ, ਸਾਲਵਾਹਨ ਦੀ ਹੋਸ਼ ਗੁੰਮਦੀ।
ਸੱਚੀ ਸੁਹੱਪਣ, ਦੈਵੀ ਬਰਕਤ ਨੂੰ ਕੰਡ ਦੇ ਸਾਲਵਾਹਨ ਬੁੱਤ ਵਿਚ ਰੀਝਦਾ!
ਦਿਨ ਬਦਿਨ ਜਾਂਦਾ ਸੀ ਮਰਦਾ, ਦਿਲ ਹਿਸ ਰਿਹਾ ਸੀ, ਦਿਮਾਗ਼ ਵੀ।
ਰੂਹ ਸਾਲਵਾਹਨ ਦੇ ਪੈਂਦੀ ਪਈ ਸੀ ਅੱਗ, ਹੱਡੀਆਂ ਨੂੰ ਸਾੜਦੀ।
ਸਾਲਵਾਹਨ ਭੁੱਲਿਆ ਕਿ ਨਵੀਂ ਜਿੰਦ ਮੁੜ ਆਉਂਦੀ ਬੁੱਤ ਦੀ ਪੂਜਾ ਥੀਂ।

ਲੂਣਾਂ

ਲੂਣਾਂ, ਬੱਸ ਪੱਥਰ ਦਾ ਬੁੱਤ, ਨਿਰਜਿੰਦ, ਨਿਰਦਿਲ, ਹੋਣੀ ਦਾ ਬੁੱਤ ਸੀ,
ਛਲ ਸੀ ਜਿਹੜਾ ਰਾਜੇ ਘਰ ਪਾਇਆ, ਇਕ ਹੈਵਾਨ ਸੀ ਆਪ ਮਤੀ,
ਖਾਣ ਜਾਣਦੀ, ਦੂਜਿਆਂ ਨੂੰ ਮਰਨਾ, ਜਿੰਦਾਂ ਵੀਟਣੀਆਂ ਆਪਣੀ ਖ਼ੁਸ਼ੀ ਲਈ,

ਰੱਬ ਦਾ ਨਾ ਡਰ, ਨਾ ਭੈ ਕਿਸੇ ਦਾ, ਆਪਣੀ ਹੈਵਾਨੀ ਜਵਾਨੀ ਵਿਚ,
ਬੱਜਰ ਦਿਲ, ਬੱਜਰ-ਦਿਮਾਗ, ਬੱਜਰ-ਅੰਗ, ਆਪਣਾ ਮਤਲਬ ਸਾਧਦੀ,
ਅੰਦਰ ਦੀ ਜੋਤ ਬੁਝੀ ਹੋਈ ਲੂਣਾਂ ਦੀ, ਮਿੱਟੀ ਦਾ ਕੀੜਾ,
ਰੂਹ ਸੈਲ ਪੱਥਰ ਹੋਇਆ ਹੋਇਆ,
ਇੰਨੀ ਆਪ ਮੁਹਾਰੀ, ਖ਼ੁਦ ਗਰਜ਼, ਮਾਂ ਹੋਣ ਦੀ ਚਾਹ ਕਦੀ ਉਸ ਨੂੰ ਉਠ
ਨਹੀਂ ਸੀ ਸਕਦੀ।
ਨੈਣਾਂ, ਬੈਨਾਂ, ਅੰਗਾਂ ਦੀ ਚਤੁਰਤਾ, ਸੁਹਣੀ ਵਾਂਗ ਸੱਪ ਸੀ,
ਕਹਿਰ ਸੀ, ਤ੍ਰਿੱਖੀ ਵਾਂਗ ਤਲਵਾਰ ਸੀ,
ਭਵਾਂ ਚਾੜ੍ਹ, ਸੁਰਮਾਂ ਪਾ, ਅੱਖਾਂ ਵਿਚ ਜਦ ਬਹਿੰਦੀ।
ਕਮਰ ਪਤਲੀ, ਉੱਚੀ ਉਭਰੀ ਭਰੀ ਛਾਤੀ,
ਉਹ ਵਗਦੀ ਸੀ ਦਿਨ ਰਾਤ ਵਾਂਗ ਬਰਛੀਆਂ,
ਮਾਸ ਖਾਣੀ ਜਾਨਵਰ, ਬੇਤਰਸ, ਬੇਰਹਿਮ, ਸਵਾਰਥ ਦੀ ਪੁਤਲੀ,
ਹੁਣੇ ਬਣੀ ਬੁੱਤ-ਇਨਸਾਨ ਸੀ, ਜਾਨ ਇਨਸਾਨੀ ਨਹੀਂ ਹਾਲੇ ਜਾਗੀ ਸੀ।
ਬੱਸ ਆਪਣੇ ਨੈਣਾਂ 'ਤੇ ਵਾਰਦੀ ਲੱਖਾਂ ਜਾਨਾਂ,
ਆਪਣੇ ਅੰਗਾਂ ਦੇ ਚਾਅ ਵਿਚ ਸਦਕੇ ਕਰਦੀ ਸਭ ਕੁਝ ਸੀ,
ਆਪਣੇ ਮੂੰਹ ਤੁੱਲ ਨਾ ਸਮਝਦੀ ਚੰਨ ਸੂਰਜ ਨੂਰ ਵੀ,
ਰੱਖ ਸ਼ੀਸ਼ਾ ਸਾਹਮਣੇ ਪਹਿਲਾਂ ਇਹ ਮੰਤਰ ਉਚਾਰਦੀ,
ਮੇਰਾ ਜਿਹਾ ਸੁਹਣਾ ਹੋਰ ਕੋਈ ਨਾਂਹ ਜੱਗ 'ਤੇ;
ਸਹਾਰ ਨਾ ਸਕਦੀ ਕੋਈ ਮੁਕਾਬਲਾ, ਰੀਸ ਜਿਹੜਾ ਕਰੇ ਉਹਦੀ ਉਹ ਵੈਰੀ,
ਸਾੜ ਦਿਲ ਵਿਚ ਭਰੀ,
ਕਦੀ ਅਲਸ, ਅਲਸ ! ਬਾਹਾਂ ਚੁੱਕ ਚੁੱਕ ਇਕਾਂਤ ਵਿਚ,
ਅੱਧ ਕੱਜੀ, ਅੱਧ ਨੰਗੀ, ਆਪੇ ਨੂੰ ਸ਼ੀਸ਼ੇ ਵਿਚ ਦੇਖਦੀ,
ਕਦੀ ਲੇਟ ਜਾਂਦੀ ਸ਼ੀਸ਼ੇ ਸਾਹਮਣੇ, ਇਕ ਪਾਸੇ ਸਿਰ ਰੱਖ
ਆਪਣੀ ਬਾਹਾਂ ਦੀਆਂ ਵੰਗਾਂ ਤੇ ਚੂੜੀਆਂ 'ਤੇ,
ਇਕ ਲੂਣਾਂ ਦੀ ਲੱਖ ਲੂਣਾਂ ਹੁੰਦੀ, ਵੰਨ ਵੰਨ ਕੇ ਕਪੜੇ ਪਾਂਦੀ,
ਵੰਨ ਵੰਨ ਦੀ ਤਰਜ਼ਾਂ ਬਦਲਦੀ, ਬੈਠਣ ਉਠਣ, ਖਲੋਣ ਤੇ ਚੱਲਣ ਦੀਆਂ
ਮੁੜ ਮੁੜ ਛਣਕਾਂਦੀ ਵੰਗਾਂ, ਮੁੜ ਮੁੜ ਆਪਣੀਆਂ ਵੀਣੀਆਂ ਨੂੰ ਤੱਕਦੀ,
ਕਦੀ ਹੱਸਦੀ ਤੇ ਸ਼ਰਮਾਂਦੀ, ਨਟੀ ਵਾਂਗ, ਦੇਖੇ ਮਿਲਦੀਆਂ ਲਾਲੀਆਂ, ਹੋਠਾਂ
'ਤੇ ਮੂੰਹ 'ਤੇ ਅੱਖਾਂ ਦੀਆਂ ਆਪਣੀਆਂ।
ਸ਼ਿੰਗਾਰਦੀ, ਸੰਵਾਰਦੀ ਵਾਲ ਆਪਣੇ, ਖੋਲ੍ਹ ਖੋਲ੍ਹ, ਗੁੰਦ ਗੁੰਦ, ਸੁਟਦੀ ਇਧਰ
ਉਧਰ ਜ਼ੁਲਫਾਂ ਆਪਣੀਆਂ ਕਾਲੀਆਂ,
ਅਕੱਜੀ ਹੋ ਹੋ ਬਹਿੰਦੀ ਘੜੀ ਘੜੀ, ਪੁਸ਼ਾਕਾਂ ਬਦਲਦੀ ਹਜ਼ਾਰ, ਇਕ ਦਿਨ ਵਿਚ
ਚੁਣਦੀ ਲਾ ਘੰਟੇ ਰੰਗ ਆਪਣੇ ਦੁਪੱਟਿਆਂ ਦਾ,
ਤੇ ਮੁੜ ਮੁੜ ਦੇਖਦੀ ਲਹਿੰਗੇ ਦੀਆਂ ਫਬਣਾਂ,
ਬੱਸ ਗਹਿਣੇ, ਕੱਪੜੇ, ਮੁੜ ਮੁੜ ਬੰਨ੍ਹਣਾਂ, ਇਹ ਸਰੋਕਾਰ ਹੈ,
ਸੌ ਸੌ ਗੋਲੀਆਂ ਪਾਸ ਲੂਣਾਂ ਦੇ, ਸਭ 'ਤੇ ਜ਼ਾਲਮ, ਸਭ ਨੂੰ ਤੰਗ ਕਰਦੀ ਆਪਣੇ
ਸੁੱਖ ਲਈ; ਬੇਸਬਰ; ਚੰਚਲ ਹਰ ਘੜੀ,

ਕਦੀ ਨਾਚ ਹੋ ਰਿਹਾ ਹੈ ਨਾਲ ਗੋਲੀਆਂ,
ਦਿਨ ਰਾਤ ਲੂਣਾਂ ਨੂੰ ਇਕ ਅੱਗ ਜਿਹੀ ਲੱਗੀ, ਨੱਸਦੀ, ਭੱਜਦੀ,
ਤੇ ਚਾਹੇ ਅੰਗ ਅੰਗ ਨੂੰ ਕਿਸੇ ਵਧੇਰੀ ਅੱਗ ਨਾਲ ਠਾਰਨਾ,
ਅੱਗ ਖਾਂਦੀ, ਅੱਗ ਪੀਂਦੀ, ਪਾਣੀ ਨਾ ਲੋਚਦੀ, ਠੰਢ ਦੀ
ਉਹਨੂੰ ਲੋੜ ਨਾਂਹ,
ਤੇ ਖਾ ਖਾ ਅੱਗ ਦੇ ਅੰਗਾਰੇ ਖ੍ਵਾਹਸ਼ਾਂ ਹੋਰ ਹੋਰ ਵਧਦੀਆਂ
ਦਿਨ ਰਾਤ ਦਿਲ ਓਸ ਦਾ ਬਲਦਾ ਇਕ ਉੱਚੀ ਉੱਚੀ ਭਾਂਬੜ,
ਮੁੜ ਹੋਰ ਅੱਗ ਖਾਣ ਨੂੰ ਮੰਗਦਾ,
ਲੂਣਾਂ ਅੱਗ ਦੀ ਨਾਰ, ਖਾ ਖਾ ਸ਼ੂਕਦੀ, ਸ਼ੋਖਦੀ ਹੱਦ ਨਾਂਹ,
ਤੇ ਛਲ ਬਲ ਕਰਦੀ ਲੱਖਾਂ ਉਹ ਘੜੀ ਘੜੀ,
ਕੂੜ ਕਰਦੀ ਕੂੜ ਸੋਚਦੀ, ਕੂੜ ਕਲਜੁਗ ਦੀ ਪੁਤਲੀ !

ਰਾਜਾ ਸਾਲਵਾਹਨ ਦੀ ਇਖ਼ਲਾਕੀ ਮੌਤ

ਜਿਉਂ ਜਿਉਂ ਲੂਣਾ ਬਦਲੀ ਤਿਉਂ ਤਿਉਂ ਰਾਜਾ ਸਾਲਵਾਹਨ ਇਕ ਅੱਗ ਜਿਹੀ
ਸੇਕਦਾ, ਉਮਰ ਦੇ ਸਿਆਲੇ ਦਾ ਠਰਿਆ, ਕਹਿੰਦਾ ਕਿਹਾ ਆਰਾਮ ਹੈ ।
ਲੂਣਾਂ ਰਾਜੇ ਥੀਂ ਵੱਧ ਕੁਝ, ਉਹਨੂੰ ਹੋਰ ਹੋਰ ਕਾਬੂ ਕਰਦੀ,
ਆਪਣੇ ਮੂੰਹ ਤੇ ਜੁੱਸੇ ਦੇ ਲਾਲਚ ਜਿਹੇ ਵਿਚ ਕੈਦ ਰੱਖਿਆ ਸੀ
ਸਾਲਵਾਹਨ ਨੂੰ ਇਕ ਜਾਦੂ ਜਿਹੇ ਵਿਚ,
ਆਦਮੀ ਦਾ ਲੇਲਾ, ਲੇਲੇ ਦਾ ਖੋਤਾ, ਮਰਦ ਥੀਂ ਨੀਵਾਂ ਨੀਵਾਂ ਰੋਜ਼ ਹੈਵਾਨ
ਉਹਨੂੰ ਬਣਾਉਂਦੀ, ਆਪੇ ਜਿਹਾ ਕਰਦੀ,
ਫ਼ਰੇਬ ਲੱਖਾਂ ਕਰਦੀ, ਵਫ਼ਾਦਾਰੀ ਦੀਆਂ ਗੱਲਾਂ, ਅਨੇਕ ਮੁੜ ਮੁੜ ਦਿਲ ਨੰਗਾ
ਕਰ ਕਰ ਦੱਸਦੀ, 'ਮੈਂ ਤੇਰੀ' ਆਖਦੀ ।
ਲੂਣਾਂ ਨੇ ਰਾਜੇ ਨੂੰ ਪੂਰਾ ਕਾਬੂ ਕੀਤਾ.
ਰਾਜੇ ਦੇ ਨੈਣ ਨਾ ਰਹੇ, ਨਾ ਦਿਲ ਰਿਹਾ, ਨਾ ਸਿਰ ਰਿਹਾ ਆਪਣਾ,
ਲੂਣਾਂ ਬੈਠੀ ਰਾਜ ਕਰਦੀ, ਸਾਲਵਾਹਨੀ ਤਖ਼ਤ 'ਤੇ,
ਲੂਣਾਂ ਜ਼ਹਿਰ ਸੀ ਮਿੱਠਾ, ਮਾਸ, ਹੱਡੀ ਰਾਜੇ ਦਾ ਥੋਥਾ ਕਰ ਰਹੀ ਸੀ,
ਰਾਜਾ ਸਾਲਵਾਹਨ ਭੁਲੇਖੇ ਵਿਚ ਮਰ ਗਿਆ, ਧਰਮ, ਕਰਮ, ਇਨਸਾਫ਼, ਕਾਨੂੰਨ
ਕੰਮ, ਰਾਜ, ਰਾਜਨੀਤੀ, ਹੁਕਮ ਸਭ, ਇਕ ਲੂਣਾਂ ਲੂਣਾਂ ਹੋ ਰਹਿਆ !!

ਪੂਰਨ ਦਾ ਜਵਾਨ ਹੋ ਭੋਰਿਓਂ ਬਾਹਰ ਆਉਣਾ

ਪੂਰਨ, ਸੂਰਜ ਇੱਛਰਾਂ ਮਾਂ ਦੀ ਗੋਦ ਦਾ,
ਪੂਰਾ ਲਸਦਾ ਡਲ੍ਹਕਦਾ, ਭੋਰਿਓਂ ਬਾਹਰ ਨਿਕਲ, ਉਹ ਚੜ੍ਹ ਆਇਆ ।
ਸਭ ਨੂੰ ਉੱਚਾ ਦਿੱਸੇ, ਹੱਥ ਦੀ ਛੋਹ ਥੀਂ ਗਗਨਾਂ ਉੱਚਾ,
ਤੇ ਉਹਦੀ ਪੂਰਨ ਜਵਾਨੀ ਦੀ ਭਖਦੀ ਲੋਅ ਸਭ ਨੂੰ ਲਗਦੀ,

ਖ਼ਲਕ ਦਾ ਦਿਲ ਖ਼ੁਸ਼ੀ ਹੋਇਆ, ਸਭ ਸਿਰ ਪੂਰਨ ਅੱਗੇ ਨਿੰਵਦੇ,
ਬਨਾਣ ਵਾਲੇ ਕਾਦਰ ਦਾ ਜਲਵਾ ਬਣਤ ਵਿਚ ਦਿੱਸੇ,
ਅੱਖਾਂ ਚਕਾਚੂੰਧ ਹੋਣ, ਪੂਰਨ ਦੀ ਜਵਾਨੀ ਪੂਰੀ ਲਸਦੀ,
ਕਈ ਵਰ੍ਹਿਆਂ ਦੇ ਜਿਹੜੇ ਮਹਿਲ ਇੱਛਰਾਂ ਦੇ ਯੋਗ ਦੀਆਂ ਕੰਦਰਾਂ ਬਣੇ ਸਨ,
ਉਹ ਅੱਜ ਖ਼ੁਸ਼ੀ ਦੇ ਅਰਸ਼ ਵਿਚ ਉੱਠ ਚੜ੍ਹੇ,
ਇੱਛਰਾਂ—ਮਹਿਲ ਦੇ ਕੰਧ ਕੋਠੇ, ਬੂਹੇ ਤੇ ਬਾਰੀਆਂ, ਵਾਂਗ ਜੀਂਦੇ ਬੰਦਿਆਂ ਦੇ
ਖ਼ੁਸ਼ੀ ਦੀਆਂ ਹੇਕਾਂ ਲਾਉਂਦੇ ।
ਨਿੱਕਾ ਜਿਹਾ ਸਾਵਾ ਘਾਹ ਵੀ ਆਪਣੀ ਨਿੱਕੀ ਨਿੱਕੀ ਜੰਘਾਂ 'ਤੇ ਖਲੋ ਕੇ, ਸਿਰ
ਚੁੱਕ ਚੁੱਕ ਦੇਖਦਾ
ਕੱਖ ਗਲੀਆਂ ਨੂੰ ਅੱਜ ਪਰ ਲੱਗੇ, ਉੱਡ ਉੱਡ ਦੇਖਦੇ,
ਪੂਰਨ ਦਾ ਪ੍ਰਭਾਵ ਕੋਈ ਕਲਾਵਾਨ ਸੀ,
ਖ਼ੁਸ਼ੀਆਂ ਆਪ ਮੁਹਾਰੀਆਂ, ਥਾਂ ਥਾਂ, ਘਰ, ਘਰ, ਝੁੱਗੀ ਝੁੱਗੀ ਫੁਟਦੀਆਂ ਸਨ,
ਰੱਬ ਯਾਦ ਆਉਂਦਾ ਸੀ, ਰੱਬ ਚੰਗਾ ਲੱਗਦਾ ਸੀ, ਪਿਆਰ ਦੀਆਂ ਕਚੀਚੀਆਂ
ਖ਼ਲਕ ਵਟਦੀ,
ਪੂਰਨ ਦੇਖ ਦੇਖ ਨਿਗਾਹਾਂ ਖ਼ਲਕ ਦੀਆਂ ਨਾ ਰੱਜਦੀਆਂ,
ਉਹਦਾ ਦਰਸ਼ਨ ਮੁੜ ਮੁੜ ਭੁੱਖ ਲਾਂਦਾ ਸੀ;
ਖ਼ਲਕ ਟੁੱਟ ਟੁੱਟ ਪੈਂਦੀ ਵਲ ਮਹਿਲਾਂ;
ਪਰ ਕੋਈ ਕੋਈ ਬੁੱਢਾ ਆਖਦਾ ਰੱਬ ਮਿਹਰ ਕਰੇ,
ਖ਼ੁਸ਼ੀ ਅਤਿ ਦੀ ਹੈ, ਇਹੋ ਜਿਹੀ ਖ਼ੁਸ਼ੀ ਰਹਿੰਦੀ ਏ ਥੋੜਾ ਚਿਰ,
ਇਹੋ ਜਿਹੇ ਸੁਹੱਪਣ ਤੇ ਚਾਅ ਨੂੰ ਧਰਤ 'ਤੇ ਹੈ ਥਾਂ ਘੱਟ,
ਵੇਲਾ ਮੰਗਲ ਦਾ, ਅਕੱਥਨੀਯ ਅੱਜ, ਮੁੜ ਹੱਥ ਨਹੀਂ ਆਉਣਾ,
ਰੱਬ ਮਿਹਰ ਕਰੇ, ਕੋਈ ਵਿਘਨ ਨਾ ਪਵੇ, ਪੂਰਨ ਦੇ ਰਾਜ਼ ਤਿਲਕ ਲੈਣ ਵਿਚ ।

ਰਾਜਾ ਸਾਲਵਾਹਨ ਤੇ ਪੂਰਨ ਪੁੱਤ ਰਾਜਾ

ਬੈਠ ਇੱਛਰਾਂ ਦੇ ਮਹਿਲ, ਮਾਂ, ਪਿਉ, ਪੁੱਤ ਤਿੰਨੇਂ,
ਮਿੱਠੀਆਂ ਮਿੱਠੀਆਂ ਗੱਲਾਂ ਵਿਚ ਲੱਗੇ ਹੀ ਸਨ,
ਕਿ ਰਾਜਾ ਸਾਲਵਾਹਨ ਪੁੱਤ ਨੂੰ ਝੋਲੀ ਲੈ ਆਖਦਾ,
ਮਾਂ ਆਪਣੀ ਦਾ ਪੁੱਤ ਤੂੰ ਬੱਚਾ, ਇਹ ਰਾਣੀ, ਦੇਵੀ ਇੱਛਰਾਂ ਮਾਂ ਤੇਰੀ, ਪਰ
ਪਹਿਲੇ ਦੇਰ ਨਾ ਲਾ, ਜਾਹ ਮਿਲ ਪੁੱਤਰਾ ! ਲੂਣਾਂ ਮਾਂ ਮਤੇਈ ਨੂੰ ਤੂੰ,
ਜਿਸ ਦੀ ਗੋਦ ਹਾਲੇ ਸੱਖਣੀ, ਬੱਚਾ ਉਹ ਆਖਦੀ ਪੂਰਨ ਪੁੱਤ ਮੇਰਾ,
ਉਹ ਵਧ ਇੱਛਰਾਂ ਥੀਂ ਮਾਂ ਤੇਰੀ, ਸਦਾ ਯਾਦ ਕਰਦੀ, ਪੂਰਨ ਬੱਚਾ ਮੇਰਾ,
ਇਹ ਮੇਰੇ ਦਿਲ ਦੀ ਚਾਹ ਪੁੱਤਰਾ, ਉਠ, ਜਾਹ ਲੂਣਾਂ ਰਾਣੀ ਦੇ ਮਹਿਲ ਨੂੰ ।

ਇੱਛਰਾਂ ਰਾਣੀ ਦਾ ਤੌਖ਼ਲਾ ਤੇ ਡਰ ਅੰਦਰ ਹੀ ਅੰਦਰ

ਇੱਛਰਾਂ ਮਾਂ ਆਖੇ ਦਿਲ ਆਪਣੇ ਵਿਚ, ਇਹ ਰਾਜਾ ਕੀ ਪਿਆ ਆਖਦਾ,

ਦਿਲ ਮੇਰਾ ਡਰਦਾ,
ਕੰਵਲ ਫੁੱਲਾਂ ਨੂੰ ਆਖਦਾ ਟੁਰ ਜਾਓ, ਵੜੋ ਅੱਗ ਬਦਲੀ ਵਿਚ,
ਅੰਗੂਰਾਂ ਪੱਕਿਆਂ ਨੂੰ ਭੇਜਦਾ ਵਾਂਗ ਦਾਣਿਆਂ ਮੱਕ ਤੇ ਬਾਜਰਾ,
ਭੁੰਨਦੀ ਸੜਦੀ ਰੇਤ ਉਸ ਭੱਠ ਦੀ ਵਿਚ,
ਪੰਛੀਆਂ ਨੂੰ ਭੇਜਦਾ ਬੁਲਾਰਾ ਦੇ ਕੇ, ਜਾਲਾਂ ਤਣਿਆਂ ਵਿਚ,
ਇਹ ਰਾਜਾ ਕੀ ਪਿਆ ਆਖਦਾ ਹੈ,
ਮੇਰਾ ਦਿਲ ਸਹਿਮਦਾ, ਘੁਟਦਾ, ਮੈਂ ਔਖੀ ਜਿਹੀ ਹੋ ਗਈ।
ਪਰ ਇੱਛਰਾਂ ਮਾਂ ਸੀ ਵੱਡੀ ਦਿਲ ਵਾਲੀ,
ਉਥੇ ਸਮੁੰਦਰਾਂ ਦੇ ਸਮੁੰਦਰ ਭਰੇ ਪਏ ਸਨ,
ਵਚਨ ਮੋੜਨਾ ਓਸ ਵੇਲੇ ਕੁਝ ਅਯੋਗ ਦਿੱਸੇ,
ਪਰ ਰਾਜੇ ਦਾ ਆਖਣਾ ਲੱਗਾ ਬਹੂੰ ਮਾੜਾ,
ਆਖਦੀ ਇਸ ਵਿਚ ਲੂਣਾਂ ਦੀ ਹੀ ਕੁਝ ਚਾਲ ਹੈ,
ਇਹ ਰਾਜਾ ਬੋਲਦਾ ਵਾਂਗ ਤੋਤੇ, ਸਿੱਖਿਆ ਸਿਖਾਇਆ ਲੂਣਾਂ ਦਾ !
ਰਾਣੀ ਮਾਂ ਆਖਦੀ, ਜਾਹ ਬੱਚਾ ਰੱਬ ਕਡੀ,
ਮਿਲ ਲੂਣਾਂ, ਉਹ ਤੇਰੀ ਮਹਿਤਾਰੀ ਹੈ।

ਪੂਰਨ ਜਾਂਦਾ ਹੈ ਮਹਿਲ ਲੂਣਾਂ ਨੂੰ

ਬਚਨ ਪਾਲਦਾ ਮਾਂ ਤੇ ਬਾਪ ਦਾ ਪੂਰਨ,
ਪੂਰਨ ਉੱਠ ਗਿਆ ਵਲ ਮਹਿਲ ਲੂਣਾਂ
ਜਿਵੇਂ ਜਿਵੇਂ ਖਿੜਿਆ ਇਕ ਫ਼ਕੀਰ ਹੋਵੇ।
ਜਵਾਨੀ ਇਕ ਅਜਿਹੀ ਰੱਬ ਦਾ ਪਿਆਰ ਹੈ !
ਜਵਾਨੀ ਤੇ ਫੇਰ ਪੂਰਨ, ਸੋਨੇ ਨੂੰ ਸੁਹਾਗਾ ਸੀ।
ਮੌਜ ਆਪਣੀ ਵਿਚ ਭਰਿਆ ਰੱਬ ਤੇ ਡਰ ਤੇ ਯਾਦ ਵਿਚ,
ਖ਼ੁਸ਼ੀ ਖ਼ੁਸ਼ੀ ਚੜ੍ਹਦਾ ਪੌੜੀਆਂ ਲੂਣਾਂ ਦੇ ਮਹਿਲ ਦੀਆਂ,
ਪੂਰਨ ਜਾਂਵਦਾ ਚੜ੍ਹਿਆ, ਜਾਂਦਾ ਵਾਂਗ ਖ਼ੁਸ਼ਬੋ ਦੇ ਸੀ।

ਪੂਰਨ ਦੇ ਦਿਲ ਨੂੰ ਮਹਿਲਾਂ ਚੜ੍ਹਦੇ ਸਾਰ ਕੁਝ ਹੁੰਦਾ

ਪਰ ਜਿਵੇਂ ਜਿਵੇਂ ਚੜ੍ਹਦਾ ਜਾਏ ਜ਼ੀਨਾ,
ਪੂਰਨ ਦਾ ਚਾਅ ਮਰਦਾ, ਦਿਲ ਕੁਮਲਾਉਂਦਾ,
ਵਾਂਗ ਫੁੱਲ ਦੇ ਧੁੱਪ ਲੱਗਿਆਂ, ਆਪਣੀ ਡੰਡੀ 'ਤੇ ਆਪ ਮੁਹਾਰਾਂ,
ਕਾਂਬਾ ਅੰਗਾਂ ਨੂੰ ਆਉਂਦਾ, ਮੂੰਹ ਪੀਲਾ ਜਿਹਾ ਪੈਂਦਾ, ਹੋਂਠ ਚਿੱਟੇ,
ਤੇ ਆਖਦਾ ਇਹ ਕੀ ਹੈ, ਮਹਿਲ ਮਾਂ ਦਾ, ਮਾਂ ਬੁਲਾਉਂਦੀ, ਉਡੀਕਦੀ ਦੇਖਣਾ
ਮੈਨੂੰ ਕਈ ਸਾਲਾਂ ਦੀ।
ਪਰ ਮੇਰੇ ਦਿਲ 'ਤੇ ਇਉਂ ਦਿੱਸਦਾ ਜਿਉਂ ਦੋ ਪਰਬਤ ਕਾਲੇ ਦੋਹਾਂ
ਪਾਸੂੰ ਟੁਰ ਆ ਕੇ ਮੈਨੂੰ ਵਿਚ ਦੱਬਣ ਲੱਗੇ ਹਨ, ਤੇ ਹੁਣੇ ਜੀਂਦਿਆਂ

ਇਨ੍ਹਾਂ ਮੈਨੂੰ ਘੁੱਟ ਮਾਰਨਾ ।
ਇਹ ਕੀ ਪਿਆ ਹੋਂਵਦਾ, ਦਿਲ ਮੇਰਾ ਸੜਦਾ, ਅੱਗ ਜਿਹੀ ਲੱਗਦੀ, ਸਿਰ ਦੂਖਦਾ, ਦਿਲ ਪਿਆ ਹਿਸਦਾ, ਜੀ ਮਰਨ ਨੂੰ ਕਰਦਾ ਹੈ,
ਚੱਲ ਪੂਰਨਾ ! ਮੁੜ ਚੱਲੀਏ ਇੱਛਰਾਂ ਮਾਂ ਦੇ ਦਿਲ ਦੇ ਬਾਗ਼ ਨੂੰ, ਉਹ ਕਿਹਾ ਠੰਡਾ, ਕਿਹਾ ਚੰਗਾ, ਹਲਕਾ, ਖ਼ੁਸ਼ੀ ਦੇਣਾ ਵਾਲਾ ।
ਇਉਂ ਗੱਲਾਂ ਜਿਹੀਆਂ ਕਰਦਾ, ਆਪ ਨਾਲ ਘੁੱਟਿਆ ਜਿਹਾ, ਬਉਰਾਨਾ ਜਿਹਾ ਪੂਰਨ ਮਹਿਲਾਂ ਉੱਪਰ ਜਾ ਚੜ੍ਹਿਆ ।

ਲੂਣਾਂ ਤੇ ਪੂਰਨ

ਪੂਰਨ ਦੇਖ ਲੂਣਾਂ ਨੂੰ ਸੱਜ ਵੱਜੀ,
ਪਹਿਲੀ ਵਾਰ ਉਹਦਾ ਦਿਲ ਕੀਤਾ ਸੁਹਣੀ ਚੀਜ਼ ਕਿਸੇ 'ਤੇ ਕੁਰਬਾਨ ਹੋਣ ਨੂੰ ।
ਪਹਿਲੀ ਵਾਰ ਆਇਆ ਇਕ ਕਿਣਕਾ ਪਿਆਰ ਦਾ ਤੇ ਲੂਣਾਂ ਹੈਵਾਨ ਮੋਈ-ਜੀਵੀ ਕੁਝ ਅੱਧ ਵਿਚਕਾਰ ਜਿਹੇ ਵਿਚ, ਅੱਧੀ ਅਜ ਇਨਸਾਨ ਹੋਈ,
ਪੂਰਨ ਨੂੰ ਤੱਕਦੀ ਏ, ਕੰਬਦੀ ਏ, ਆਪਾ ਵਾਰਦੀ ਏ,
ਪਰ ਚੁੱਪ ਖੜੀ, ਉਹਦੀ ਚੁੱਪ ਮੁੜ ਮੁੜ ਪੁਕਾਰਦੀ ਏ,
ਬੋਲਦੀ ਮੂੰਹੋਂ ਕੁਝ ਨਹੀਂ, ਜਿਵੇਂ ਪਿਆਰ ਵਿਚ ਅੱਜ ਮਰ ਗਈ ਹੈ, ਆਪਾ ਜ਼ਾਲਮ ਉਹ ਭੁੱਲ ਗਈ ਏ, ਪਰ ਉਹਦੇ ਦਿਲ ਵਿਚੋਂ ਚੀਰ ਚੀਰ, ਸੁਨੇਹੇ ਮਰਦ ਤੀਵੀਂ ਦੇ ਆਪੇ ਵਿਚ ਪਿਆਰ ਦੇ ਨਿਕਲਦੇ ਦਿਸਦੇ ਹਨ ।
ਮਹਿਲ ਵਿਚ ਦੋਵੇਂ 'ਕੱਲੇ ਖੜੇ, ਰਾਣੀ ਲੂਣਾਂ ਤੇ ਪੂਰਨ; ਉਹਦੇ ਸਾਹਮਣੇ, ਪੂਰਨ ਦੀਆਂ ਅੱਖਾਂ ਹਿਠਾਹਾਂ ਤੱਕਣ, ਲੂਣਾਂ ਕੁਝ ਸ਼ਰਮਾਉਂਦੀ ਹੈ, ਕੁਝ ਜ਼ੋਰ ਨਾਲ ਅੱਖਾਂ ਚੱਕ ਚੱਕ ਪੂਰਨ ਨੂੰ ਦੇਖਦੀ ਏ, ਵੇਲਾ ਇਉਂ ਹੈ ਦਿਲ ਦੀਆਂ ਦੱਸਣ ਦਾ, ਇਹ ਸ਼ਰਮਾਂ ਕਿਉਂ ਮੌਕਾ ਵੰਞਾਂਦੀਆਂ ਹਨ ।
ਪਰ ਹਿੰਮਤ ਪੈਂਦੀ ਨਹੀਂ, ਪੂਰਨ ਇਕ ਰੱਬ ਦੀ ਜੋਤ ਵਾਂਗ ਬਲਦਾ ।
ਨੇੜੇ ਆ ਨਾ ਸਕੇ ਕੋਈ ਨੀਵਾਂ ਪਿਆਰ ਉਥੇ,
ਉਸ ਦੇ ਜਿਸਮ ਵਿਚ ਸੀ ਇਕ ਗਗਨੀ ਉਚਾਈ,
ਡਰਦੀ ਸੀ ਲੂਣਾਂ ਅਦਬ ਉਸ ਸੁਹੱਪਣ ਦੇ ਤੋੜਨੇ ਥੀਂ,
ਰਹਿ ਰਹਿ ਤਰਸੇ ਆਖਣ ਨੂੰ, ਪਰ ਆਖ ਕੁਝ ਨਾ ਸਕਦੀ ਸੀ ।

ਚੁੱਪ ਖੜੇ ਦੁਵਲਿਉਂ ਕੋਈ ਘੜੀਆਂ ਬੀਤੀਆਂ,
ਲੂਣਾਂ ਅੱਧੀ ਛੁਪਾਂਦੀ ਗੱਲ ਸਾਰੀ, ਅਧੀ ਦਸਦੀ ਏ ।

ਲੂਣਾਂ ਦੇ ਅੱਧੇ ਛੁਪਾਏ, ਅੱਧੇ ਲੁਕਾਏ ਵਲਵਲੇ

ਲੂਣਾਂ ਮੂੰਹੋਂ ਤਾਂ ਚੁੱਪ ਸੀ, ਕਦੀ ਕੋਈ ਕੋਈ ਅੱਖਰ ਬੋਲਦਾ, ਪਰ ਉਹਦੇ ਜਿਸਮ ਦਾ ਪੁਰਜ਼ਾ, ਪੁਰਜ਼ਾ ਪੁਕਾਰਦਾ ਸੀ,

ਇਹ ਵਲਵਲੇ ਲੁਕਾ ਕੇ ਸਾਰੇ ਉਸ ਨੇ, ਪਰ ਇਕ ਵਿਚਲਾ ਜਦ ਬੋਲੇ, ਸਾਰਾ
ਮਤਲਬ ਉਹ ਆਪਣਾ ਲੁਕਾ ਲੁਕਾ ਦਸਦੀ ਸੀ, ਬਾਣੀ ਬਤਾਵਿਆਂ ਦੀ
ਸੀ, ਹੱਥ ਪੈਰ ਉਹਦੇ, ਨੈਣ, ਮੱਥਾ ਸਭ ਸਭ ਇਉਂ ਬੋਲਦੀ ਸੀ :

ਮੈਂ ਤੇਰੀ ਮੈਨੂੰ ਕਰ-ਚੇਰੀ, ਮੈਂ ਤਾਂ ਤੇਰੇ ਰੂਪ ਨੇ ਆਣ ਜਿਵਾਈ ਆਂ ਵੇ ।
ਮੈਨੂੰ ਪਾ ਡੋਲੀ, ਲਾਡ ਲਡਾ, ਮੈਂ ਸਾਰੀ, ਮੈਨੂੰ ਪਾ ਬਾਹੀਂ,
ਖਿੱਚ ਸਾਰੀ ਆਪਣੇ ਵਲ ਵਾਰੀ ਤੇ ਖਿਡਾ ਉਮਰ ਸਾਰੀਆਂ ਵੇ !

ਮੇਰੇ ਮੱਥੇ ਨੂੰ ਤੱਕ, ਇਹ ਧੜਕਦਾ ਹੈ, ਲੋਚੇ ਲੇਟਣਾ ਛਾਤੀਆਂ ਵੇ !
ਉਥੇ ਢਵ੍ਹਾਂ ਮੈਂ ਬੇਹੋਸ਼ ਹੋ, ਫੈਲਾਈ ਬਾਹਾਂ ਤੂੰ ਆਪਣੀਆਂ, ਮੈਨੂੰ ਮੁੜ ਮੁੜ
ਸੰਭਾਲ ਵਾਰੀ ।
ਮੈਨੂੰ ਰੱਜ ਕੇ ਗਲ ਲੱਗ ਲੈਣ ਦੇਵੀਂ,
ਮੈਨੂੰ ਮੁੜ ਮੁੜ ਮਿਲ ਬਾਹੀਂ ਪਸਾਰ ਵਾਰੀ ।

ਉੱਚਾ ਕਰ ਓ ਉੱਚਿਆ ਮਸਤ ਜਵਾਨਾ,
ਮੈਂ ਖਲੀ ਹਿਠਾਹਾਂ, ਉਡੀਕਾਂ ਤੇਰੀਆਂ ਵੇ ।
ਮੈਨੂੰ ਪੀਣ ਦੇਵੀਂ ਡੀਕ ਲਾ ਕੇ ਆਪਣਾ ਮੁਖ ਚੰਦ ਵਾਰੀ ।
ਘੁਟ, ਗਲ ਲਾ, ਚਾ ਮੈਨੂੰ, ਸੰਭਾਲ ਮੈਨੂੰ,
ਮੈਂ ਤਾਂ ਢੱਠੀਆਂ ਢੱਠੀਆਂ ਨਿਕਾਰਿਆ ਵੇ ।

ਪੂਰਨਾ ! ਰੱਖ ਲਾਜ ਮੇਰੀ, ਕਰ ਪਿਆਰ ਜੋਰੀ, ਪਾ ਪਾ, ਠੰਢੀਆਂ ਵੇ ।
ਚੋਰੀ ਪਿਆਰ ਦਾ ਡੂੰਘਾ ਕੋਈ ਸਵਾਦ ਹੈ ਵੇ, ਜਿਹੜਾ ਮੈਂ ਸਿਖਾਸਾਂ,
ਤੂੰ ਅੱਜ ਖ਼ੈਰ ਪਾ ਸੁਹਣਿਆ, ਦਾਨਿਆ, ਮੌਲਿਆ ਵੇ ।
ਮੈਂ ਤਾਂ ਖੜੀ ਖ਼ੈਰ ਮੰਗਦੀ, ਬਰਦੀ, ਨਿਕਾਰੀਆਂ, ਹਾਰੀਆਂ ਵੇ ।

ਪੂਰਨ ਦਾ ਪਹਿਲਾ ਬਚਨ ਲੂਣਾਂ ਨੂੰ

ਪੂਰਨ ਘੂਰਦਾ, ਮੱਥੇ ਡਾਢੇ ਕਰੜੇ ਵਟ ਪਾ ਕੇ,
ਧੀਰਜ ਧਾਰ ਕੇ ਬੋਲਦਾ ਬਚਨ ਕਰੜੇ,
ਮੈਂ ਪੁੱਤ ਤੇਰਾ, ਪੁੱਤ ਪਾ ਝੋਲੀ, ਦਿਲ ਆਪਣਾ ਤੂੰ ਰੱਜ ਰਿਝਾ ਮਾਏ ।
ਕਰ ਪਿਆਰ ਮੈਨੂੰ, ਪਿਆਰ ਰੱਬ ਮਾਏ, ਝੋਲ ਆਪਣੀ ਨਾ ਸਮਝ ਤੂੰ ਖ਼ਾਲੀ,
ਇਹ ਅੱਖਾਂ ਹੱਥਾਂ ਆਪਣਿਆਂ ਨਾਲ ਮੈਂ ਕੱਢ ਦੇਸਾਂ,
ਇਹ ਜਿਸਮ ਹੱਥੀਂ ਆਪਣੇ ਨਾਲ ਮੈਂ ਟੁਕ ਦੇਸਾਂ,
ਜੇ ਕਦੀ ਮੈਂ ਤੇਰੇ ਤੇ ਇੱਛਰਾਂ ਵਿਚ ਭੇਤ ਜਾਣਾਂ,
ਦੇਖ ! ਮੈਂ ਪੁੱਤ ਮਾਏ, ਤੂੰ ਮਾਂ ਮੇਰੀ, ਧਿਆਨ ਕਿਧਰ ਨੱਸਿਆ ਅਜ ਮਾਏ ?

ਕਰ ਜੇ ਲੋੜ ਤੈਨੂੰ ਇੱਛਰਾਂ ਮਾਂ ਦੀ ਗੋਦ ਸਖਣੀ,

ਸਾਰਾ, ਸਾਰਾ ਤੂੰ ਬਣਾ ਆਪਣਾ ਪੁੱਤ ਮੈਨੂੰ,
ਰੱਖ ਮਹਿਲੀਂ ਸਦਾ ਮੈਨੂੰ ਤੂੰ ਆਪਣੇ,
ਮੈਂ ਪੁੱਤ ਤੇਰਾ, ਤੂੰ ਸਦਾ ਮੇਰੀ ਮਾਂ ਮਾਏ ।

ਇਹ ਪਿਆਰ ਜਿਹੜਾ ਜਾਗਿਆ ਈ,
ਇਹਨੂੰ ਦਿਲ ਲਾ ਦੇਖ ਮਾਏ, ਇਹ ਅਰਸ਼ ਦੀ ਦਾਤ ਬੂਹਾ ਤੇਰਾ ਖਟਖਟਾਉਂਦੀ ਹੈ,
ਬੂਹਾ ਖੋਲ੍ਹ ਮਾਏ, ਬਰਕਤ ਰੱਬ ਦੀ ਕੂਕਦੀ ਆਉਂਦੀ ਏ ।

ਕਿਹੜੇ ਪਾਸੇ ਹੋਸ਼ ਪਿਆਰ ਤੇਜ ਦਾ ਇਕ ਚੱਕਰ ਖਾ ਕੇ, ਗਏ ਉੱਡ ਅੱਜ ਮਾਏ ।
ਮੋੜ ਵਾਗਾਂ ਮਨ ਦੀਆਂ ਨੂੰ, ਦੇਖ ਪਿਆਰ ਸੁੱਚਾ, ਰੱਬੀ ਇਨਸਾਨੀ ਖੜਾ ਸਾਹਮਣੇ।
ਅੱਖਾਂ ਖੋਲ੍ਹ, ਪਛਾਣ ਮਾਏ, ਵੇਲਾ, ਘੜੀ ਦੇਖ ਸਿਞਾਣ ਮਾਏ ।

ਲੂਣਾਂ ਮੁੜ ਉਹੋ ਸੁਰ ਛੇੜਦੀ ਹੈ

ਲੂਣਾਂ ਮੁੜ ਉਹੋ ਵਾਜ ਮਾਰੇ,
ਕੁਝ ਬੇਹੋਸ਼ ਹੋਈ, ਬੇਬਸ ਹੋਈ, ਲਾਚਾਰ ਜਿਹੀ, ਮਾੜੇ ਕਰਮਾਂ ਦੀ ਘੁੰਮਣ
ਘੇਰੀਆਂ ਵਿਚ :
ਪੂਰਨਾ ! ਛੱਡ ਗੱਲਾਂ, ਘੁੱਟ ਪਾ ਗਲ ਵੰਗਣੀਆਂ ਵੇ ।
ਹੋਣ ਹੋਠਾਂ ਵਿਚ ਹੋਂਠ ਗੱਡੇ ਤੇਰੇ, ਮੇਰੇ,
ਤੇ ਨੈਣਾਂ ਵਿਚ ਨੈਣ ਗੱਡੀਆਂ ਵੇ,
ਇਹ ਲੱਛਦੀ ਛਾਤੀਆਂ ਮੇਰੀਆਂ ਵੇ, ਘੁੱਟ ਲਾ ਛਾਈ ਆਪਣੀਆਂ ਵੇ ।
ਤੇ ਰੱਖ ਖੜੀ ਖੜੀ, ਬੱਧੀ ਬਧਾਈ ਸਦਾ ਆਪਣੀਆਂ ਜੱਫੀਆਂ ਵੇ ।
ਜਕੜੀਂ ਜਕੜੀਂ, ਮੇਰੀਆਂ ਕਲਾਈਆਂ ਵੇ, ਬੰਦੀਆਂ, ਬੰਦੀਆਂ ਤੇਰੀਆਂ ਵੇ ।

ਦੇਖ ! ਇਹ ਰੰਗੀਲੜੀਆਂ ਪਲੰਘੜੀਆਂ ਮੇਰੀਆਂ ਵੇ ।
ਬਹਿ ਏਥੇ, ਤੂੰ, ਏਥੇ, ਹੁੱਬਾਂ ਮੇਰੀਆਂ ਤੇਰੀਆਂ ਵੇ ।
ਹੱਥ ਮੇਰੇ ਹੱਥ ਦੇਵੀਂ, ਮੈਂ ਠੰਢੀਆਂ ਕਰਨੀਆਂ ਇਹ ਛਾਤੀਆਂ ਤੱਤੀਆਂ ਵੇ ।

ਪੂਰਨਾ ! ਨਾ ਜੀਣ ਜੋਗੀ ਰਹੀ ਹੁਣ ਮੈਂ
ਤੇਰੇ ਰੂਪ ਨੇ ਮੈਨੂੰ ਮਾਰਿਆ ਈ,
ਕਰ ਬਾਹੁੜੀਂ, ਵੈਦਾ ਤੂੰ ! ਛੱਡ ਗੱਲਾਂ
ਸੰਭਾਲ ਮੈਂ ਨਾਰ, ਨਾਜ਼ਕ, ਕਮਜ਼ੋਰ ਤੇ ਪਤਲੀਆਂ ਵੇ ।

ਪੂਰਨ ਦਾ ਦੂਜਾ ਬਚਨ

ਆ ਦੇਖ ਮਾਏ ! ਮੈਂ ਪੁੱਤ ਖੜਾ,
ਲੋੜਦਾ ਚਰਨਾਂ 'ਤੇ ਸੀਸ ਰੱਖਣਾ

ਤੇ ਮੰਗਦਾ ਮੈਂ ਅਸੀਸ ਤੇਰੀ,
ਦੇਖ ! ਸੂਰਜ ਡੁੱਬਸੀ ਮਾਰ ਇਕ ਢਾਹ ਮਾਏ,
ਢਹਿਸੀ ਛੱਤ ਆਕਾਸ਼ ਦਾ ਕਾੜ ਕਾੜ ਮਾਏ,
ਪਰਲੋ ਆਣ ਨਾ ਜਾਣ ਕੇ ਤੂੰ,
ਮਰਸੀ ਸਾਰਾ ਜੱਗ ਛੁਰੀਆਂ ਖਾ ਮਾਏ,
ਖ਼ਿਆਲ ਸਿਧਾ ਕਰ ਮਾਏ, ਸਿੱਧਾ ਰਾਮ ਰਾਮ ਮਾਏ ।
ਡਿੰਗਾ ਉਹੋ ਹੀ ਮਾਰਦਾ ਡੰਗ ਮਾਏ ।
ਅੰਮ੍ਰਿਤ ਅਜ ਰੱਬ ਪਾਂਦਾ ਤੇਰੇ ਪਿਆਲੇ,
ਜ਼ਹਿਰ ਬਣਾ ਕੇ ਨਾ ਤੂੰ ਘੁੱਟ ਭਰ ਮਾਏ ।

ਲੂਣਾਂ ਦਾ ਪਾਗ਼ਲਪਨ

ਲੂਣਾਂ ਕਦੀ ਪੈਰ ਪਕੜੇ, ਮੁੜ ਮੁੜ ਡਿੱਗੇ,
ਕਦੀ ਨਿਰਾਸ ਹੋਵੇ, ਕਦੀ ਗੁੱਸਾ, ਕਦੀ ਤਲਵਾਰ ਦਾ ਤੇਜ ਦਿਖਾਉਂਦੀ ਏ,
ਪਰ ਪਾਣੀ ਉੱਬਲਦੇ ਦੀਆਂ ਛਿਣਕਾਂ ਠੰਢੇ, ਉੱਚੇ ਬਰਫ਼ ਦੇ ਪਰਬਤਾਂ ਦਾ ਨਾ
ਕੁਝ ਵਿਗਾੜ ਸਕਣ ।

ਆਖ਼ਰ ਜਦੋਂ ਉਹ ਪੂਰੀ ਬੇਹੋਸ਼ ਹੋਈ,
ਰਤਾ ਰਹੀ ਨਾ ਉਸ ਨੂੰ ਖ਼ਬਰ ਕਾਈ,
ਦੌੜੀ ਦੰਦ ਨਪੀੜ ਉਹ ਵਲ ਪੂਰਨ,
ਲਿਆ ਪਕੜ ਬਾਹਾਂ ਆਪਣੀਆਂ ਵਿਚ,
ਤੇ ਪਾਗਲ ਜਿਹੇ ਜ਼ੋਰ ਵਿਚ ਆ ਸੁੱਟਿਆ,
ਪੂਰਨ ਕੋਲ ਵਿਛੇ ਇਕ ਪਲੰਘ 'ਤੇ ।

ਤਦੋਂ ਨੱਸਿਆ ਨੱਸਿਆ ਪੂਰਨ ਮਸੇਂ ਹੱਥ ਛੁਡਾ,
ਪਿੱਛੇ ਤੱਕਿਆ ਨਾਂਹ, ਗਿਆ ਦੌੜ ਪੂਰਨ,
ਆਖਦਾ, ਮਾਂ ਅਜ ਕੇਹੀ ਪਾਗਲ ।

ਲੂਣਾਂ ਪੂਰਨ ਪੂਰਨ, ਆਖਦੀ ਰਹਿ ਗਈ,
ਪਿਆਰ ਦਾ ਕਿਣਕਾ ਦਿਲ ਵਿਚੋਂ ਖਿਸਕਿਆ,
ਉਸ ਵੇਲੇ ਜਿਸ ਵੇਲੇ ਗਿਆ ਪੂਰਨ,
ਪਿਆਰ ਜਿੰਨਾ ਉਠਿਆ ਸੀ, ਉਹ ਵੈਰ ਵਿਚ ਬਦਲਿਆ ।
ਬਦਲਾ ਤੇ ਈਰਖਾ ਤੇ ਹਸਦ ਦੀ ਅੱਗ ਬਲ ਉਠੀ,
ਆਖਦੀ ਮਾਰਾਂਗੀ ਪੁੱਤ ਇੱਛਰਾਂ ਦਾ ਉਸ ਮੌਤੇ ਜਿਹੜੀ ਮੌਤ ਕਿਸੇ ਕਦੇ ਨਾ
ਸੁਣੀ ਅੱਜ ਤੱਕ ।

ਲੂਣਾਂ ਦਾ ਮਨਸੂਬਾ

ਆਖ਼ਰ ਕੌਣ ਜਾਣੇ ਗੱਲ ਉਹ ਜਿਹੜੀਆਂ, ਲੂਣਾਂ ਕੀਤੀਆਂ ਦੀਵਿਆਂ ਹਿੱਸਿਆਂ
ਵਿਚ,
ਲੂਣਾਂ ਮਨਸੂਬਾ ਪਕਾਇਆ ਕੁੰਜ ਗੋਸ਼ੇ; ਦਿਤਾ ਸਬੂਤ ਸਾਰਾ,
ਆਖੇ ਪੁੱਤ ਤੇਰਾ ਕਾਮ ਦਾ ਪੁਤਲਾ ਬਘਿਆੜ ਭਾਰਾ,
ਮੇਰਾ ਸਤ ਓਸ ਕੱਲ੍ਹ ਭੰਨਣ ਕਰਨ ਦੀ ਕੀਤੀ,
ਮੱਸੇਂ ਲੜ ਮੈਂ ਆਪਣਾ ਆਪ ਬਚਾਇਆ,
ਆਪਣੀ ਛਾਤੀ 'ਤੇ ਲੱਗੇ ਨਖ ਦਸੇ, ਮੂੰਹ ਦਸਿਆ ਨਹੁੰਦਰਾਂ ਨਾਲ ਭਰਿਆ,
ਵਾਲ ਭਰਿਆ, ਵਾਲ ਖਲੇਰ ਦਸੇ,
ਰਾਜੇ ਸਾਲਵਾਹਨ ਨੂੰ ਪੂਰਾ ਯਕੀਨ ਕਰਾਇਆ।
ਸਬਰ ਹੋਇਆ ਰਾਜੇ ਸਾਲਵਾਹਨ ਨੂੰ ਤਦੋਂ,
ਮਸੇਂ ਮਸੇਂ ਰੋਂਦਿਆਂ, ਭਬਕਦਿਆਂ ਰਾਤ ਬੀਤੀ,
ਤੇ ਸਵੇਰ ਸਾਰ ਬੁਲਾਇਆ ਪੁੱਤ ਪੂਰਨ ਵਾਂਗ ਭਾਰਿਆ ਮੁਲਜ਼ਮਾਂ ਦੇ।
ਆਖੇ ਡੱਕਰੇ ਕਰਾਂਗਾ ਪੁੱਤਰਾ! ਅਜ ਤੇਰੇ,
ਜਿਸ ਬਾਹਰ ਨਿਕਲਦਿਆਂ ਹੀ ਜੱਗ ਸਾਰੇ ਨੂੰ ਦਾਗ ਲਾਇਆ।

ਪੂਰਨ ਮੁਲਜ਼ਮ

ਪੂਰਨ ਚੁੱਪ ਖੜਾ ਜਿਵੇਂ ਪਰਬਤ ਭਾਰਾ,
ਕੱਲ੍ਹ ਮਾਂ ਸੀ ਪਾਗਲ, ਅੱਜ ਪਿਉ ਪਾਗਲ, ਗੱਲ ਕਰਨ ਦਾ ਨਾ ਥਾਂ ਸੀ ਕੋਈ,
ਮਾੜਾ ਜਿਹਾ ਉਹ ਫ਼ਿਕਰ ਕਰਦਾ, ਮਾਂ ਆਪਣੀ ਦਾ,
ਉਹਦਾ ਕੀ ਹਵਾਲ ਹੋਸੀ, ਕਹਿੰਦਾ ਨਿਜ ਮੈਂ ਜੰਮਦਾ, ਨਾ ਦੁਖ ਹੁੰਦਾ, ਇਹ ਮਾਂ
ਨਾਲ ਕੀ ਜ਼ੁਲਮ ਹੋਣ ਲੱਗਾ?
ਸਾਲਵਾਹਨ ਨੇ ਹੁਕਮ ਦਿੱਤਾ, ਲੈ ਜਾਉ ਇਹਨੂੰ ਉਹ ਹਲਾਲ ਖੋਰੋ, ਅੰਗ ਅੰਗ
ਪੱਛੋ ਇਹਦੇ, ਮਾਰੋ ਇਹਨੂੰ ਇਸ ਮੌਤੇ।

ਮਾਂ ਇੱਛਰਾਂ ਦੀ ਕੂਕ ਕਚਹਿਰੀ ਰਾਜਾ ਸਾਲਵਾਹਨ ਵਿਚ

ਮਾਂ-ਇੱਛਰਾਂ, ਕਹਿਰ ਭਰੀ, ਕੁਰਲਾਉਂਦੀ ਆਈ; ਚੀਰ, ਫਾੜ, ਰਾਜ ਦੇ ਸਤਰ ਸਾਰੇ,
ਤੇ ਖੁੱਲ੍ਹੇ ਦਰਬਾਰ ਵਿਚ ਵਾਂਗ ਦੇਵੀ ਕੋਪਵਾਨ ਹੋ, ਇਉਂ ਕੜਕਦੀ ਵਾਂਗ
ਬਿਜਲੀਆਂ ਦੇ:

ਸੜਨ ਕੋਠੜੇ ਸਾਲਵਾਹਨਾ!
ਸੜਨ ਤਖ਼ਤ ਤੇ ਤਾਜ ਮਹਿਲ ਸਾਰੇ,
ਸੜੇ ਰਾਜ ਤੇਰਾ, ਹੁਕਮ ਤੇਰਾ, ਸੜਨ ਤੇਰੀਆਂ ਇਹ ਮਹਿਫ਼ਲਾਂ ਵੇ।
ਮਾਰੇਂ ਗਊ ਵਰਗਾ ਚਿੱਟਾ ਦੁੱਧ ਪੁੱਤ ਮੇਰਾ, ਬੇਦੋਸ਼ ਬੇਲੋਸ, ਬੇਜ਼ੁਬਾਨ ਬੱਚਾ,

ਜ਼ਾਲਮਾਂ ! ਤਖ਼ਤ 'ਤੇ ਬਹਿ ਤੂੰ ਜ਼ੁਲਮ ਕਮਾਵੇਂ, ਯਾਦ ਨਹੀਂ ਤੈਨੂੰ, ਇਹ ਤਖ਼ਤ
ਰੱਬ ਸੱਚੇ ਦਾ, ਕਦੀ ਨਾਂਹ ਤੇਰਾ,
ਤੂੰ ਉਹਦਾ ਚਕਰ ਤੱਕੜੀ ਤੋਲਣ ਵਾਲਾ, ਤੋਲੇਂ ਬਹਿ ਇਸ ਉੱਚੀ ਥਾਂ 'ਤੇ ਕੂੜ,
ਕਪਟ ਸਾਰਾ,
ਹੁਕਮ ਲੂਣਾਂ ਉਸ ਤੱਤੜੀ ਦਾ ਮੰਨੇਂ, ਤੱਕੇ ਉਤੇ ਨਾਂਹ ਅੱਖ ਖੋਲ੍ਹ ਕੇ-ਰੱਬ
ਕੀ ਆਖਦਾ !

ਤੇਰਾ ਕੀ ਅਹਿਵਾਲ ਹੋਸੀ, ਮਰ ਕੇ ਸਾਲਵਾਹਨਾ ?
ਕੀ ਮੌਤ ਥੀਂ ਪਾਰ ਦੇ ਦੇਸ ਦਾ ਜੀਣਾ ਤੈਨੂੰ ਭੁੱਲ ਗਿਆ ?
ਰੱਬ ਭੁੱਲ ਗਿਉਂ ਜਿਹਾ ਵਿਹਲਾ, ਜਿਸ ਇਹ ਤਖ਼ਤ, ਤਾਜ ਤੇ
ਰਾਜ ਤੇ ਹੁਕਮ ਦਿੱਤਾ ?
ਤੈਨੂੰ ਕੇਹੀ 'ਵਾ ਵੱਗੀ, ਕੀ ਹੋ ਗਿਆ ਸੁਦਾਅ ਰਾਜਾ ।
ਸੱਚੇ ਰਾਜੇ ਤੂੰ ਭੁੱਲ ਗਿਉਂ, ਬਣਿਉਂ ਆਪ ਤੂੰ ਹੁਕਮ ਦੇਣ ਵਾਲਾ,
ਤੱਕ ਤੱਕ ਰੱਬ ਵਲ, ਉੱਠ ਜਾਗ ਸਾਲਵਾਹਨਾ ।
ਪੁੱਤ ਬੇਲੋਸ, ਬੇਦੋਸ਼, ਬੇਜ਼ੁਬਾਨ ਹੈ ਵੇ,
ਤੇਰੇ ਭਾਗ ਹਿਰ ਗਏ ।

ਇਹ ਵਜ਼ੀਰ ਅਮੀਰ ਤੇਰੇ, ਕਿਹੇ ਚੁਣੇ ਤੂੰ ਹਨ,
ਤੇਰੀ ਭੈੜੀ ਹਾਂ ਨੂੰ ਹਾਂ ਆਖਣ, ਤੇਰੀ ਨਾਂਹ ਇਨ੍ਹਾਂ ਦੀ ਆਖ਼ਰ ਨਾਂਹ ਹੈ,
ਵਜ਼ੀਰ, ਅਮੀਰ ਉਹ ਜਿਹੜੇ ਯਾਦ ਕਰਾਉਣ ਵਕਤ ਕਹਿਰ ਦੇ,
ਰੱਬ ਹੈ, ਤੇ ਇਹ ਤਖ਼ਤ ਰਾਜ ਉਸ ਦਾ,
ਇਹ ਤਖ਼ਤ 'ਤੇ ਸਦਾ ਵਰਤੇ ਹੁਕਮ ਰੱਬ ਦਾ,
ਇਥੇ ਕਾਨੂੰਨ ਨ ਚੱਲਣ ਬੰਦਿਆਂ ਗੰਦਿਆਂ ਦੇ ।

ਕੇਹੀ ਮਾਰ ਵੱਗੀ ਤੈਨੂੰ ਸਾਲਵਾਹਨਾ !
ਇਹ ਰਾਜ ਗਿਆ, ਗਿਆ ਡੁੱਬਿਆ, ਮੁੱਕਿਆ ਅੱਜ ਥੀਂ ਓ ਸਾਲਵਾਹਨਾ ।
ਇਸ ਰਾਜ ਅੱਜ ਰੱਬ ਭੁਲਾਇਆ ਹੈ,
ਇਹ ਰਾਜ ਰੁੜ੍ਹ ਗਿਆ ਸਾਰਾ,
ਵਾਗਾਂ ਸੌਂਪੀਆਂ ਨਾਰ ਨੂੰ ਸਾਲਵਾਹਨਾ ।

ਕੇਹੀ ਅੱਗ ਬਾਲੀ ਇਸ ਤੱਤੜੀ ਨੇ,
ਲੂਣਾਂ ਸਾੜਿਆ ਹੈ ਚੁਕ ਰਾਜ ਸਾਰਾ,
ਓ ਭੁੱਲਿਆ ਭੁੱਲਿਆ ਸਾਲਵਾਹਨਾ !
ਰੋਵੇਂਗਾ ਇਹ ਵਖਤ ਵਿਹਾ ਕੇ ਤੇ,
ਵੱਸ ਪੈ ਭੂਤਾਂ ਪਿਆ ਗਰਜਨਾ ਏਂ,
ਤੈਨੂੰ ਹੋਸ਼ ਨਾਹੀਂ, ਤੂੰ ਮਰ ਗਿਆ ਹੈਂ ਵੇ ।

ਪੂਰਨ ਨੂੰ ਲੈ ਗਏ ਮਾਰਨੇ ਨੂੰ

ਕੂਕ ਇੱਛਰਾਂ ਦੀ ਦਾ ਕੁਝ ਅਸਰ ਨਾ ਹੋਇਆ,
ਬੱਚਾ ਉਹਦਾ ਗਿਆ ਫੜਿਆ, ਗਏ ਲੈ ਉਹਨੂੰ ਮਾਰਨੇ ਨੂੰ
ਮਾਂ-ਇੱਛਰਾਂ ਗਈ ਨਾਲੇ, ਆਖੇ, ਕੋਹੋ ਮੈਨੂੰ ਪਹਿਲੇ ਓ ਜ਼ਾਲਮੋਂ ਜ਼ਾਲਮੋਂ ਵੇ।
ਮਿੱਟੀ ਜ਼ਮੀਨ ਸਿਆਲਕੋਟ ਦੀ ਜ਼ਾਰੋ ਜ਼ਾਰ ਰੋਵੇ,
ਰੋਵਣ ਖ਼ਲਕਤਾਂ ਸਾਰੀਆਂ ਲਹੂ ਅੱਥਰੂ,
ਤੇ ਜਦੋਂ ਪੂਰਨ ਲੱਗ ਇੱਛਰਾਂ ਦੇ ਗਲ ਰੋਇਆ,
ਉਥੇ ਟੁੱਟਿਆ ਕੜ ਸਭ ਪਥਰਾਂ ਦਾ,
ਜ਼ਮੀਨ ਆਸਮਾਨ ਰੋਇਆ ਉਸ ਵੇਲੇ, ਮਾਂ ਪੁੱਤ ਨੂੰ ਵਿਛੜਦਿਆਂ ਦੇਖ ਕੇ।

ਪੁੱਤ ਖੋਹ ਕੇ ਲੈ ਗਏ ਜ਼ਾਲਮ ਮਾਂ ਪਾਸੋਂ,
ਮਾਂ ਖੋਹ ਕੇ ਲੈ ਗਏ ਦੂਜੇ ਪਾਸੇ ਜ਼ਾਲਮ ਪੁੱਤ ਪਾਸੋਂ,
ਇੱਛਰਾਂ ਮਹਿਲਾਂ ਵਿਚ ਕੈਦ ਕੀਤੀ ਰਾਜੇ,
ਹਨੇਰੇ ਜਿਹੇ ਵਿਚ ਪੂਰਨ ਡੁੱਬਿਆਂ ਵਾਂਗ ਸੂਰਜ,
ਮਾਂ ਰਹਿ ਗਈ ਧਰਤ ਤੇ ਹਨੇਰੇ ਵਿਚ ਪਕੜੀ,
ਹੱਥਾਂ ਪੈਰਾਂ ਜਕੜੀ, ਰੂਹ ਨੂੰ ਰਾਹ ਮਿਲਿਆ ਨਾ ਨਾਲ ਜਾਣ ਦਾ।
ਬੱਚਾ ਗਿਆ, ਉਹ ਗਿਆ, ਇੱਛਰਾਂ ਦੀ ਕਰਦਾ ਝੋਲ ਖ਼ਾਲੀ,
ਇੱਛਰਾਂ ਕੁਰਲਾਉਂਦੀ, ਮਾਰ ਹੱਥ ਛਾਤੀ, ਆਪਣੀ ਛਾਤੀ
ਮੁੜ ਪੁੱਟਦੀ ਖਿਨੋਤ੍ਰਦੀ ਹੈ।

ਪੂਰਨ ਦਾ ਖੂਹ ਵਿਚ ਸੁੱਟਣਾ

ਆਖ਼ਰਕਾਰ ਹਲਾਲ ਖ਼ੋਰਾਂ ਨੂੰ ਵੀ ਤਰਸ ਆਇਆ,
ਦਿਲ ਉਨ੍ਹਾਂ ਦਾ ਕੰਬਿਆ ਮਾਰਨੇ ਥੀਂ
ਆਖ਼ਰ ਪੁੱਤ ਪੂਰਨ ਮੁਲਕ ਦੇ ਬਾਦਸ਼ਾਹ ਦਾ ਸੀ
ਬੇਦੋਸ਼ ਇਹ ਬੱਚਾ ਕੋਮਲ, ਕੰਵਰ ਸਾਡਾ, ਆਖ਼ਰ ਉਨ੍ਹਾਂ ਵੀ ਦਿਲ ਦੀਆਂ ਅੱਖਾਂ
ਨਾਲ ਤੱਕਿਓ ਨੇ।
ਪੂਰਨ ਮੂੰਹੋਂ ਕੁਝ ਨਾ ਬੋਲਦਾ ਸੀ ਕੁਝ, ਕਿਧਰੇ, ਕਿਸੇ ਨਾਲ,
ਪਰ ਉਹਦਾ ਅੰਗ, ਅੰਗ, ਸਾਰਾ ਜੁੱਸਾ ਆਖੇ,
ਸੱਚ ਸੱਚ ਹੈ, ਕੂੜ ਕੂੜ ਹੈ, ਰੱਬ ਸੱਚ ਹੈ, ਜਿੰਦ ਰੂਹ ਜਿਸ ਦੀ ਧੁਰੋਂ ਅੰਦਰੋਂ
ਸੱਚੀ, ਹੋਰ ਸਭ ਮੌਤ, ਹਨੇਰਾ, ਇਕ ਨਾਂਹ ਹੈ, ਸੱਚ ਜਿੱਤਸੀ ਭੋਲਿਆਂ
ਭਾਲਿਆਂ ਦਾ ਸਦਾ ਰੱਬ ਹੈ।
ਸੁੱਟ ਖੂਹ ਵਿਚ ਗਏ ਜੀਂਦੇ ਜਾਗਦੇ ਨੂੰ,
ਪੰਜਾਬ ਦਾ ਯੂਸਫ਼ ਅੱਜ ਖੂਹ ਵਿਚ ਪਾ ਗਏ
ਤੇ ਜਾ ਦੱਸਿਆ ਪੂਰਨ ਨੂੰ ਮਾਰ ਆਏ,
ਰਲ ਮਿਲ ਸਾਰਿਆਂ ਗਵਾਹੀ ਦਿੱਤੀ, ਕੱਪੜੇ ਲਹੂ ਭਰੇ ਨਾਲ ਲੈ ਗਏ,

ਕੁਝ ਹੋਰ ਚਿੰਨ੍ਹ ਉਹਨੂੰ ਮਾਰਨੇ ਦੇ ।

ਪੂਰਨ ਦੇ ਦੋ ਬਾਗ਼ਾਂ ਸਿਆਲਕੋਟ ਵਾਲਿਆਂ ਦਾ ਹਾਲ

ਬਾਗ਼ ਪੂਰਨ ਦਾ ਵਿੱਛੜ ਸੜ ਸੁੱਕ ਗਿਆ,
ਨਹਿਰਾਂ ਬਾਗ਼ ਦੀਆਂ ਤ੍ਰਿਹਾਈਆਂ ਵਾਂਗ ਮੱਛੀਆਂ, ਬਿਨ ਪਾਣੀ ਮੂੰਹ ਅੱਡਦੀਆਂ
ਸਨ, ਦਿੱਸਣ ਸਭ ਲੁੱਛਦੀਆਂ ਤੜਫ਼ਦੀਆਂ ।
ਖੱਬਲ ਘਾਹ ਤੇ ਸਾਂਵਲ ਹਰਿਆਵਲਾਂ ਸੜ, ਮਨੂਰ ਸਭ ਖ਼ਾਕੋ ਖ਼ਾਕ ਹੋਈਆਂ,
ਅੰਗੂਰ ਵੇਲਾਂ ਤੇ ਹੋਰ ਸ਼ਗੂਫ਼ੇ, ਫੁੱਲਾਂ ਫਲਾਂ ਦੇ ਬਿਰਖ ਸਾਰੇ ਖੜੇ ਵਾਂਗ ਸੁੱਕੀਆਂ
ਹੱਡੀਆਂ ਪਿੰਜਰੇ ਹੋਏ ਜਿਵੇਂ ਤਪੱਸਵੀਆਂ ਦੇ ,
ਮੁੱਦਤ ਲੰਘ ਗਈ ਤਪਦਿਆਂ ਦੀ, ਨਿਰੇ ਪਿੰਜਰੇ ਖੜੇ ਕਿੜਿੰਗ ਹੋ, ਹਵਾਵਾਂ
ਵਗਦੀਆਂ ਨਾਲ ਲੱਗ ਉਹ ਖੜਖੜਾਂਦੇ !
ਪਰ ਕਿਸੇ ਕਿਸੇ ਡਾਲ ਦੇ ਮੁੱਢ ਵਿਚੋਂ, ਕੋਈ ਕੋਂਪਲ ਮੂੰਹ ਕੱਢਦੀ ਸੀ,
ਤੇ ਕਿਸੇ ਕਿਸੇ ਡਾਲੀ ਨਾਲ ਕੋਈ ਕੋਈ ਫੁੱਲ, ਵਾਂਗ ਆਸਾਂ ਦੀਆਂ ਅੱਖਾਂ
ਦੇ ਨਿਕਲਦੇ,
ਰਾਹ ਤੱਕਦੇ ਨਾਲ ਨਾਉਮੈਦੀਆਂ ਦੇ, ਆਹਾਂ ਭਰ ਆਖਣ, ਕੀ ਕਦੀ ਮੁੜ
ਉਹ ਮਾਲਕ ਬਾਦਸ਼ਾਹ ਸਾਡਾ, ਕਦੀ ਕਰਸੀ ਆਣ ਫੇਰਾ ।
ਤੇ ਬਾਗ਼ਾਂ ਥੀਂ ਵਧ ਇਕ ਹੋਰ ਸੋਕਾ, ਪੂਰਨ ਦੇ ਵਿਛੋੜੇ ਨੇ ਪਾਇਆ ਸੀ,
ਮਾਂ ਦੇ ਦਿਲ ਦਾ ਪਿਆਰ ਬਾਗ਼ ਵੀ ਭਾਂ ਭਾਂ ਕਰਦਾ,
ਤੇ ਜ਼ਾਲਮ ਸੱਟ ਪੁੱਤ ਦੇ ਕੋਹੇ ਜਾਣ ਨੇ ਬੇਗੁਨਾਹ ਦੀ ਛਾਤੀ ਦੇ ਬਾਗ਼ਾਂ ਨੂੰ
ਜੜ੍ਹਾਂ ਥੀਂ ਸੀ ਪੁੱਟਿਆ,
ਖਿੱਚ ਖਿੱਚ, ਧਰੂ ਧਰੂ, ਧ੍ਰੀਕ ਧ੍ਰੀਕ ਆਂਦਰਾਂ ਨੂੰ, ਇਕ ਇਕ ਕਰ ਸਾਰਾ
ਬਾਗ਼ ਸੀ ਪੁੱਟਿਆ,
ਮਾਂ ਦੀ ਛਾਤੀ ਦੇ ਨਿੱਕੇ ਨਿੱਕੇ ਖਿੜੇ ਕੰਵਲਾਂ ਨੂੰ, ਚੀਰ ਚੀਰ, ਚੁਣਿਆ,
ਪਿਆਰ ਦੀਆਂ ਕੁੱਲ ਬੂਟੀਆਂ, ਚੰਬਾ ਤੇ ਗ਼ੁਲਾਬ ਸਾਰਾ, ਖੁਣ ਖੁਣ ਜੜ੍ਹ ਥੀਂ
ਕੱਢ ਕੱਢ ਮੁਕਾਇਆ ਜ਼ਾਲਮ ਸੱਟ ਨੇ ।
ਮਾਂ ਦੇ ਪਿਆਰ ਦੀ ਡੂੰਘੀ, ਘਣੀ ਛਾਵਾਂ ਵਿਚੋਂ, ਨਾਜ਼ਕ ਬਨਫ਼ਸ਼ੇ ਵਾਂਗ
ਕੋਮਲ ਫੁੱਲਾਂ ਤੇ ਕਲੀਆਂ ਨੂੰ ਖਹੁਰੇ ਖੁੰਢੇ ਚਾਕੂਆਂ ਨਾਲ, ਕੱਟ ਕੱਟ,
ਧੁੱਪੇ ਚੱਕ ਮਾਰਿਆ ।

ਜੰਗਲਾਂ ਵਰਗਾ ਭਰਿਆ ਬਾਗ਼ ਮਾਂ ਦੇ ਦਿਲ ਦਾ, ਜਿਥੇ ਲੱਖਾਂ ਸਾਏ ਤੇ
ਆਸਰੇ ਰਹਿਣ ਦੇ, ਜੀਣ ਦੇ, ਵੱਡੇ ਤੇ ਘਣੇ, ਬਰਕਤੀਲੇ,
ਜਿਹੜੇ ਇਕ ਨੂੰ ਨਹੀਂ, ਦੋ ਨੂੰ ਨਹੀਂ, ਸਾਰੇ ਜਗਤ ਨੂੰ ਠਾਰਨ ਦੇ ਸਮਰੱਥ ਸਨ,
ਜਿੱਥੇ ਖੁੱਲ੍ਹੇ ਮੈਦਾਨ ਸਨ ਸਾਵੇ ਪੰਨੇ ਦੀ ਝਾਲ ਵਾਲੇ, ਵਿਚ ਪਾਣੀ ਵਾਂਗ
ਹੀਰਿਆਂ ਦੀਆਂ ਲੜੀਆਂ ਖੇਡਦੇ,
ਜਿਥੇ ਥਾਂ ਥਾਂ ਘੁਲੀ ਚਾਂਦੀ ਦੇ ਚਸ਼ਮੇ ਖੁੱਲ੍ਹੇ ਮਲ੍ਹਾਰ ਸਨ ਗਾਉਂਦੇ,
ਜਿੱਥੇ ਨਾਚ ਸੀ ਚੰਨੇ ਦੀ ਚਾਨਣੀ ਦਾ ਨਾਲ ਨੱਚਦਿਆਂ ਪਾਣੀਆਂ,

ਥਾਈਂ ਥਾਈਂ ਫੁਹਾਰਾਂ ਦੀ ਨਿੱਕੀ ਨਿੱਕੀ, ਕਿਣ ਮਿਣ, ਉੱਤੇ ਖਿੜੇ ਕੌਲਾਂ ਦੇ ਪੈਂਦੀਆਂ,
ਉਥੇ ਅੱਜ ਇਕ ਅੱਗ ਪਈ ਬਲਦੀ, ਰੜਾ ਪਿਆ ਤਪਦਾ, ਧੁਖਦਾ ਵਾਂਗ ਮਾਰੂਥਲ ਦੇ,
ਤੇ ਪਾੜ ਪਾੜ ਦਿਲ ਦੀ ਛਾਇਆ ਤੇ ਸਾਇਆ ਸਾਰੀ, ਤੇ ਤੋੜ ਤੋੜ ਤਿਣਕੇ ਸਾਰੀ ਆਸ ਦੇ, ਮਾਤਾ ਇੱਛਰਾਂ ਦਾ ਦਿਲ ਸੀ ਮੁੜ, ਮੁੜ, ਰੋਜ਼ ਰੋਜ਼ ਨਵੀਂ ਤੇ ਸੱਜਰੀ ਇਕ ਮੌਤ ਮਰਦਾ ।

ਗੋਰਖ ਨਾਥ ਜੋਗੀ ਦਾ ਆਉਣਾ ਪੂਰਨ ਦੇ ਖੂਹ 'ਤੇ

ਉਨ੍ਹਾਂ ਦਿਨਾਂ ਵਿਚ ਉਸ ਖੂਹ 'ਤੇ ਲੱਥਾ ਆਣ ਉਥੇ ਇਕ ਝੁੰਡ ਜੋਗੀਆਂ ਦਾ ।
ਆਖੇ ਖੜ ਖੂਹ 'ਤੇ ਗੋਰਖ ਨਾਥ ਜੋਗੀ, ਖੂਹ ਵਿਚ ਕੌਣ ਬੋਲਦਾ ਤੂੰ ਹੈਂ, ਭੂਤ ਹੈਂ ਪ੍ਰੇਤ ਹੈਂ ?
ਤੇ ਗੋਰਖ ਮਗਰ ਖੜੇ ਕੁਲ ਚੇਲੇ ਚਾਟਕੜੇ, ਕਈ ਮੁੰਦਰਾਂ ਵਾਲੇ ਕੁਝ ਸਹਿਮ ਤੇ ਕੁਝ ਅਚਰਜ ਭਰੇ

ਪੂਰਨ ਆਖਦਾ ਮੈਂ ਇਕ ਮਾਂ ਦਾ ਪੁੱਤ ਹਾਂ, ਨਾ ਭੂਤ, ਨਾ ਪ੍ਰੇਤ ਸੱਜਣਾਂ,
ਮੈਨੂੰ ਜ਼ਾਲਮ ਖੂਹ ਵਿਚ ਸੁੱਟ ਗਏ, ਅੰਗ ਮੇਰੇ ਪੱਛ ਕੇ,
ਮੈਂ ਤਾਂ ਜੀਂਦਾ ਜਾਗਦਾ ਆਦਮੀ ।

ਗੋਰਖ ਨੇ ਕੱਢਿਆ ਖੂਹ ਵਿਚੋਂ ਪੂਰਨ, ਉਹਦੇ ਜ਼ਖ਼ਮ ਕੁਝ ਕੁਝ ਆਠਰੇ, ਪਾਣੀ ਠੰਢੇ ਦੀ ਮਲ੍ਹਮ ਨਾਲ,
ਨਾਤਾਕਤ ਸੀ ਪੂਰਨ, ਪੀਲਾ, ਚਿੱਟਾ, ਨੀਲਾ, ਕੱਢ ਗੋਰਖ ਨੇ ਸੰਭਾਲ ਲੀਤਾ,
ਦਾਰੂ ਦਿੱਤਾ, ਅਸੀਸ ਦਿੱਤੀ, ਪੂਰਨ ਸਾਵਧਾਨ ਕੀਤਾ ।

ਕੁਝ ਦਿਨਾਂ ਮਗਰੋਂ ਗੋਰਖ ਪੂਰਨ ਨੂੰ ਆਖਦਾ, ਜਾਹ ਬੱਚਾ ! ਹੁਣ ਅਸਾਂ ਇਥੋਂ ਕੂਚ ਕਰਨਾ,
ਅਜ ਅਸਾਂ ਧਿਆਨ ਆਪਣੇ ਵਿਚ ਤੱਕੀ ਮਾਂ ਤੇਰੀ, ਲੰਮੀ ਡੀਲ ਤੇ ਦੇਵੀ ਕੁਲ ਨੁਹਾਰ ਉਸ ਦੀ, ਧੁਰ ਦੀ ਰਾਣੀ ਮਾਂ ਤੇਰੀ, ਹੁਣ ਅੱਖਾਂ ਉਹਦੀਆਂ ਵਿਚ ਬਸ ਲੋਅ ਘਟਦੀ,
ਰੋ ਰੋ ਵੰਞਾਉਂਦੀ ਕੁਝ ਹਾਲ ਆਪਣਾ, ਤੇਰੀ ਮਾਂ ਦਿਨੋ-ਦਿਨ ਸੁਕਦੀ ਹੈ ।
ਪੂਰਨ, ਪੂਰਨ ਕਰਦੀ, ਸਾਹ ਲੈਂਦੀ, ਆਹਾਂ ਭਰਦੀ, ਹਾਲਤ ਅਜਬ ਉਹਦੀ ਤਰਸਦੀ ਹੈ,
ਜਾਹ ਬੱਚਾ, ਮਿਲ ਮਾਂ ਨੂੰ ਹਰਾ ਕਰ ਮੁੜ ਮਾਂ ਨੂੰ, ਮਾਂ ਤੇਰੀ, ਤੇਰੇ ਬਿਨਾਂ ਵਾਂਗ ਮੱਛੀ ਇਕ, ਬਿਨ ਪਾਣੀ ਤੜਫਦੀ ਹੈ ।
ਪਰ ਆਖਦਾ ਪੂਰਨ : ਨਾਥ ਜੀ ! ਤੁਸੀਂ ਜਾਣਦੇ ਹੋ, ਮੋਇਆਂ ਦਾ-ਮੁੜ

ਆਉਣਾ ਕਈਆਂ ਨੂੰ ਮੁੜ ਮਾਰੇ ਤੇ ਆਪ ਵੀ ਨਾ ਚਿਰਕਾਲ ਜੀਵਣਾ
ਮਿਲੇ, ਮੌਤ ਆਪਣੀ ਤੇ ਮਾਂ ਦੀ ਦੋਹਾਂ ਮੁੱਢੋਂ ਸੱਢੋਂ ਫਿਰ ਆਣਨੀ ਹੈ ।
ਹੁਣ ਮਿਲਣਾ ਮਾਂ ਨੂੰ ਨਹੀਂ ਵੜ ਉਸ ਮਹਿਲ ਅੰਦਰ, ਮਿਲਾਂਗੇ ਮਾਂ ਨੂੰ ਉਸ
ਮੁਲਕ ਜਿੱਥੇ ਵਿਛੋੜਾ ਮੂਲ ਮੁੜ ਨਹੀਂ ਹੈ, ਜਿੱਥੇ ਨਹੀਂ ਕੋਈ ਬੇ-ਨਿਆਂ,
ਜ਼ਾਲਮ; ਜਿੱਥੇ ਮਿਹਰ ਪਿਆਰ ਹੀ ਪਿਆਰ ਨੂੰ ਤੋਲਦੀ ਹੈ ।
ਇਥੇ ਹੁਣ ਮੁੜ ਉਂਜ ਨਹੀਂ ਜੀਣਾਂ, ਜਿਸ ਵਿਚ ਰਾਜਿਆਂ ਦੇ ਹੱਥ ਹੇਠ ਰਹਿਣ
ਦੀ ਲੋੜ ਹੁੰਦੀ ।
ਜਿਥੇ ਬੇਗੁਨਾਹਾਂ, ਬੇਦੋਸ਼ਿਆਂ ਨੂੰ ਦੋਸ਼ ਦੇਣ, ਅੱਖਾਂ ਦੇਖਣ ਵਾਲੀਆਂ ਥੀਂ ਹੋਣ
ਹੀਣੇ, ਜਿਥੇ ਜਾਣਨ ਲੋਕੀਂ ਰੱਬ ਸੱਚਾ, ਸੱਚ ਰੱਬ ਹੈ, ਨਿਆਂ ਰੱਬ ਹੈ,
ਪਿਆਰ ਰੱਬ ਹੈ, ਨਾ ਭੈ ਖਾਣ, ਨਾ ਤਰਸ ਆਵੇ
ਜਿਥੇ ਵਹਿਮਾਂ, ਭਰਮਾਂ, ਵਿਥਾਂ, ਪੁਲਾੜਾਂ ਤੇ ਸੱਖਣੇਪਣ ਵਿਚ ਕੁਲ ਉਮਰ ਗੁਜ਼ਰੇ;
ਖਾਣ, ਪੀਣ, ਸੈਂਣ, ਰਹਿਣ ਵਾਂਗ ਪਸ਼ੂਆਂ ਦੇ ਤੇ ਕਹਿਣ ਅਸੀਂ ਆਦਮੀ
ਇਨਸਾਨ ਤੇ ਪਾ ਪਾ ਬਹਿਣ ਕੱਪੜੇ ਇਨਸਾਨ ਦੇ ਤੇ ਮਾਣ ਕਰਨ
ਇਨਸਾਨ ਹੋਣ ਦਾ, ਪਸ਼ੂਆਂ ਥੀਂ ਵੀ ਘੱਟ ਉਨ੍ਹਾਂ ਦੀ ਰਹਿਣੀ ।
ਜਿਥੇ ਵਾਂਗ ਚੌਪਾਇਆ ਮਨੁੱਖ ਦਾ ਕੰਮ, ਦਿਨ ਰਾਤ ਖੁਰਲੀ ਵਿਚ ਘਾਹ ਪੱਠਾ
ਖਾਣਾ, ਖਾਣਾ ਤੇ ਸੈਂਣਾ, ਮੁੜ ਖਾਣਾ, ਖਾ ਖਾ ਬਲਨਾ ਜਿਵੇਂ ਘਾਹਾਂ
ਦਾ ਢੇਰ
ਮੈਨੂੰ ਤਾਂ ਡਰ ਲੱਗਦਾ, ਦਿਸਦੇ ਇਨ੍ਹਾਂ ਮਨੁੱਖਾਂ ਦੇ ਘਰ ਵਾਂਗ ਹਨੇਰੀ ਕਬਰਾਂ
ਮੁਰਦੇ ਵਿਚ ਰਹਿੰਦੇ ਇਕ ਭਿਆਨਕ ਜਿਹੇ ਸੁਫ਼ਨੇ, ਦੁੱਖ ਵਿਚ ਬੁੜ੍ਹਕਦੇ,
ਸਿਸਕਦੇ, ਅੱਧ ਮੋਏ, ਅੱਧ ਜੀਂਦੇ, ਬੇਹੋਸ਼, ਸਭ ਕੈਦੀ ।
ਐਸੀ ਦੁਨੀਆਂ ਵਿਚ ਜਾ, ਮੁੜ ਕੀ ਲੈਣਾ ਨਾਥ ਜੀ ।
ਮੈਨੂੰ ਤਾਂ ਦਿਲ ਦੇ ਹਨੇਰਿਆਂ ਥੀਂ ਖ਼ੌਫ਼ ਆਵੇ, ਘਬਰਾਹਟ ਪਵੇ,
ਮੈਨੂੰ ਤਾਂ ਲੋਅ ਕਿਤੇ ਨਹੀਂ ਦਿਸਦੀ, ਇਸ ਬੇਹੋਸ਼ ਜਿਹੀ ਹੈਵਾਨ ਦੁਨੀਆਂ ਵਿਚ।

ਦੱਸੋ ਤੁਸੀਂ ਮੈਨੂੰ, ਰੱਬ ਮਿਲਾਏ ਤੁਸੀਂ ਜੋਗ ਆਪਣੇ ਦਾ ਰਾਹ ਤੇ ਭੇਤ ਸਾਈਂ ?
ਉਸ ਲੋਅ ਦੱਸੋ ਕਿੰਜ ਤੇ ਕਿੱਥੇ ਫੁੱਟਦੀ, ਜਿਸ ਲਗਿਆਂ ਮੋਏ ਵੀ ਉਠ ਜੀਂਦੇ ?
ਜਿਸ ਆਸਰੇ ਦਿਸੇ ਸੱਚ ਰੱਬ ਵਾਲਾ, ਦੋਵੇਂ ਕਿਸਦਾ ਪਿਸਦਾ ਤੇ ਅਣਦਿਸਦਾ
ਜਿਥੇ ਭਲਕਾ, ਅੱਜ ਤੇ ਕੱਲ੍ਹ ਬਸ ਇਕ ਹੁਣ ਹੋਣ, ਤ੍ਰੈਕਾਲ ਦਰਸ਼ੀ ਜੋਗੀ
ਆਣ ਹੁੰਦੇ, ਜਿਥੇ ਮੌਤ ਜੋਗੀ ਆਪ ਜਦ ਚਾਹੁਣ ਮਰਦੇ, ਫਿਰ ਉਸੇ
ਸਰੀਰ ਵਿਚ ਆਣ ਵੜਦੇ, ਮੁੜ ਜੀਂਦੇ, ਮੁੜ ਉੱਡਦੇ, ਇੱਛਿਆਧਾਰੀ
ਹੋਣ ।
ਜਿਸ ਲੋਅ ਵਿਚ ਦਿਸਦੇ ਰੂਹ, ਦੇਵੀ ਦੇਵਤਿਆਂ ਦੇ ਅਣ-ਦਿਸਦੇ ਪ੍ਰਭਾਵ
ਸਿਞਾਂਣਨ ਵਖੋ ਵਖ ਵਾਗ ਰਾਗ ਦੀਆਂ ਸੁਰਾਂ ਦੇ, ਵਾਂਗ ਬੋਲਾਂ, ਛੋਹਾਂ,
ਠੰਢਾਂ, ਮਿਹਰਾਂ ਦੇ ।
ਜੋਤ ਬਸ ਉਹ ਅਗੰਮ ਵਾਲੀ ਮੇਰੇ ਅੰਦਰ ਜਗਾ ਦਿਉ ਨਾਥ ਜੀ ।
ਦਿਖਲਾ ਮੇਰੇ ਅੰਦਰੇ, ਅਗਲਾ ਪਿਛਲਾ ਦੇਵੀਂ,
ਮੋਏ ਦਿਖਾ ਹਾਲ ਜੀਉਂਦੇ ਜਾਗਦੇ, ਆਉਣ ਵਾਲੇ ਦਿਖਾ ਜਿਹੜੇ ਨਹੀਂ ਹੋਏ

ਅਜੇ; ਅੱਜ ਕੱਲ੍ਹ ਭਲਕੇ ਦੀ ਨਾ ਵਿਥ ਰਵ੍ਹੇ, ਮੁਲਕ ਅਣਦਿਸਦੇ
ਦਿਖਾ ਮੌਤ ਦੇ ਪਾਰਲੇ ਕੰਢੇ ਦੇ।
ਤੇ ਹੱਥ ਮੇਰੇ ਦੇਵੀਂ ਜ਼ੋਰ ਉਹ, ਜਿਹੜਾ ਮੋਏ ਜ਼ਿੰਦਾ ਕਰੇ, ਕੱਟੇ ਕੈਦ ਰੂਹਾਂ
ਦੀਆਂ ਬੇੜੀਆਂ।

ਗੋਰਖ ਨਾਥ ਦਾ ਝੁੰਡ ਉਤਰਿਆ ਦੇਸ ਸੁੰਦਰਾਂ ਦੇ

ਗਿਆ ਨਿਕਲ ਝੁੰਡ ਉਥੋਂ ਜੋਗੀਆਂ ਦਾ, ਬਗਲੀ ਪਾ ਪੂਰਨ ਉਸ ਦੇਸ਼ ਦਾ
ਅਣ ਵਿੰਨ੍ਹਿਆ ਮੋਤੀ।

ਗੋਰਖ ਨਾਥ ਨੇ ਮੋਤੀ ਇਕ ਦਿਨ ਉਹ ਵਿੰਨ੍ਹ ਦਿੱਤਾ, ਕੰਨ ਪਾੜੇ, ਮੁੰਦਰਾਂ ਕੰਨ
ਪਾਈਆਂ, ਬਿਭੂਤ ਰਮਾਈ, ਜੋਗੀ ਪੂਰਾ ਪੂਰਨ ਨੂੰ ਬਣਾ ਦਿੱਤਾ।
ਪੂਰਨ ਦਾ ਹੁਸਨ ਲਸਿਆ ਵਾਂਗ ਪ੍ਰਭਾਤ ਦੇ ਜੀ, ਕੁਝ ਕੱਜਿਆ, ਕੱਜਿਆ,
ਨੀਲੀ ਧੂਣੀ ਦੀ ਬਿਭੂਤ ਜਿਹੀ ਵਿਚ, ਭਬਕਾਂ ਮਾਰਦਾ, ਡਲ੍ਹਕਦਾ,
ਇਕ ਨੂਰ ਚੜ੍ਹਿਆ ਵੈਰਾਗਿਆ ਤੇ ਗਿਆਨ ਦਾ ਮਿਲਿਆ ਮਿਲਿਆ,
ਉਹਦੇ ਜੋਗੀ ਰੂਪ 'ਤੇ ਤਿਲ੍ਹਕੇ ਰੋਸ਼ਨੀ।
ਪੂਰਨ ਜੋਗੀ ਸੀ ਵਾਂਗ ਮੋਤੀਆਂ, ਹੀਰਿਆਂ, ਚੂਨੀਆਂ, ਤਾਰਿਆਂ, ਇਕ ਹੁਸਨ
ਰੱਬੀ, ਇਕ ਲਿਸ਼ਕ ਧਿਆਨ ਸਿੱਧ ਫ਼ਕੀਰ ਦੀ ਸੀ।

ਸੁੰਦਰਾਂ ਰਾਣੀ ਦੇ ਦੇਸ ਦਾ ਇਕ ਟਿੱਲਾ ਵਸ ਪਿਆ

ਝੁੰਡ ਜੋਗੀਆਂ ਦਾ ਰਮਦਾ ਰਮਦਾ, ਜਾ ਪਹੁੰਚਿਆ ਦੇਸ ਰਾਣੀ ਸੁੰਦਰਾਂ ਦੇ।
ਇਕ ਨਿੱਕੇ ਜਿਹੇ ਟਿੱਲੇ, ਸ਼ਹਿਰ ਥੀਂ ਥੋੜੀ ਵਾਟ 'ਤੇ, ਝੰਡੇ ਲੱਗੇ ਲਹਿਰਨਾ
ਉਨ੍ਹਾਂ ਜੋਗੀਆਂ ਦੇ, ਕਿੰਗਣੀ ਵੱਜਦੀ, ਸਿੰਗਨੀ ਵੱਜਦੀ, ਵੱਜਣ ਨਾਥਾਂ
ਦੇ ਸੰਖ ਤੇ ਧੂਤੇ;
ਧੂੰਮਾਂ ਧੂੰਮ, ਗਹਿਮਾਂ ਗਹਿਮ ਹੋਇਆ ਟਿੱਲਾ ਜੋਗੀਆਂ ਦਾ।

ਪੂਰਨ ਦੀ ਪਹਿਲੀ ਭਿੱਛਿਆ

ਪਹਿਲੀ ਵਾਰ ਚੱਲਿਆ ਪੂਰਨ ਭਿੱਛਿਆ ਨੂੰ ਪਰ ਗਲੀਆਂ ਵਿਚ ਮੰਗਣਾਂ,
ਵਰਤਣਾਂ ਨਾਲ ਤੀਵੀਆਂ ਦਾਤੀਆਂ ਦੇ ਉਹਨੂੰ ਅਜੇ ਸਨ ਨਹੀਂ ਆਏ।
ਪਰ ਪੂਰਨ ਦਾ ਇਹ ਭਿੱਛਿਆ ਮੰਗਣ ਨੂੰ ਚੜ੍ਹਨਾ, ਜੋਗ ਮਾਰਗ ਤਿਆਗ ਦੀ
ਸੀ ਇਕ ਸੁਹਣੱਪ ਡਾਢੀ, ਇਕ ਰੰਗ ਸੀ ਸ਼ੋਖ ਦਾ, ਜਿਹੜਾ ਮੰਗ
ਮੰਗ, ਦੂਜਿਆਂ, ਨਾਲ ਦੇ ਜੋਗੀਆਂ ਵਿਚ, ਪਿਆ ਫਿੱਕਾ, ਦੇਹ ਧੂੜ ਪੈ
ਪੈ ਉਹ ਰੰਗ ਸੀ ਉਨ੍ਹਾਂ ਦੇ ਚਿਹਰਿਆਂ ਦਾ ਹਿਸਿਆ, ਮਲਿਆ ਘਸਿਆ।

ਪੂਰਨ ਜਾਂਦਾ ਦੌੜਦਾ ਕਿਸੇ ਜੋਗ ਵੈਰਾਗ ਤਿਆਗ ਦੇ ਆਦਰਸ਼ ਜੋਸ਼ ਵਿਚ,

ਲਾਪ੍ਰਵਾਹ ਮਸਤ ਅਲਮਸਤ ਆਲੱਖ ਆਲੱਖ ਕਰਦਾ ਜੋਗੀ ਜਾਂਵਦਾ
ਭਿੱਛਿਆ ਨੂੰ ।
ਠਹਿਰਦਾ ਨਹੀਂ ਮੂਲ ਜੋਗੀ ਸਿੱਧਾ ਤੀਰ ਵਗਿਆ ਜਾਉਂਦਾ, ਮਗਰ ਵਗਦੀ
ਤੀਵੀਆਂ ਦੀ ਇਕ ਸਾਰੀ ਗਲੀ, ਇਕ ਜੋਗੀ ਨਵਾਂ ਆਇਆ ਹੈ ।
ਮੰਗਣ ਦਾ ਵੱਲ ਨਾ ਇਸ ਨੂੰ ਆਉਂਦਾ ਨੀ ਅੜੀਓ, ਇਹ ਤਾਂ ਪਾਤਸ਼ਾਹ
ਕਿਸੇ ਦਾ ਪੁੱਤ ਨਵਾਂ ਜੋਗੀ ਬਣ ਆਇਆ ਹੈ ।
ਠਹਿਰੇ ਨਾ ਇਹ ਜੋਗੀ, ਭਿੱਛਿਆ ਪਾਵੇ ਕੌਣ ?
ਮਗਰ ਨੱਸਦਾ ਸਾਰਾ ਸ਼ਹਿਰ ਸੁੰਦਰਾਂ ਦਾ ਨਿਕਲ ਟੁਰਿਆ, ਕੁੜੀਆਂ, ਚਿੜੀਆਂ,
ਸੱਜ-ਵਿਆਹੀਆਂ, ਨੱਸ ਨੱਸ ਮਗਰ ਜਾਂਦੀਆਂ, ਨਿੱਕੇ ਨਿੱਕੇ ਬੱਚੇ
ਆਖਣ ਖਲੋ ਜੋਗੀਆ, ਠਹਿਰ ਜੋਗੀਆ, ਦੇ ਦਰਸ਼ਨ ਜੋਗੀਆ ।
ਮਾਵਾਂ ਆਖਣ ਦਿਲ ਸੜੇ ਸਾਡਾ, ਦੇਖੋ ਇਹ ਜੋਗੀ, ਕਿਹਾ ਸੁਹਣਾ ਪੁੱਤ ਕਿਸੇ
ਮਾਂ ਦਾ, ਇਹਨੂੰ ਕਿਉਂ ਵੈਰਾਗ ਆਇਆ, ਵਹੁਟੀ ਚੰਗੀ ਨਾ ਮਿਲੀ,
ਜਾਂ ਬਾਪ ਮਾਰਿਆ, ਇਹ ਬਿਭੂਤਾਂ ਵਿਚ ਆਣ ਕਿਉਂ ਰੁਲਿਆ, ਇਹ
ਪੁੱਤ ਕਿਸੇ ਪਾਤਸ਼ਾਹ ਦਾ ?
ਉਹ ਮਾਂ ਕੀ ਕਰਦੀ ਜਿਸ ਦਾ ਇਹ ਜਵਾਨ ਪੁੱਤਰ ਜੋਗੀ ਜਾ ਬਣਿਆਂ ?

ਸੁੰਦਰਾਂ ਰਾਣੀ ਦੇ ਮਹਿਲ 'ਤੇ ਪੂਰਨ ਖੜਾ

ਅਜਬ ਜੋਗੀ ਦੀ ਲਟਕ ਸੀ, ਅੱਖਾਂ ਹਿਠਾਹਾਂ ਨੂੰ, ਦਿਲ ਆਸਮਾਨਾਂ ਵਿਚ
ਫਿਰਦਾ, ਜੋਗੀ ਖੜ੍ਹਾ ਸੁੰਦਰਾਂ ਰਾਣੀ ਦੇ ਮਹਿਲ 'ਤੇ ।
ਸੁੰਦਰਾਂ ਖੋਲ੍ਹ ਆਪਣੀਆਂ ਬਾਰੀਆਂ, ਦੇਖ ਪੂਰਨ, ਬੇਹੋਸ਼ ਹੋਈ ।
ਇਹ ਕੰਵਾਰੀ, ਨੱਢੀ, ਰਾਣੀ ਦੇਸ ਦੀ ਉਡੀਕਦੀ ਜਿਸ ਨੂੰ ਸੀ, ਉਹ ਆਇਆ,
ਇਕ ਪਲਕਾਰੇ ਵਿਚ ਕੁਝ ਹੋਇਆ, ਜਿਵੇਂ ਸਦੀਆਂ ਦੀ ਵਿਛੜੀ ਮਿਲੀ ਸੀ ।

ਕੱਢ ਮੋਤੀਆਂ ਦਾ ਥਾਲ ਭਰਿਆ, ਪਾਇਆ ਜਾ ਪੂਰਨ ਦੀ ਬਗਲੀਆਂ,
ਲੈ ਕੇ ਭਿੱਛਿਆ ਰਾਣੀ ਸੁੰਦਰਾਂ ਦੀ, ਪੂਰਨ ਟੁਰ ਗਿਆ ਟਿੱਲੇ ਨੂੰ,
ਤੇ ਜਾ ਗੋਰਖ ਨਾਥ ਅੱਗੇ ਮੋਤੀਆਂ ਦਾ ਢੇਰ ਲਾਇਆ ।

ਗੋਰਖ ਨਾਥ ਆਖੇ, ਪੂਰਨ ਨਾਥ ਜੀ ! ਇਹ ਕੀ ਲਿਆਏ ਹੋ ? ਮੋਤੀ ਨਾ ਭਿੱਖ
ਸਾਡਾ, ਮੋਤੀ ਭੁੱਖ ਲਾਹੁਣ ਅੱਖੀਆਂ ਦੀ, ਮੋਤੀ ਨਾ ਭਰਨ ਪੇਟ ਸੱਖਣੇ ਜੀ ।
ਸਾਧਾਂ ਨੂੰ ਕੀ ਲੋੜ ਅੱਖੀਆਂ ਦੇ ਭੋਗ ਦੀ, ਨਾਥਾ ! ਅਸਾਂ ਤਾਂ ਸੁੱਕਾ ਮਿੱਸਾ ਖਾ,
ਠੰਡਾ ਪਾਣੀ ਪੀ ਜੀਣਾ, ਜੋਗੀਆਂ ਦਾ ਅਲਪ ਆਹਾਰ ਬਸ ਮੰਗਣਾ ਸੀ।

ਗਿਆ ਪੂਰਨ ਪਿੱਛੇ ਉਹਨੀਂ ਪੈਰੀਂ, ਦਿੱਤੇ ਮੋੜ ਮੋਤੀ, ਇਹ ਨਹੀਂ ਜੋਗੀ ਖਾ
ਸਕਦੇ ਰਾਣੀਏ ! ਦੇਹ ਭਿੱਛਿਆ,
ਸੁੱਕੀ ਮਿੱਸੀ ਰੋਟੀ ਪਹੁੰਚਾ, ਬੈਠੇ ਜੋਗੀ ਕੁੱਲ ਭੁੱਖੇ ।

ਸੁੰਦਰਾਂ ਰਾਣੀ ਆਉਂਦੀ ਦਰਸ਼ਨਾਂ ਨੂੰ

ਪੂਰਨ ਨਾਲ ਚਲ, ਰਾਣੀ ਸੁੰਦਰਾਂ ਆਪ ਆਈ, ਪਕਵਾ ਸਭ ਪਕਵਾਨ, ਜੋਗੀਆਂ ਤੇ ਰੱਜ ਰੱਜ ਭੋਗ ਲਗਾਏ ਮੰਡਲੀਆਂ।

ਦੇਖ ਹੁਸਨ ਪਰੀ ਰਾਣੀ ਸੁੰਦਰਾਂ ਦਾ ਜੋਗ ਭੁੱਲੇ ਟਿੱਲੇ 'ਤੇ ਬੈਠੇ ਜਿੰਨੇ ਜੋਗੀ, ਮੰਤ੍ਰ ਦੀ ਥਾਂ ਮੁੜ ਮੁੜ ਉਚਾਰਨ 'ਸੁੰਦਰਾਂ', 'ਸੁੰਦਰਾਂ', ਡੋਲਿਆ ਇਕ ਨਾਹ ਗੋਰਖ ਨਾਥ ਪੱਕਾ ਤੇ ਇਕ ਪੂਰਨ ਨਾਥ ਨਵਾਂ ਜੋਗੀ।

ਪਰ ਰਾਣੀ ਦਾ ਪਿਆਰ ਤੇ ਚਾਅ, ਤੇ ਅਰਦਾਸ ਸੱਚੀ ਰਾਣੀ ਦਾ ਰੂਹ ਮੰਗਦਾ ਪੂਰਨ ਦਾ ਸਾਇਆ।
ਰਾਣੀ ਦੀ ਅਰਦਾਸ ਸੱਚੀ ਦਾ ਪ੍ਰਭਾਵ ਪਿਆ ਸੱਚਾ, ਗੋਰਖਨਾਥ ਖ਼ੁਸ਼ੀ ਹੋ ਆਖਦਾ, ਤਰੁੱਠਾ ! ਮੰਗ ਰਾਣੀਏ ! ਜੋ ਵਰ ਮੰਗਣਾ ?

ਸੁੰਦਰਾਂ— ਜੇ ਤਰੁਠੇ ਤੁਸੀਂ ਨਾਥ ਭਾਰੇ, ਤਦ ਦਿਓ ਚੀਜ਼ ਜਿਹੜੀ ਮੇਰਾ ਰੂਹ ਟੋਲਦਾ,
ਟੋਲਦਾ ਆਇਆ ਰਾਹੀਂ ਲੰਮੀ, ਲੰਮੀ ਉਮਰਾਂ, ਜਨਮਾਂ, ਮੈਂ ਤਾਂ ਮੰਗਤੀ ਸੱਚੇ ਪਿਆਰ ਦੀ ਹਾਂ।

ਇਹ ਜਗਤ ਸਾਰਾ ਮੈਨੂੰ ਖਾਣ ਦੌੜਦਾ, ਮੈਂ ਇਕੱਲੀ ਹਾਂ, ਮੈਂ ਆਪਣਾ ਰੱਬ ਮੰਗਦੀ ਹਾਂ, ਆਪਣਾ ਸਿਦਕ ਈਮਾਨ, ਪਿਆਰ ਸੱਚਾ, ਮੈਨੂੰ ਮੇਰੇ ਦਿਲ ਵਿਚ ਪੂਜਾ ਦੀ ਥਾਂ ਬਖ਼ਸ਼ੋ, ਮੈਨੂੰ ਅੰਦਰ ਇਕ ਮੰਦਰ ਉਸਾਰ ਦਿਓ।
ਦਿਓ ਇਕ ਦੇਵਤਾ ਸਥਾਪ ਤੁਸੀਂ, ਰੱਬ ਮੇਰਾ, ਮੇਰੀਆਂ ਭੁੱਲਾਂ ਬਖ਼ਸ਼ਣ ਵਾਲਾ, ਮੇਰੀਆਂ ਨਿੱਕੀਆਂ ਨਿੱਕੀਆਂ ਫੁੱਲ ਪੱਤਰ ਦੀਆਂ ਭੇਟਾਂ ਲੈਣ ਵਾਲਾ !
ਰਾਣੀਏ ! ਇਹ ਤੂੰ ਕੀ ਮੰਗਿਆ ਹੈ ? ਰੱਬ ਦਾ ਮਿਲਣ ਕਠਨ ਧੀਆ ! ਜੋਗ ਖੇਡ ਕਈ ਜਨਮਾਂ ਲੰਮਿਆਂ ਦੀ ਧੀਆ, ਔਖਾ ਰੱਬ ਦਾ ਪਾਣ ਧੀਆ, ਜੋਗ ਨਹੀਂ ਜ਼ਨਾਨੀ ਜਾਤ ਦੀ ਕਮਾਣ ਦੀ ਚੀਜ਼ ਧੀਆ, ਇਹ ਰਾਹ ਕਠਨ ਹੈ ਰਾਣੀਏ ਨੀ।
ਜੋਗ ਦੀ ਧਾਰਨਾ ਬਹੁਤ ਔਖੀ, ਇਹ ਚੀਜ਼ ਨਹੀਂ ਦੇਣ ਦੀ ਧੀਆ;
ਇਹ ਤਾਂ ਕਰਨੀ ਕਰਮ ਦੀ ਖੇਡ ਧੀਆ; ਜਿਹੜਾ ਕਰੇ ਸੋ ਲਏ ਧੀਆ।
ਅਸਮਰਥ ਹਾਂ, ਬੱਚਾ ! ਬਿਨ ਕਮਾਈ ਕਰੜੀ ਦੇ ਜੋਗ ਦੇਣ ਦੇ,
ਤੂੰ ਮੰਗ ਉਹ ਚੀਜ਼ ਜਿਹੜੀ ਦੇਣ ਜੋਗੀ ਤੇ ਮੈਂ ਦੇਣ ਜੋਗਾ।

ਰਾਣੀ ਸੁੰਦਰਾਂ ਵਰ ਮੰਗਦੀ

ਨਾਥ ਜੀ ! ਜੋਗ ਦੀ ਮੈਂ ਭੁੱਖੀ ਨਾਂਹ, ਭੋਗ ਦੀ ਵੀ ਬਸ ਨਾ ਲੋੜ ਮੈਨੂੰ, ਦੁਨੀਆਂ ਰੱਜ ਦੇਖੀ,

ਮੈਂ ਤਾਂ ਟੇਕ ਇਕ ਆਪਣੇ ਸਿਦਕ ਦੀ ਟੋਲਦੀ ਹਾਂ, ਮੈਂ ਤਾਂ ਇਕ ਬਾਂਸਰੀ ਦੀ
ਧੁਨੀ ਦੀ ਚਾਹ ਵਾਲੀ, ਜਿਸ ਨਾਲ ਮੇਰੀ ਸੁਰ ਮਿਲੇ ਤੇ ਮੈਂ
ਰੂਹ ਦਾ ਗੀਤ ਗਾਵਾਂ ।

ਮੈਂ ਆਪ ਵਾਲਾ, ਜੋਗ ਵਾਲਾ, ਧਰਮ ਤੇ ਕਰਮ, ਤੇ ਰੱਬ ਨਾਂਹ ਚਾਹੁੰਦੀ ਹਾਂ,
ਉਹ ਰੱਬ ਮਰਦਾਂ ਦਾ, ਅਸਾਂ ਤੀਵੀਆਂ ਨੂੰ ਨਾ ਕਾਈ ਲੋੜ ਉਹਦੀ;
ਮੈਂ ਤਾਂ ਇਸ ਅਨੰਤ ਪੁਲਾੜ ਦੀ ਡਰਾਵਣੀ ਇਕੱਲ ਵਿਚ ਆਪਣੇ ਜਿਹਾ ਚਾਹਾਂ
ਬਸ ਇਕ ਸਾਥੀ;
ਜਿਹੜਾ ਮੇਰੇ ਨਾਲ ਗੱਲਾਂ ਕਰੇ, ਜਿਹੜਾ ਹੱਸੇ ਮੇਰੇ ਨਾਲ, ਮੈਂ ਹੱਸਾਂ ਜਿਸ ਨਾਲ,
ਖੇਡ ਖਿਡਾਵੇ, ਮੈਂ ਤਾਂ ਬਾਦਸ਼ਾਹ ਟੋਲਦੀ ਆਪਣੇ ਦਿਲ ਦੇ ਤਖ਼ਤ ਦਾ ।
ਮੈਂ ਤਾਂ ਉਹ ਰੱਬ ਟੋਲਦੀ ਜਿਸ ਨੂੰ ਦੇਖਾਂ, ਸੁੰਘਾਂ, ਹੱਥ ਲਾਵਾਂ, ਪੀਵਾਂ ਖਾਵਾਂ,
ਜੀਵਾਂ, ਥੀਵਾਂ ਜਿਸ ਨਾਲ ਨਾਲ ;
ਜਿਸ ਨੂੰ ਪੂਜਾਂ, ਪਿਆਰਾਂ, ਸਤਿਕਾਰਾਂ ਤੇ ਜਿਹੜਾ ਰੱਬ ਵਾਂਗੂੰ ਕਬੂਲੇ ਮੇਰੇ ਦਿਲ
ਦੇ ਵਾਰਨੇ ਤੇ ਕੈੜ ਲਵੇ ਮੇਰੀ ਹਰ ਦੁੱਖ ਸੁਖ ਵਿਚ, ਮੇਰੀ ਰੂਹ ਦੀਆਂ
ਤਰੁੱਟੀਆਂ ਸਬੂਤੀਆਂ ਨੂੰ ਜਾਣਨ ਵਾਲਾ,
ਮੌਤ ਵੇਲੇ, ਮੌਤ ਥੀਂ ਪਰੇ, ਜਿਸ ਦੀਆਂ ਬਾਹਾਂ ਦੀ ਲਮਕ ਪਹੁੰਚੇ ਮੈਨੂੰ ਸੰਭਾਲਦੀ ।
ਤੇ ਜੀਂਦੀ ਨੂੰ ਜਗਾਂਦਾ ਰੱਬ ਰੱਬੀ ਲੋਅ ਨੂੰ ਆਪੇ ਵਿਚ ਦਸਾਂਦਾ,
ਦੁਨੀਆਂ ਵਾਲੇ ਖਸਮ ਨਿਰਾ ਨਾ ਟੋਲਾਂ ਮੈਂ, ਉਹ ਲੱਖਾਂ ਆਣ ਮੇਰੇ ਕਦਮਾਂ ਦੀ
ਮਿੱਟੀ ਚੁੰਮਦੇ, ਚਾਹੁਣ ਮੈਨੂੰ ਮੇਰੇ ਤਖ਼ਤ ਤੇ ਤਾਜ ਲਈ;
ਮੈਂ ਲੋਚਾਂ ਆਪਣਾ ਸਾਹਿਬ, ਮੈਂ ਤਾਂ ਮੰਗਦੀ ਅਜ਼ਲ ਥੀਂ ਬਝੇ ਜਿਸ ਨਾਲ ਸੰਜੋਗ
ਮੇਰੇ, ਜਿਸ ਨੂੰ ਮੇਰਾ ਦਿਲ ਜਾਣਦਾ ।
ਨਾਥ ਜੀ ! ਕਿਸੇ ਸ਼ਾਸਤਰ ਦਾ ਘੜਿਆ ਘੜਾਇਆ ਬੁੱਤ ਮੈਂ ਨਾਂਹ ਮੰਗਦੀ, ਨਾ
ਮੰਗਾਂ ਆਪ ਵਾਲੀਆਂ ਉੱਚੀਆਂ ਸਮਾਧੀਆਂ—

ਜੇ ਤਰੁੱਠੇ ਹੋ ਨਾਥ ਜੀ ! ਦਿਉ ਪੂਰਨ ਇਹ ਸਾਹਮਣੇ ਬੈਠਾ,
ਇਹ ਮੇਰਾ ਹੈ ਧੁਰ ਥੀਂ ਤੇ ਮੈਂ ਇਸ ਦੀ, ਉਡੀਕਦੀ ਹੁਣ ਤੱਕ ਸਾਂ ਮੈਂ ਪੂਰਨ
ਹੈ, ਪੂਰਨ ਮੇਰਾ ਰੱਬ ਹੈ, ਮੇਰਾ ਸਿਦਕ ਜਾਣਦਾ ।
ਨਾਥ ਜੀ ! ਲਾਹ ਦਿਉ ਚੰਨ ਤੁਸੀਂ ਹੁਣ ਆਪਣੇ ਗਗਨ ਵਾਲਾ, ਦਿਉ ਮੈਨੂੰ
ਰੱਖ ਮੇਰੇ ਸਿਰ 'ਤੇ,
ਜੇ ਮੈਂ ਵੀ ਰਾਤ ਹੋ ਚਾਨਣੀ, ਪਾਗਲ ਜਿਹੀ ਫਿਰਾਂ ਝੂਮਦੀ, ਇਲਾਹੀ ਜਿਹੇ
ਪਿਆਰ ਵਿਚ, ਜੋਗ ਥੀਂ ਉੱਚੀ, ਮੈਂ ਜਾਣਾਂ ਨਾਥ ਜੀ, ਭੋਗ ਥੀਂ ਉੱਚੀ
ਖ਼ੁਸ਼ੀ ਰਜ ਰੂਹ ਦਾ, ਰੂਹ ਨੂੰ ਰੂਹ ਮਿਲਦਾ, ਜਿਵੇਂ ਦੋ ਦੀਵਿਆਂ ਦੀ
ਰੋਸ਼ਨੀ ਸੂਖ਼ਮ ਜਿਹੀ ਮਿਲਦੀ ।
ਮੈਂ ਟੁਰਾਂ, ਫਿਰਾਂ ਵਾਂਗ ਰਾਤ ਦੇ, ਚੁੱਕੀ ਚੁੱਕੀ ਚੰਨ ਆਪਣੇ ਨੂੰ ਸਦਾ ਈਦ
ਜਿਹੀ ਮਨਾਂਦੀ, ਵਾਰਨੇ ਜਾਂਦੀ, ਪਾਣੀ ਵਾਰ ਵਾਰ ਪੀਂਦੀ, ਸਭ
ਚੀਜ਼ਾਂ ਨਾਲ ਉੱਚੀ ਖ਼ੁਸ਼ੀ ਵਿਚ ਝਾਤ ਝਾਤ ਕਰਦੀ ।

ਗੋਰਖ ਨਾਥ ਤਰੁਠਦਾ

ਸੁੰਦਰਾਂ ! ਠੀਕ ਹੈ, ਪਿਆਰ ਦਾ ਵੀ ਯੋਗ ਹੈ, ਪ੍ਰਣੀਧਾਨ-ਪਰਣੇ ਧਿਆਨ ਹੋਣਾ ।
ਜਾਹ ! ਦਿੱਤਾ ਪੂਰਨ, ਤੇਰਾ ਪਿਆਰ ਪੂਰਬਲੇ ਕਰਮ ਦਾ, ਜਾਹ, ਲੈ ਜਾ ਤੂੰ
ਪੂਰਨ ਅੱਜ ਥੀਂ ਤੇਰਾ,
ਪੂਰਨ ਅੱਜ ਥੀਂ ਤੇਰਾ, ਪੂਰਨ ਨਾਥ ਜੀ ! ਉਠੋ ਬੇਟਾ !
ਜਾਉ ਸੁੰਦਰਾਂ ਨਾਲ, ਇਹ ਪੂਰਬਲੇ ਕਰਮ ਦੇ ਭੋਗ ਬੇਟਾ,
ਤੁਸਾਂ ਇਹ ਭੋਗਣੇ, ਇਹ ਵਚਨ ਸਾਡਾ ਤੁਸਾਂ ਪਾਲਣਾ ।

ਸੁੰਦਰਾਂ ਲੈ ਚਲੀ ਪੂਰਨ ਨੂੰ ਖਾਰੇ ਪਾ

ਚਲੀ ਸੁੰਦਰਾਂ ਲੈ ਪੂਰਨ, ਪਾ ਆਕਾਸ਼ ਭਾਗ ਵਾਲੀ ਟੋਕਰੀ,
ਸਿਰ ਰਖ ਚਲੀ, ਉਹ ਖਾਰੇ ਵਿਚ ਪਾ ਪੂਰਨ,
ਸਿਰ 'ਤੇ ਚੁਕਿਆ ਪੂਰਨ, ਮੱਥਾ ਨਿਵਾਇਆ ਗੋਰਖਨਾਥ ਨੂੰ, ਧੂੜ ਮਲੀ ਟਿੱਲੇ
ਦੀ ਮੱਥੇ 'ਤੇ, ਬਰਦੀ ਪੂਰਨ ਦੀ ਬਣ ਰਾਣੀ ਸੁੰਦਰਾਂ, ਲੱਖ ਸ਼ੁਕਰ
ਮਨਾਉਂਦੀ ਚਲੀ

ਪੂਰਨ ਹੈਰਾਨ ਜਿਹਾ ਦੇਖਦਾ ਇਹ ਕੀ ਖੇਡ ਕਰਮਾਂ ਦੀ, ਕਿਹਾ ਚੱਕਰ ਆਣ ਵੱਜਿਆ?
ਮੈਂ ਬਣਿਆ ਨਿਰੀ ਇਕ ਜੜ੍ਹ ਜਿਹੀ ਪ੍ਰਤਿਮਾਂ, ਖਾਰਿਆਂ ਵਿਚ ਪਿਆ, ਚੌਂਕੀਆਂ 'ਤੇ
ਰਖਿਆ, ਦੂਜੇ ਦੇ ਹੱਥ ਵਿਚ, ਪੂਜਾ ਕਰਾਂਦਾ, ਖੜਕਦੀਆਂ
ਟੱਲੀਆਂ ਸੁਣਦਾ;
ਬੇਬੱਸ, ਬੇਮਰਜ਼ੀ, ਦੂਜੇ ਦਾ ਪੂਜਯ ਹੋਣਾ ਵੀ ਕਿਹੀ ਇਕ ਕੈਦ ਜਿਹੀ ਹੈ ।
ਪਰ ਦਿਲ ਵਿਚ ਮੰਨਦਾ ਕਿ ਸੁੰਦਰਾਂ ਦਾ ਪਿਆਰ ਪ੍ਰਬਲ ਹੈ,
ਨਾਥ ਜੀ, ਨਹੀਂ ਤਾਂ, ਕਦੀ ਮੈਨੂੰ ਵਾਂਗ ਨਿਰਜਿੰਦ ਜਿਹੀ ਚੀਜ਼ ਦੇ ਇਉਂ
ਕਿਉਂ ਦਿੰਦੇ ?
ਪੂਰਨ ਦੇ ਦਿਲ ਨੂੰ ਵੀ ਸੁੰਦਰਾਂ ਦਾ ਪਿਆਰ ਛੁੰਹਦਾ, ਸਵਾਦਲਦਾ, ਰਸਾਂਦਾ,
ਠਾਰਦਾ, ਇਕ ਖਿੱਚ ਜਿਹੀ ਪੈਂਦੀ, ਦਿਲ ਸੁੰਦਰਾਂ ਦਾ ਹੋਣ ਨੂੰ ਕਰਦਾ,
ਪਰ ਵੈਰਾਗ ਤੀਬਰ ਸੀ, ਰੂਹ ਖੁੱਲ੍ਹਾਂ ਟੋਲਦਾ, ਮਹਿਲ ਬੰਧਨ ਦਿਸਦੇ,
ਖਿੱਚਾਂ ਵੀ ਜ਼ੰਜੀਰਾਂ ਦਿਸਦੀਆਂ, ਆਜ਼ਾਦੀ ਲੋਚਦਾ ।

ਸੁੰਦਰਾਂ ਤੇ ਪੂਰਨ ਦੀ ਵਾਰਤਾਲਾਪ

ਸੁੰਦਰਾਂ ! ਰਾਣੀਏ, ਉੱਚੇ ਪਿਆਰ ਵਾਲੀਏ ਉੱਚੀਏ ।
ਇਹ ਕੀ ? ਜੀਂਦੇ ਨੂੰ ਮਾਰਨਾ, ਆਪਣਾ ਬਨਾਣ ਲਈ,
ਜੀਂਦੇ ਨੂੰ ਬੁੱਤ ਜਿਹਾ ਬਣਾ ਕੇ ਪੂਜਣ ਨੂੰ ਲੋਚਣਾ ।

ਪਿਆਰ ਪਾਣੇ ਪੰਛੀਆਂ ਉੱਡਦਿਆਂ ਨਾਲ, ਆਪ ਮੁਹਾਰੇ,

ਤੇ ਚਾਹਣਾ ਉਨ੍ਹਾਂ ਨੂੰ ਪਿਆਰੇ ਪਿੰਜਰਿਆਂ ਵਿਚ ਪਾ ਕੇ,
ਦੱਸ ਨਾ ਸੁੰਦਰਾਂ ! ਇਹ ਕੀ ਤੇ ਕਥਾਈਂ ਦਾ ਪਿਆਰ ਹੈ ?

ਪੰਛੀ ! ਸੁਹਣੀਏਂ ! ਜੰਗਲਾਂ ਵਿਚ ਰਹਿ ਖੁਸ਼ੀ, ਖੁੱਲ੍ਹ ਵਿਚ ਉੱਡਦੇ ਦਰਿਆਵਾਂ
ਦੇ ਜਲ ਪੀਂਦੇ ਠੰਢੇ, ਉਡਾਰੀਆਂ ਲੈਂਦੇ, ਹਵਾ ਦੀਆਂ ਤਾਰੀਆਂ,
ਇਹ ਖੁੱਲ੍ਹ ਪੰਛੀਆਂ ਦੀ ਜਿੰਦ ਹੈ, ਪਿੰਜਰੇ ਪਾ ਮਰ ਜਾਂਦੇ ।
ਸੁੰਦਰਾਂ ! ਇਹੋ ਜਿਹੀਆਂ ਨੂੰ ਪਿਆਰ ਕਰੇਂ, ਜਿਗਰ ਕਰੇਂ ਇੰਨਾ ਵੱਡਾ ਤੇ
ਉੱਚਾ ਤੇ ਤਬੀਅਤ ਰੱਖੇਂ ਇੰਨੀ ਸੁਹਣੀਏਂ ਸਿੱਧੀ ।
ਤੇ ਚਾਹੇਂ ਆਪਣਿਆਂ ਨੂੰ ਪਿੰਜਰਿਆਂ ਪਾਣ ਨੂੰ,
ਸੁੰਦਰਾਂ ! ਇਹ ਕੀ ਹੈ ? ਪਾ, ਤੇਰੀ ਮਰਜ਼ੀ, ਰਖ ਸਾਨੂੰ ਮਹਿਲੀਂ, ਅਸੀਂ ਹੁਣ
ਬੋਲ ਨਾ ਸਕਦੇ;
ਪਰ ਨਾ ਇਹ ਬੋਲ ਹੋਸਣ ਅਸਾਡੇ, ਨਾ ਇਹ ਸੁਹੱਪਣ ਹੋਸੀ, ਨਾ ਇਹ ਮਿੱਠਤ
ਮੇਰੀ ਨਾ ਇਹ ਲਸ਼ਕਾ ਦੇਵੀ, ਨਾ ਜਿੰਦ ਰਹਿਸੀ ਸੱਜਨੀਏਂ ।
ਇਉਂ ਮਾਰਸੇਂ ਪੂਰਨ ਆਪਣਾ, ਆਪਣੀ ਹੱਥੀਂ ਆਪ ਤੂੰ ਸੱਜਨੀਏਂ ।
ਪੰਛੀਆਂ ਨੂੰ ਪਿੰਜਰਿਆਂ ਪਾ ਕੇ ।

ਦੱਸ ਤੂੰ ਹੀ ਸੁੰਦਰਾਂ, ਖੁੱਲ੍ਹ ਨੂੰ ਖੋਹਣਾ, ਕੀ ਇਹ ਪਿਆਰ ਹੈ ? ਮਰਜ਼ੀ ਕਿਸੇ ਦੀ ਨੂੰ
ਥੱਲੇ ਜਿਹੀ ਦਬਾ ਕੇ, ਕਰਨਾ ਆਪਣੀ, ਇਹ ਕੇਹੀ ਪੂਜਾ ਸੁਹਣੀਏਂ ?
ਤੂੰ ਆਪ ਦੱਸ ਖਾਂ, ਕਿਹਾ ਕਰੂਪ ਜਿਹਾ, ਤੰਗ ਜਿਹਾ, ਨੀਵਾਂ ਜਿਹਾ ਢੱਠਾ ਢੱਠਾ
ਜਿਹਾ ਨਿਵਾਣ ਹੈ ?

ਸੁੰਦਰਾਂ ਆਖਦੀ, ਮੈਂ ਚਾਹੁੰਦੀ ਤੂੰ ਹੋ ਨਾ ਕਦੀ ਉਹਲੇ ਮੇਰੀ ਅੱਖ ਥੀਂ, ਮੈਂ
ਚਾਹੁੰਦੀ ਰੱਖਣਾ ਆਪ ਨੂੰ ਸਦਾ ਆਪਣੇ ਸਾਹਣੇਂ, ਪਰ ਠੀਕ ਆਪ
ਆਖਦੇ ਪਿਆਰ ਇਹ ਨਹੀਂ ਜੇ, ਮੈਂ ਹੋੜਾਂ ਮਰਜ਼ੀ ਆਪ ਦੀ, ਆਪ ਦੀ
ਮਰਜ਼ੀ ਵਿਚ ਰਹਿਣਾ ਮੇਰਾ ਉਹ ਪਿਆਰ ਹੈ ਜਿਹੜਾ ਮੈਂ ਲੋਚਦੀ ।
ਤੇ ਜੇ ਪਿਆਰ ਸੱਚਾ, ਮੈਂ ਹੋਵਸਾਂ, ਥੀਵਸਾਂ, ਚੱਲਸਾਂ , ਰਹਿਸਾਂ ਆਪ ਦੀ
ਮਰਜ਼ੀ ਵਿਚ
ਖ਼ੁਸ਼ ਖ਼ੁਸ਼ਾਨ ਰਹਿਸੀ ਹਮੇਸ਼ ਬਾਗ਼ ਆਪ ਦਾ ਖਿੜਿਆ, ਮੈਂ ਕਰਸਾਂ, ਕਮਾਵਸਾਂ,
ਕਿੰਝ ਆਪ ਆਖਸੋ, ਪਰ ਸਦਦੇ, ਹੋਵੇ ਨਾਂਹ ਮੇਰੀ ਅੱਖਾਂ ਥੀਂ ਉਹਲੇ,
ਨਹੀਂ ਤਾਂ ਮੈਂ ਮਰਸਾਂ ।
ਠੀਕ ਹੈ ਸੁੰਦਰਾਂ, ਪਰ ਘਰ ਮੈਨੂੰ ਕਬਰ ਦਿਸਦੀ, ਮੇਰਾ ਜੀ ਜੰਗਲਾਂ ਵਿਚ ਲੱਗਦਾ,
ਖੁਲ੍ਹ ਮੈਨੂੰ ਭਾਂਦੀ, ਖੁਲ੍ਹਾ ਛੋੜ ਮੈਨੂੰ ਆਪਣੀ ਹੱਥੀਂ ਆਪ ਤੋਂ ਸੁੰਦਰਾਂ ।

ਲੰਮੀ ਨਦਰ ਕਰ ਸੁੰਦਰੇ ! ਮਹਿਲੀਂ ਰੱਖ ਆਖ਼ਰ ਤੂੰ ਮੈਨੂੰ ਗ਼ੁਲਾਮ ਕਰਸੇਂ
ਅੱਜ ਨਹੀਂ ਤਾਂ ਕੱਲ੍ਹ ਜ਼ਰੂਰ ਸੁੰਦਰਾਂ ।
ਖੋਹ ਨਾ ਖੁਲ੍ਹ ਮੇਰੀ, ਪਿਆਰ ਤੇਰਾ ਸੱਚਾ, ਮੈਂ ਮੰਨਦਾ, ਪਰ ਜੀਅ
ਘਬਰਾਉਂਦਾ, ਆਕਾਸ਼ ਦੀਆਂ ਬਾਹਾਂ ਨੂੰ ਛੱਡ ਕੇ ਤੇਰੀ ਬਾਹੀਂ ਪੈਣਾ,

ਕੁਝ ਮੈਨੂੰ ਕੈਦ ਜਿਹੀ ਦਿਸਦੀ, ਭੁੱਲ ਹੋਸੀ ਮੇਰੀ, ਪਰ ਸੁਭਾ ਮੇਰਾ ਸਾਥ
ਖੁੱਲ੍ਹੇ ਮੈਦਾਨਾਂ ਦੇ, ਆਕਾਸ਼ਾਂ ਦੇ, ਸਮੁੰਦਰਾਂ ਦੇ, ਅਨੰਤ ਜਿਹਾ ਹੋਣ
ਨੂੰ ਜੀਅ ਮੇਰਾ ਕਰਦਾ।

ਹਾਰੀ ਸੁਹਣੇ ਜੋਗੀਆ ! ਮੈਂ ਹਾਰੀ ਤੇਰੀ ਸੁੰਦਰਾਂ,
ਜੋਗੀ ਜਿਹੜੇ ਇਕ ਵੇਰੀ ਹੋਏ, ਉਨ੍ਹਾਂ ਨੂੰ ਪਿਆਰ ਅਨੰਤ ਦਿਸਦਾ ਔਖਾ, ਇਹ
ਠੀਕ ਹੈ, ਜੋਗ ਦਿਲ ਨੂੰ ਅਨੰਤ ਕਰ ਮਾਰਦਾ, ਸਾਈਂ ਪਿਆਰ ਬਚਾਂਦਾ,
ਨੀਵਿਆਂ ਦਾ ਪਿਆਰ ਠੀਕ ਮਾੜਾ, ਪਰ ਜੋਗ ਨਾਲ ਮਰ ਗਿਆਂ ਨੂੰ
ਪਿਆਰ ਉੱਚਿਆਂ ਦਾ ਆਣ ਬਚਾਉਂਦਾ।
ਠੀਕ, ਮੇਰੇ ਸਿਰ ਦੇ ਸਾਹਿਬਾ ! ਮੇਰੇ ਰੂਹ ਦੇ ਮਾਲਕਾ ! ਸੁਹੱਪਣ ਕਦ ਕਿਸੇ ਦੇ
ਖਾਰੇ ਪੈਂਦੀ ਉਹ ਜਿਹੜੀ ਗਗਨਾਂ ਵਿਚ ਵੀ ਘੁਟਦੀ, ਖੁਲ੍ਹ ਪੂਰੀ ਨਾ
ਹੋਣ ਕਰ ਕੇ।
ਠੀਕ ! ਸੁਗੰਧੀ ਫੁੱਲਾਂ ਨੂੰ ਕੌਣ ਬੰਦ ਰੱਖੇ ਤੇ ਉਹ ਕਿਹੜੀਆਂ ਰੱਸੀਆਂ !
ਆਪ ਸੁਹੱਪਣ ਪੂਰੀ, ਸਹਿਜ ਪੂਰੀ ਰੱਬੀ, ਆਪ ਪਿਆਰ ਰੂਪ, ਮੈਂ ਕੌਣ ਨਿਕਾਰੀ
ਨਾਚੀਜ਼, ਜਿਹੜੀ ਤੇਰੀ ਮਰਜ਼ੀ ਥੀਂ ਵੱਖ ਹੋ ਹੀਆ ਕਰਾਂ ਤੈਨੂੰ ਮਹਿਲਾਂ
ਵਿਚ ਪਾਣ ਦਾ,
ਤੁਸੀਂ ਮੇਰੇ ਸੱਚੇ ਸਾਹਿਬ, ਜਾਉ ਜਿੱਥੇ ਮਰਜ਼ੀ, ਮੈਂ ਆਖਾਂ ਸਦਾ ਤੇਰੀ ਆਂ।

ਪਰ ਜਾਣ ਲੱਗੇ ਹੋ ਹੁਣ ਇਹ ਵੀ ਯਾਦ ਰਖਣਾ, ਤੁਸੀਂ ਖੁੱਲ ਚਾਹੁੰਦੇ, ਮੈਂ
ਖੁੱਲ੍ਹ ਪਿਆਰਦੀ, ਮਹਿਲ ਤੁਸਾਂ ਨੂੰ ਕਬਰਾਂ ਦਿਸਣ, ਮੈਨੂੰ ਤਾਂ ਇਹ
ਆਪਣਾ ਸ਼ਰੀਰ ਆਪ ਬਿਨਾ ਹਨੇਰੀ ਇਕ ਕਬਰ ਦਿਸਦੀ।
ਵਿਛੜ ਆਪ ਥੀਂ ਜਿੰਦ ਜਿਹੜੀ ਪਿਆਰ ਕੁੱਠੀ ਤੜਫਦੀ, ਕਦੀ ਨਾਂਹ, ਕਦੀ ਨਾਂਹ
ਕਦੀ ਨਾਂਹ ਇਸ ਜਿਸਮ ਵਿਚ ਕੈਦ ਰਹਿਸੀ।
ਜਾਓ ! ਤੁਸੀਂ ਆਜ਼ਾਦ, ਜਿਥੇ ਤੁਸਾਂ ਦੀ ਮਰਜ਼ੀ ਜਾਓ ! ਜਿਥੇ ਤੁਸੀਂ ਸੁਖੀ,
ਪਰ ਮੇਰਾ ਜੀਅ ਨਾਲ ਨਾਲ ਆਵਸੀ, ਘੁੰਮਸੀ ਆਪ ਦੇ ਚਾਰ ਚੁਫੇਰਿਆਂ
ਵਾਂਗ ਕੂਕਦੀ ਕੋਇਲ ਪਿਆਰ ਦੀ ਜੀ।

ਪੂਰਨ ਦਾ ਮੁੜਨਾ ਗੋਰਖ ਨਾਥ ਪਾਸ

ਮੁੜ ਆਇਆ ਪੂਰਨ ਗੋਰਖ ਨਾਥ ਪਾਸ,
ਜਿਸ ਨੂੰ ਦੇਖ ਗੋਰਖ ਕੋਪਵਾਨ ਹੋਇਆ ਤੇ ਕੜਾ ਕੜਾ, ਕੁਝ ਕਾੜ ਕਾੜ
ਬੋਲਿਆ
ਤੇਰੇ ਟੁਰ ਆਇਆਂ ਪੂਰਨ ਨਾਥਾ, ਸੁੰਦਰਾਂ ਦੇ ਸਵਾਸ ਨਿਕਲੇ, ਅਹੁ ਦੇਖ ਤੇਰੇ
ਨਾਲ ਨਾਲ ਆਉਂਦੀ, ਵਾਂਗ ਚਿੱਟੀ ਘੁੱਗੀ, ਮੂੰਹ ਵਿਚ ਤੇਰਾ ਨਾਮ ਫੜਿਆ।
ਸੁੰਦਰਾਂ ਮੈਂ ਸੀ ਦਿਤੀ ਤੈਨੂੰ, ਤੈਨੂੰ ਦਿਤਾ ਸੀ ਸੁੰਦਰਾਂ ਨੂੰ, ਤੁਸੀਂ ਦੋ ਮਿਲ ਕੇ ਇਕ
ਪੂਰਾ ਰੂਪ ਹੁੰਦੇ।
ਅੱਛਾ ਜੋ ਹੋਣਾ ਸੀ ਹੋਇਆ ਗਿਲੇ ਦੀ ਕੋਈ ਥਾਂ ਨਹੀਂ,

ਹੁਣ ਜਾਉ ਦੇਖੋ ਆਪਣੀ ਮਾਂ ਨੂੰ, ਉਹਦਾ ਸਰੀਰ ਸੁੱਕਿਆ, ਨੈਣ ਸੁੱਕੇ, ਦਿਲ
ਸੁੱਕਿਆ, ਮਨ ਸੁੱਕਾ ਸੀ ਯਾਦ ਕਰ ਤੈਨੂੰ, ਹੁਣ ਉਹਦਾ ਰੂਹ ਹੈ
ਸੁੱਕਣ ਲੱਗਾ ।

ਜਾਹ ਬੱਚਾ ! ਮਿਲ ਮਾਂ ਨੂੰ ਤੇ ਕਰ ਰੂਹ ਉਹਦਾ ਤੂੰ ਸੱਜਰਾ,
ਰੱਖੀਂ ਯਾਦ ਤੂੰ ਵੀ ਨਾਮ ਉਸ ਤੀਬਰ ਪਿਆਰ ਦਾ :
'ਸੁੰਦਰਾਂ'
ਮੈਂ ਦਿੱਤੀ ਅਦ੍ਰਿਸ਼, ਅਰੂਪ 'ਸੁੰਦਰਾਂ' ਹੁਣ ਕਰਾਮਾਤ ਤੈਨੂੰ,
ਜੋ ਆਖਸੇਂ, ਪੂਰਾ ਹੋਸੀ, ਸੁੱਕੇ ਹਰੇ ਹੋਸਨ, ਵਾਕ ਤੇਰਾ ਸਦਾ ਸਿਧ, ਤੇਰੀ ਅਖ
ਦੀਆਂ ਸੈਨਤਾਂ ਸਭ ਮੰਨਸਨ ਬੱਦਲ ਕਾਲੇ ਤੇ ਦਰਿਆ, ਪਰਬਤ;
ਜਿਧਰ ਜਾਵਸੇਂ ਖ਼ਲਕ, ਮੁਲਕ ਸਾਰੇ ਹਰੇ ਹੋਸਨ, ਦੁੱਧ, ਦਹੀਂ, ਪੁੱਤਰ ਤੇ ਬਰਕਤਾਂ
ਪਰਛਾਵੇਂ ਤੇਰੇ ਨਾਲ ਨਾਲ ਟੁਰਸਨ,
ਜਾਹ ਕੀਤਾ ਬਖਸ਼ਸ਼ਾਂ, ਬਖਸ਼ ਕੇ ਵੱਡੇ ਨਾਥ ਨੇ ਪੂਰਨ ਜੋਗੀ, ਰਿਧੀ ਸਿਧੀ
ਕਰਾਮਾਤ ਵਾਲਾ ।

ਜੋਗੀਆਂ ਦੇ ਝੁੰਡ ਨਾਲ ਨਾ ਫਿਰੀਂ ਪੂਰਨ ਨਾਥ ਜੀ !
ਜੋਗੀ ਹੋਰ ਹੁੰਦੇ, ਆਪ ਦਾ ਰੂਹ ਕੁਝ ਹੋਰ ਹੋਵੇ;
ਪਿਆਰ-ਅੰਸ਼ ਇਕ ਹੋਰ ਚਮਕਦੀ, ਜਿਹੜੀ ਜੋਗੀਆਂ ਨੂੰ ਨਾ ਪਸੰਦ ਵਾਰੀ,
ਯਾਦ ਰੱਖੀਂ, ਇਹ ਚਮਕ ਪਿਆਰ ਦੀ, ਦਿਲ ਵਿਚ ਦੇਖ ਦੇਖ ਤੂੰ ਸਦਾ ਸਾਂਭ
ਰੱਖੀਂ, ਇਹ ਨਾਲ ਹੈ ਤੇਰੇ ਦਿਲ ਵਿਚ ਧੁਰੋਂ ਆਇਆ ।
ਕਦੀ ਦਿਲ ਤੇ ਝੋਲੜੀ ਤੇਰੀ ਨਾ ਰਖੇ ਖ਼ਾਲੀ,
ਇਹ ਰੱਖ ਰੱਬ ਨੇ ਦਿਤੀ ਹੈ ਤੈਨੂੰ !

ਪੂਰਨ ਜੋਗੀ

ਮੁੜ ਟੁਰ ਪਿਆ, ਬੱਧਾ ਹੁਕਮ ਆਪਣੇ ਨਾਥ ਦਾ, ਪੂਰਨ ਜੋਗ ਦਾ ਪੂਰਾ ਭਾਂਡਾ,
ਤੇ ਅਣਡਿੱਠੇ ਨਾਲ ਟੁਰੇ ਕਈ ਹੋਰ ਰਾਖੇ, ਕਈ ਦੇਵੀ ਦੇਵਤਿਆਂ ਦਾ ਉਸ
'ਤੇ ਸਾਇਆ
ਪੂਰਨ ਇਕ ਟੁਰੇ ਤਾਂ ਦਿਸੇ ਜਿਵੇਂ ਟੁਰਦੇ ਲੱਖਾਂ ਜੋਗੀ, ਜਿਥੇ ਜਾ ਬਹੇ, ਉਹ
ਜਾ ਲੱਸੇ ।
ਇਕ ਪ੍ਰਭਾਵ ਪੂਰਨ ਦਾ ਆਪਣਾ ਸੀ, ਕੁਝ ਯੋਗ ਦਾ ਸੀ, ਕੁਝ ਵੈਰਾਗ ਦਾ ਸੀ,
ਕੁਝ ਗੁੱਝੇ ਅਣਪਛਾਤੇ ਕਿਸੇ ਪਿਆਰ ਦਾ ਸੀ ।
ਪੂਰਨ ਜੋਗ ਪੰਥ ਨੂੰ ਕਈ ਗਹਿਣੇ ਪਾਉਂਦਾ ਸੀ ਤੇ ਆਪ ਇਕ ਓਪਰਾ, ਅਣੋਖਾ
ਪਿਆਰ ਵਾਲਾ, ਨਰਮ ਬਾਲ ਜਿਹਾ, ਸੀ ਜੋਗੀ ਪੂਰਾ, ਬਖ਼ਸ਼ਿਆ
ਹੋਇਆ, ਬਖਸ਼ਸ਼ਾਂ ਕਰਨ ਵਾਲਾ ।

ਬੱਦਲ ਆਏ, ਝੁਕੇ, ਵੱਸਣ ਲਗੇ, ਫੱਟ ਜਾਣ ਕਾਲੇ, ਜੇ ਪੂਰਨ ਹੱਸ ਆਖੇ, ਖੁੱਲ੍ਹ

ਜਾਉ ਸਜਨੋਂ ! ਧੁੱਪ ਦੀ ਲੋੜ ਸਾਨੂੰ ।
ਤੇ ਤਪਦੀ ਦੁਪਹਿਰ ਜੇ ਰਾਹ ਪਵੇ ਜੋਗੀ, ਤਦ ਬੱਦਲ ਕਾਲੇ ਤੇ ਚਿੱਟੇ ਫਿਰਨ
ਨੱਸਦੇ, ਹੋ ਕਮਲੇ ਫੜ ਫੜ ਛਤਰੀਆਂ ਛਾਵਾਂ ਦੀਆਂ, ਪੂਰਨ ਜੋਗੀ ਦੇ
ਪੰਧ ਨੂੰ ਠਾਰਦੇ ।
ਭੈਣ ਜੋਗੀ ਦੀ ਸੀ ਪ੍ਰਕ੍ਰਿਤੀ ਹੋਈ, ਰੱਖੜੀ ਬੰਨ੍ਹੀਂ ਸੀ ਪੂਰਨ ਦੇ ਹੱਥ ਉਸ ਆਪ
ਆ ਤੇ ਭੇਤ ਅਗੰਮ ਵਾਲੇ ਦੋਹਾਂ ਦੇ ਸੀਨਿਆਂ ਦੇ ਖੁੱਲ੍ਹੇ ਭੈਣ ਭਰਾ
ਵਿਚ ਸਨ ।

ਪੂਰਨ ਜੋਗੀ ਦਾ ਮੁੜ ਸਿਆਲਕੋਟ ਆਉਣਾ

ਪੂਰਨ ਮੁੜ ਆਇਆ ਸਿਆਲਕੋਟ ਅੰਦਰ, ਵਾਂਗ ਬਸੰਤ ਆਇਆ
ਉਹ ਇਕ ਉਡਾਰੂ ਜਿਹਾ ਖੇੜਾ, ਜਿਹੜਾ ਸਭ ਨੂੰ ਲੱਗਦਾ ਰਹਿ ਰਹਿ ਕੇ
ਛੁਹ ਨਾਲ ।
ਸੁੱਕੇ ਹਰੇ ਹੋਏ, ਮੁੜ ਪੁਰਾਣੇ ਬਾਗ਼ ਨਿਕਲ ਆਏ ਸਣ ਪੱਤਿਆਂ, ਸ਼ਗੂਫਿਆਂ
ਫੁੱਲਾਂ, ਫਲਾਂ ਜਿਵੇਂ ਡੁੱਬੇ ਜਜ਼ੀਰੇ ਝਟਾਪਟੀ ਸਮੁੰਦਰ ਥੀਂ ਨਿਕਲ ਆਣ;
ਨਹਿਰਾਂ ਫਿਰ ਵੱਗੀਆਂ, ਬੂਟਾ ਬੂਟਾ ਕੰਬਿਆ ਪਿਆਰ ਛੁਹ ਪਾ ਕੇ, ਬਾਗ਼ ਪੂਰਨ
ਦਾ ਮੁੜ ਗਾਉਂਦਾ ਗਲਾ ਆਪਣਾ ਸੰਵਾਰ ਸੰਵਾਰ ਕੇ !
ਲੋਕੀਂ ਕਹਿਣ ਲੱਗੇ; ਇਕ ਜੋਗੀ ਕਮਾਲ ਦਾ ਕੋਈ ਆਇਆ ਹੈ, ਜੋਗੀਆਂ
ਫਿਰਦਿਆਂ ਜਿਹਾ ਉਹ ਨਹੀਂ ਜੋਗੀ, ਉਹ ਨਵਾਂ, ਕੋਈ ਵੱਖਰਾ,
ਅਦਭੁੱਤ ਆਦਮੀ ਹੈ ।
ਦੇਖੋ ਜ਼ਾਹਰ ਕਰਾਮਾਤ ਉਸ ਦੀ ਬਾਗ਼ ਉਸ ਦੀ ਚਰਨ ਛੁਹ ਪਾ ਕੇ ਸਾਰਾ ਹਰਾ
ਹੋ ਆਇਆ ਹੈ ।
ਫਲਾਂ ਨਾਲ ਡਾਲੀ ਡਾਲੀ ਆਣ ਲਿਫੀ
ਸੁਣ ਸੁਣ ਭੱਜੇ ਸਾਰੇ ਜੋਗੀ ਦੇ ਦਰਸ਼ਨਾਂ ਨੂੰ ਲੋਕਾਈ ਟੁੱਟੀ ਉਥੇ ਜਿਵੇਂ ਮਖੋਰੀਆਂ
ਆਣ ਸੁਗੰਧੀਆਂ 'ਤੇ ।
ਠੀਕ ! ਇਹ ਜ਼ਰੂਰ ਹੈ, ਸਦਾ ਮਖੋਰੀ-ਖ਼ਲਕ ਪਛਾਣੇ ਸਾਧਾਂ ਸੱਚਿਆਂ ਨੂੰ ।
ਲੋਕਾਂ ਦਾ ਦਿਲ ਦੱਸਦਾ ਅੰਦਰਲੀ ਲੋਅ ਫ਼ਕੀਰਾਂ ਦੀ, ਭਾਵੇਂ ਉਹ ਅੱਖਾਂ ਨਾਲ
ਤੱਕਣ ਨਾ ਤੱਕਣ, ਭਾਵੇਂ ਉਨ੍ਹਾਂ ਦੀ ਅਕਲ ਜਾਣੇਂ ਤੇ ਚਾਹੇ ਨਾ ਜਾਣੇਂ
ਜਿਵੇਂ ਪੰਖੇਰੂ ਪਛਾਣਦੇ ਸਭ ਥੀਂ ਪਹਿਲਾਂ ਪਹੁ-ਫੁਟਾਲੇ ਨੂੰ ।
ਝੁਰਮਟ ਆਣ ਪਾਇਆ ਜੋਗੀ ਪਾਸ ਨਰਾਂ ਤੇ ਨਾਰੀਆਂ ਨੇ,
ਥੱਕੇ ਦੁਨੀਆਂ ਤੇ ਘਰ ਦੇ ਦੁੱਖਾਂ ਥੀਂ ਲੋਕੀਂ ਹਰ ਤਰ੍ਹਾਂ ਦੀ ਠੰਡ ਲੈਣ ਆਉਂਦੇ,
ਆਪਣੀਆਂ ਲੋੜਾਂ ਪੂਰੀ ਕਰਾਣ ਆਂਦੇ, ਥੋੜਾਂ ਸਾਰੀਆਂ ਦਾ ਚਾਹੇ ਭੋਗ
ਪਾਣ ਆਂਦੇ ।
ਜੋਗੀ ਵੀ ਦਿੰਦਾ ਸੀ ਹੁੱਬ ਨਾਲ, ਵਾਂਗ ਇਕ ਡੂੰਘੇ, ਤ੍ਰਿਖੇ ਦਰਿਆ ਵਗਦੇ ਦੇ,
ਕਦਮ ਕਦਮ 'ਤੇ ਲੋਕਾਂ ਨੂੰ ਕਰਾਮਾਤ ਦਿੱਸੇ, ਉਨ੍ਹਾਂ ਸਾਰਿਆਂ ਨੂੰ ਉਹ
ਆਪਣੀ ਥੀਂ ਕਿਸੇ ਉੱਚੀ ਅਣਡਿੱਠੀ ਸ਼੍ਰੇਣੀ ਦਾ ਲੋਕ ਦਿਸੇ ।
ਬਾਗ਼ ਪੂਰਨ ਦਾ ਭਰਿਆ, ਕੰਢੇ ਕੰਢੇ ਖ਼ੁਸ਼ਬੋ ਜੋਗੀ ਦੀ ਉੱਡਦੀ ਮਾਰ ਛਾਲਾਂ,

ਕੰਧਾਂ ਤ੍ਰੂਪਦੀ, ਜਾਂਦੀ ਉੱਡਦੀ ਮਿਲਖਾਂ ਮੁਲਖਾਂ 'ਤੇ ।

ਲੂਣਾਂ ਤੇ ਰਾਜੇ ਸਾਲਵਾਹਨ ਦਾ ਆਉਣਾ

ਲੂਣਾਂ ਆਖਦੀ ਸੁਣ ਖ਼ਬਰਾਂ, ਰਾਜੇ ਸਾਲਵਾਹਨ ਨੂੰ; ਚੱਲੋ ਅਸੀਂ ਵੀ ਪੁੱਤ ਲਈ ਅਰਜ਼ ਕਰੀਏ, ਮਤੇ ਰੇਖ ਵਿਚ ਮੇਖ ਕੋਈ ਵੱਜਦੀ ਹੋਵੇ !
ਵਾਂਗ ਮੰਗਤਿਆਂ ਹੋ ਨਿਮਾਣੇ ਦੋਵੇਂ, ਰਾਜਾ ਤੇ ਰਾਣੀ ਨੰਗੇ ਪੈਰ ਆਂਦੇ ।

ਦੂਰੋਂ ਆਉਂਦਾ ਦੇਖ ਰਾਜਾ ਤੇ ਰਾਣੀ, ਪੂਰਨ ਉਠਿਆ ਆਪ ਮੁਹਾਰਾ ਛੱਡ ਆਸਣ, ਆਦਰ ਦਾ ਭਾ ਆਇਆ, ਕੁਝ ਪਿਤਾ ਹੋਣ ਦਾ, ਕੁਝ ਉਨ੍ਹਾਂ ਦੇ ਮੁਲਕ ਦੇ ਰਾਜਾ ਹੋਣ ਦਾ, ਮਿਲੇ ਜੁਲੇ ਆਦਰ ਦੇ ਭਾਵ ਸਨ-ਜਿਨ੍ਹਾਂ ਨੂੰ ਪੂਰਨ ਨੇ ਗਿਣਿਆ ਨਹੀਂ ਸੀ, ਨਾ ਤੋਲਿਆ, ਸਹਿਜ ਸੁਭਾ
ਵਧਿਆ, ਅੱਗੇ ਲੈਣ ਨੂੰ !

ਰਾਜਾ ਸਾਲਵਾਹਨ ਆਉਂਦਾ, ਕੋਈ ਸ਼ਾਨ ਤੇ ਸੁਹਣੱਪ ਉਹਦੇ ਆਉਣ ਦੀ ਦਿੱਸ ਰਹੀ, ਵੱਡੀ ਚੀਜ਼ ਦਾ ਡਿੱਗਣਾ ਵੀ ਵੱਡਾ ਤੇ ਸੁਹਣੱਪ ਭਰਿਆ, ਸੂਰਬੀਰ ਵੱਡਾ ਰਾਜਾ ਸਾਲਵਾਹਨ, ਢਲ ਰਿਹਾ ਵੀ ਢਲਦਾ ਸੀ ਵਾਂ ਸੂਰਜ, ਉਹਦਾ ਢਹਿਣਾ ਵੀ ਸੀ ਆਕਾਸ਼ ਉੱਚਾ ।
ਤੇਜ ਨਾਲ ਚਮਕੇ ਮੱਥਾ, ਬੜਾ ਪ੍ਰਾਕ੍ਰਮ ਵਾਲਾ, ਉਥੇ ਮਾਰ ਨਾ ਝਲਦਾ ਹਾਲੇ ਵੀ ਕੋਈ, ਰੱਬੀ, ਦੈਵੀ ਨਿਸ਼ਾਨੀਆਂ ।
ਰਾਜਾ ਸਦਾ ਰੱਬ ਦੀ ਮੂਰਤ ਇਹ ਗੱਲ ਠੀਕ, ਸੱਚ ਹੈ ।
ਕੁਝ ਆਵੇਸ਼ ਰੱਬੀ ਰਾਜੇ ਵਿਚ ਸਦਾ ਵੱਸਦਾ ਹੈ, ਰਾਜਾ ਉਹ ਜੋ ਰਈਅੱਤ ਦਾ ਦਿਲ ਜਿੱਤਦਾ ਤੇ ਰਈਅੱਤ ਜਿਸ ਪਰ ਮਰਦੀ ਹੈ, ਜਿਸ ਨੂੰ ਖ਼ਲਕ ਮੰਨਦੀ, ਸਤਿਕਾਰਦੀ ਹੈ, ਜਿਸ ਵਿਚ ਬੱਝੀ ਰੌਂ ਵਗਦੀ ਹੈ ।
ਐਸੇ ਰਾਜੇ ਵਿਚ ਜ਼ਰੂਰ ਫ਼ਕੀਰੀ ਕੋਈ ਅੰਸ਼ ਹੁੰਦਾ, ਉਹ ਹੁੰਦਾ ਜ਼ਰੂਰ ਇਕ ਤਰ੍ਹਾਂ ਫ਼ਕੀਰ, ਕੁਝ ਔਲੀਆ ਵੀ ।

ਪੂਰਨ ਆਖਦਾ, ਆਓ ਰਾਜਾ ! ਅਸੀਂ ਆ ਵੜੇ ਆਪ ਦੇ ਦੇਸ ਜੀ,
ਦੱਸੋ ਕਿਹੜੀ ਲੋੜ ਨੂੰ ਆਏ ਆਪ ਦੋਨੋਂ, ਅਸੀਂ ਤੁਸਾਂ ਦਾ ਆਉਣਾ ਮੰਨਦੇ ਹਾਂ !

ਸਾਲਵਾਹਨ ਰਾਜੇ ਦਾ ਪੂਰਨ ਜੋਗੀ ਨੂੰ ਸਤਿਕਾਰ ਦੇਣਾ

ਸਾਲਵਾਹਨ ਕਹੇ, ਤੁਸੀਂ ਨਾਥ ਭਾਰੇ, ਤੁਸਾਂ ਉੱਠ ਅਸਾਂ ਤੇ ਭਾਰ ਚਾੜ੍ਹੇ, ਅਸੀਂ ਗ਼ਰੀਬ ਮੰਗਤੇ ਆਪ ਦੇ ਦਰਾਂ ਦੇ ਹਾਂ ।
ਤੁਸਾਂ ਰੱਬ ਵਾਲੇ ਸਾਈਂ ਸੱਚੇ, ਅਸੀਂ ਕੂੜ ਕਪਟ ਸਭ ਕਮਾਉਂਦੇ ਹਾਂ ।
ਕੋਈ ਹੁਕਮ ਕਰੋ, ਇਹ ਦੇਸ ਤੁਸਾਡਾ, ਇਹ ਤਖ਼ਤ, ਤਾਜ ਸਭ ਆਪ ਦਾ , ਜਾਣੋਂ

ਇਕ ਗੁਮਾਸ਼ਤਾ ਆਪ ਦਾ ਬੈਠਾ, ਕੋਈ ਕਰੋ ਹੁਕਮ, ਅਸੀਂ ਦੋਵੇਂ
ਖੜੇ ਆਣ ਹਾਜ਼ਰ ਆਪ ਦੇ ਦਰ 'ਤੇ ਹਾਂ ।

ਪੂਰਨ ਦਾ ਜਵਾਬ ਰਾਜੇ ਸਾਲਵਾਹਨ ਨੂੰ

ਜੋਗੀ ਆਖਦਾ ਰਾਜਿਆ !
ਨਾਥ ਆਪਣੇ ਦੇ ਅਸੀਂ ਬਾਲੜੇ ਹਾਂ ।
ਚਾਹ ਮੁੱਕੀ ਮਨ ਟਿਕ ਗਿਆ,
ਅਸੀਂ ਗਗਨ ਹੇਠ ਰਹਿਣ ਵਾਲੜੇ ਹਾਂ ।
ਬੇਲ ਬੂਟੇ ਸਾਡੇ ਹਨ ਭੈਣ ਭਾਈ,
ਅਸੀਂ ਜੰਗਲਾਂ ਦੇ ਰਹਿਣ ਵਾਲੜੇ ਹਾਂ ।
ਬਾਹਾਂ ਆਪਣੀ 'ਤੇ ਅਸੀਂ ਸਿਰ ਰੱਖਦੇ,
ਨੰਗੇ ਪੱਥਰਾਂ 'ਤੇ ਸੈਣ ਵਾਲੜੇ ਹਾਂ ।
ਘੁੱਟ ਦੇ ਪਾਨੀ ਨਦੀ ਨਹਿਰ ਦੇਵੇ;
ਅਸੀਂ ਕੰਦ ਮੂਲ ਖਾਣ ਵਾਲੜੇ ਹਾਂ ।

ਸਾਲਵਾਹਨ ਲੂਣਾਂ ਵਲੋਂ ਅਰਜ਼ ਕਰ ਪੁੱਤ ਮੰਗਦਾ

ਆਖ਼ਰ ਹੱਥ ਵਲ ਕਰ ਲੂਣਾਂ, ਰਾਜਾ ਸਾਲਵਾਹਨ ਆਪਣੀ ਅਰਜ਼ ਕਰਦਾ, ਦੇਵੋ
ਇਕ ਦੀਵਾ, ਜਿਹੜਾ ਕਰੇ ਰੌਸ਼ਨ, ਵਿਹੜਾ ਆਪ ਦੇ ਗ਼ੁਲਾਮ ਦਾ ਜੀ
ਲੂਣਾਂ ਰਾਣੀ ਮੇਰੀ ਦਿਨ ਰਾਤ ਹਉਕੇ ਲੈਂਦੀ, ਆਖਦੀ, ਲੋਚਦੀ, ਤਰਸਦੀ, ਮਾਂ
ਹੋਵਾਂ, ਬੱਚਾ ਖਿਡਾਵਾਂ ਗੋਦ ਆਪਣੀ ਜੀ ।
ਕਰੋ ਮਿਹਰ, ਤੇ ਕਰੋ ਬਖ਼ਸ਼ਸ਼ ਆਪਣੇ ਭਰੇ ਭੰਡਾਰ ਥੀਂ ਜੀ ।

ਪੂਰਨ ਜੋਗੀ ਦਾ ਜਵਾਬ ਰਾਜੇ

ਰਾਜਾ ! ਜੋ ਆਖੇਂ ਕਰਾਮਾਤ ਕਰੀਏ, ਬੇਬਸ ਅਸੀਂ, ਮਰਜ਼ੀ ਕਿਸੇ ਹੋਰ ਦੀ,
ਅਸੀਂ ਪਾਲਦੇ ਹਾਂ,
ਭਾਰ ਲੋਕਾਂ ਦਾ, ਅਰਜ਼ ਸਾਡੀ, ਹੁਕਮ ਨਾਥ ਦਾ ਹਰ ਥਾਂ ਵਰਤਦੇ ਹਾਂ,
ਜਿਹੜਾ ਆਸ ਧਾਰ ਆਵੇ, ਉਹਦਾ ਨਿਹਚਾ ਤਾਰੇ,
ਰਾਜਾ ! ਹੋਂਵਦਾ ਸਦਾ ਉਹ ਹੈ ਜੋ ਨਾਥ ਮਰਜ਼ੀ ।

ਤੁਸਾਂ ਦੋਹਾਂ ਨੂੰ ਦੇਖ ਇਕ ਧਿਆਨ ਵਜਦਾ,
ਬੱਚਾ ਇਕ ਹੋਇਆ, ਤੁਸਾਂ ਖ਼ੁਦ ਦੋਹਾਂ ਕੋਹਿਆ ਸੀ ।
ਦੱਸੋ ਖਾਂ ਹੋਈ ਸੀ ਕੁਝ ਇਹੋ ਜਿਹੀ ਘਟਨਾ ?
ਸੱਚ ਦੱਸੀਂ ਰਾਜਾ, ਦਰ ਦਰਵੇਸ਼ 'ਤੇ ਲੁਕਾਅ ਨਹੀਂ ਫੱਬਦਾ ਹੈ,
ਫ਼ਕੀਰਾਂ ਅੱਗੇ ਮੰਤਰ ਸੱਚ ਦਾ ਬੱਸ ਚਲਦਾ ਹੈ ।

ਲੂਣਾਂ ਦਾ ਪਸਚਾਤਾਪ ਤੇ ਰੁਦਨ

ਲੂਣਾਂ ਦਾ ਕੜ ਟੁੱਟਾ, ਹੱਥ ਜੋੜ ਟੁੱਟੀ ਧਰਤ ਵਾਂਗ ਫਟੀ, ਬਰਸਾਂ ਦੀ ਬੱਝੀ ਉਹ
ਟੁੱਟੀ, ਢਹਿ ਪਈ ਜੋਗੀ ਦੇ ਚਰਨਾਂ ।
ਛਾਤੀ ਫਟੀ ਰਾਣੀ ਦੀ, ਕਾੜ ਕਾੜ ਹੋਈ, ਮਾਂ ਜਾਗੀ ਲੂਣਾਂ ਵਿਚ, ਪੂਰਨ
ਪਸਚਾਤਾਪ ਵਿਚ ਚੀਖੀ ਵਾਂਗ ਕਿਸੇ ਦੇਵੀ ਦੇ, ਇਕ ਚੀਖ਼ ਨਾਲ
ਉਹ ਹੈਵਾਨ ਥੀਂ ਇਨਸਾਨ ਹੋਈ, ਜੋਗੀ ਦੇ ਗੁਪਤ ਪ੍ਰਭਾਵ ਨਾਲ ।
ਲੂਣਾਂ ਆਪਾ ਲਾਹ ਲਾਹ ਸੁੱਟਦੀ, ਪਰਦੇ ਪਾੜਦੀ, ਪਾੜ ਪਾੜ ਚੀਰਦੀ ਸੀ ।
ਆਪਣਾ ਦਿਲ ਕਰ ਨੰਗਾ, ਰੂਹ ਕਰ ਨੰਗਾ ਦੱਸਦੀ ਹੈ,
ਸਦੀਆਂ ਦੀ ਮੈਲ ਰੂਹ 'ਤੇ ਚੜ੍ਹੀ ਇਕ ਪਲਕ ਵਿਚ ਉਤਰਦੀ ਹੈ, ਜੋਗੀ ਦੇ
ਪ੍ਰਭਾਵ ਨਾਲ !
ਕਹਿੰਦੀ ਕੂਕਦੀ ਵਾਂਗ ਇਕ ਬਿਜਲੀ ਦੇ, ਸਾੜਦੀ ਆਪ-ਮੁਹਾਰੀ ਅੰਦਰੋਂ ਉੱਠੀ
ਬਿਜਲੀ ਨਾਲ, ਸਭ ਮਾੜੇ ਖ਼ਿਆਲਾਂ ਨੂੰ ਇਕ ਪਲਕ ਵਿਚ ਗੰਗਾ
ਨੁਹਾਂਵਦੀ ਹੈ, ਪਾ ਪ੍ਰਭਾਵ ਜੋਗੀ ਪੂਰਨ ਦਾ ।
ਕਹਿੰਦੀ ਮੈਂ ਹਤਿਆਰੀ, ਰੜੇ ਮੈਦਾਨ ਮੈਂ ਮਾੜੀ,
ਗਲੀਆਂ ਦੇ ਕੱਖ ਚੰਗੇ, ਚੂਹੜੇ ਚੰਡਾਲ ਚੰਗੇ
ਮੈਂ ਮਾੜੇ ਖ਼ਿਆਲਾਂ, ਖਾਹਸ਼ਾਂ ਦੀ ਮਾਰੀ ਹਾਂ ।
ਬਖ਼ਸ਼ੋ ਜੋਗੀ-ਰਾਜ ਸੱਚੇ, ਮੈਂ ਹਤਿਆਰੀ ਹਾਂ ।
ਬੱਚਾ ਪੂਰਨ ਮੇਰਾ, ਮੈਂ ਮਾਂ ਉਸ ਦੀ, ਕੁਹਾਇਆ ਮੈਂ ਉਸ ਨੂੰ,
ਮੈਂ ਪਾਪਣ ਹਤਿਆਰੀ ਹਾਂ ।
ਪੂਰਨ ਪੁੱਤ ਮੇਰਾ; ਸਦਾ ਨਿਰਦੋਸ਼, ਬੇਲੋਸ, ਮਾਸੂਮ, ਦੁੱਧ ਵਰਗਾ ਚਿੱਟਾ
ਬਛੜਾ ਗਊ ਦਾ ਸੀ ।
ਮੈਂ ਜਾਣ-ਬੁੱਝ ਕੇ ਤੇ ਚੰਨ ਨੂੰ ਦਾਗ਼ ਲਾਇਆ;
ਉਹ ਪੁੱਤ ਮੇਰਾ, ਸੱਚਾ, ਡਾਢਾ, ਉੱਚਾ, ਬਲੀ, ਜੋਧਾ, ਦਾਤਾ, ਸੂਰ, ਭਗਤ, ਸੱਚਾ
ਮੈਂ ਆਪ ਤੱਕੇ ਉਹਦੇ ਬਲਬਾਨ ਫੰਘ ਕਿਸੇ ਉਤੇ ਚਿੱਟੇ ਬਾਜ਼ ਦੇ ਸਨ;
ਉਹ ਬਾਜ਼ ਕਦੀ ਨਾ ਸਹਿੰਦਾ ਛਿਟ ਛਿਣਕ ਕੋਈ ।

ਉਹ ਸੁੱਚਾ ਵਾਂਗ ਪਰਬਤਾਂ, ਹਾਇ ! ਮੈਨੂੰ ਕੌਣ ਬਖ਼ਸ਼ੇ ? ਨਾਥ ਜੀ ਪੂਰਨ ਨੂੰ
ਭੁੱਲਣਾ ਔਖਾ ।
ਜਦ ਯਾਦ ਆਵੇ, ਨਾਲ ਭੁੱਲ ਆਪਣੀ, ਆਪਣੀ ਹੱਤਿਆ ਯਾਦ ਆਉਂਦੀ,
ਦਿੱਸਦਾ ਹੁਣ ਵੀ ਉਹ ਆਪਣੇ ਚਿੱਟੇ ਬਾਜ਼ ਫੰਘ ਫੜਕਾਂਦਾ, ਛਿਣਕਾਂ ਆਪੇ
ਉੱਤੇ ਮਾੜੇ ਖ਼ਿਆਲ ਦੀਆਂ ਨਾ ਪੈਣ ਦਿੰਦਾ, ਉਹ ਸਦਾ ਅਣਭਿੱਜਾ ।

ਦਿੱਸੇ ਹੁਣ ਵੀ ਸਾਹਮਣੇ ਖੜਾ, ਗੂੰਜੇ ਉਹਦੀ ਬਿੱਜਲੀਲੀ ਕੜੀ ਆਵਾਜ਼ ਮੇਰੇ
ਕੰਨ ਵਿਚੋਂ, 'ਮਾਂ ! ਮੈਂ ਪੁੱਤ ਤੇਰਾ, ਸਦਾ ਝੋਲੀ ਆਪਣੀ ਵਿਚ ਪਾ ਮੈਨੂੰ।'

ਪਰ ਹੁਣ ਪੂਰਨ ਇਕ ਸੁਫ਼ਨਾ ਹੈ ਤੇ ਮਹਿਲ ਮੇਰਾ ਸੱਖਣਾ ਹੈ,

ਮੈਂ ਆਖਦੀ ਮੁੜ ਆ ਬੱਚਾ ! ਮੈਨੂੰ ਬਖ਼ਸ਼ ਬੱਚਾ, ਮੈਨੂੰ ਆਪਣੇ ਅੰਦਰ ਦੇ
ਪਸਚਾਤਾਪ ਥੀਂ ਤੂੰ ਬਖ਼ਸ਼ਵਾ ਬੱਚਾ,
ਹਰੀ ਕਰ ਤੂੰ ਸਦਾ ਲਈ ਝੋਲ ਮੇਰੀ, ਤੂੰ ਤਾਂ ਆਖਦਾ ਸੈਂ, ਮੈਂ ਸਦਾ ਭਰਸਾਂ,
ਹੁਣ ਆ ਨਾ, ਹੁਣ ਆ ਬੱਚਾ, ਮੈਨੂੰ ਬਖ਼ਸ਼, ਬਖ਼ਸ਼ਵਾ ਬੱਚਾ !

ਪੂਰਨ ਰਾਣੀ ਲੂਣਾਂ ਨੂੰ ਵਰ ਦਿੰਦਾ

ਪੂਰਨ ਰਾਣੀ ਲੂਣਾਂ ਦਾ ਸਿਰ ਚੁਕ ਕੇ ਆਪਣੇ ਹੱਥਾਂ 'ਤੇ ਸੰਭਾਲਦਾ,
ਤੇ ਹੱਥ ਲੱਗਿਆਂ, ਰਾਣੀ ਪਛਤਾਂਦੀ ਨੂੰ ਅੰਦਰੋਂ ਲੋਅ ਦਿੰਦਾ, ਬਖ਼ਸ਼ਦਾ, ਰੱਬ ਦੀ
ਬਰਕਤ ਭਰਦਾ, ਛੂਹ ਨਾਲ ਚੁੱਪ ਚੁੱਪ ਰੂਹ ਦੇ ਦੁੱਖ ਥੀਂ ਆਰਾਮ ਦਿੰਦਾ
ਰਾਜ਼ੀ ਕਰਦਾ, ਰਾਣੀ ਦੀ ਰੂਹ ਪਲਟਦਾ, ਸ਼ੇਖ਼ ਦਾ, ਚਮਕਦਾ ।
ਰਾਣੀ ! ਸੱਚ ਆਖੇਂ, ਪੂਰਨ ਪੁਤ ਤੇਰਾ, ਤਦ ਤੇਰਾ ਹੁਣ ਤੇਰਾ,
ਉਹ ਹੁਣ ਵੀ ਭਾਵੇਂ ਮਰ ਗਿਆ ਇਸ ਆਪ ਦੀ ਦੁਨੀਆਂ ਥੀਂ, ਆਖੇ ਪੁਤ
ਤੇਰਾ, ਮੋਇਆਂ ਜੀਊਂਦਿਆਂ ਦਾ ਬਸ ਫ਼ਰਕ ਰੱਤੀ, ਵਿਚ ਇਕ ਪਰਦਾ,
ਮੋਇਆ ਜੀਉਂਦਿਆਂ ਦਾ ਸੁਫ਼ਨਾ ਤੇ ਜੀਉਂਦੇ ਮੋਇਆਂ ਦਾ ਸੁਫ਼ਨਾ ।
ਜੋ ਹੋਵਣਾ ਸੀ ਸੋ ਹੋਇਆ ਮਾਈ, ਹੁਣ ਪੂਰਨ ਉਹ ਨਹੀਂ ਮਿਲਣਾ ਹੈ,
ਹਾਂ ! ਪਰ ਲੈ ਇਹ ਬਿਭੂਤ ਚੁਟਕੀ ਨਾਥ ਦੀ ਤੇ ਖਾਵੀਂ ਇਹਨੂੰ ਰੱਖ ਸਿਦਕ,
ਤੇਰੀ ਕੁੱਖ ਥੀਂ ਹੋਵੇਗਾ ਇਕ ਬੜਾ ਬੀਰ ਸੱਚਾ !
ਹੁਣ ਭੁੱਲ ਪੂਰਨ, ਪੂਰਨ ਭੁੱਲਣੇ ਵਿਚ ਹੁਣ ਸੁਖ ਤੁਸਾਡਾ ।

ਜਾਓ ! ਰਾਜਾ ਘਰ ਆਪਣੇ ਤੁਸੀਂ
ਇਸ ਦੁਨੀਆਂ ਵਿਚ ਕਹਿਰ, ਗੁੱਸੇ ਦੀ ਕੋਈ ਥਾਂ ਨਹੀਂ, ਕਿਧਰੇ ਕਦੀ, ਸਦਾ
ਗੁੱਸੇ ਕਹਿਰ ਥੀਂ ਬਚਣਾ-ਬੱਸ, ਇਕ ਇਹ ਹੈਵਾਨ ਹੈ ਛੁਪਿਆ
ਇਨਸਾਨ ਅੰਦਰ ।
ਇਕ ਗੁੱਸੇ ਨੇ ਮਰਵਾਇਆ ਪੁੱਤ ਤੇਰਾ, ਦੂਜੇ ਨਾਲ ਨਾ ਮਾਰੀਂ ਰਾਣੀ ਆਪਣੀ
ਨੂੰ ਦੇਖੀਂ, ਨੀਝ ਲਾ, ਨਿਆਏ ਰੱਬ ਦੇ ਉੱਚੇ ਆਦਰਸ਼ ਥੀਂ, ਇਥੇ
ਕਿਸੇ ਦਾ, ਕਦੀ ਕੁਝ ਵੀ ਕਸੂਰ ਨਾਂਹ, ਇਹ ਜੀਣ-ਖੇਤਰ ਅਣਦਿਸਦੇ
ਅਨੇਕ ਖੇਤਰਾਂ ਦਾ ਇਕ ਸੂਈ ਦੇ ਨੱਕੇ ਥੀਂ ਵੱਧ ਨਾ ਵਡਾ ਫੈਲਾਉ
ਵਿਚ, ਜਿੱਥੇ ਨਾ ਪਿੱਛਾ ਨਾ ਅੱਗਾ ਕਿਸੇ ਨੂੰ ਦਿੱਸੇ ਕਈ ਕਰਮਾਂ
ਖ਼ਿਆਲਾਂ ਬੇਬਸੀਆਂ ਲਚਾਰੀਆਂ, ਰੂਹਾਂ-ਰਸੀਆਂ, ਦਿਲ ਲਗਿਆਂ ਦੀ
ਆਪ ਮੁਹਾਰੀ ਕੁਝ ਗਡ ਵੱਡ ਹੁੰਦੀ, ਕਦੀ ਕਦੀ ਆਪਣੇ ਨਹੀਂ ਦੂਜੇ
ਦੇ ਕਰਮ ਵੀ ਆਣ ਮਾਰਨ ।

ਲੂਣਾਂ ਮਾਈ ਦਾ ਨਾ ਕੋਈ ਕਸੂਰ ਜਾਣੀਂ, ਰਾਜਿਆ ! ਨਿਆਏ ਮਨੁੱਖ ਦੇ ਹੱਥ
ਨਾਂਹ, ਨਿਆਂਏ ਸੱਚਾ, ਸੱਚਾ ਰੱਬ ਕਰਦਾ ਤੇ ਸੱਚ ਜਾਣੀ, ਉਹ ਇੰਨਾ
ਵੱਡਾ, ਉੱਚਾ ਅਨੰਤ ਹੈ ਵੇ ਕਿ ਉਹਦਾ ਨਿਆਂਏ ਬਸ ਮਾਫ਼ੀ ਤੇ ਪਿਆਰ
ਤੇ ਬਰਕਤ ਹੈ । ਵੈਰ ! ਉਹ ਤਾਂ ਸਦਾ ਅਮਰਤਾ ਨਾਲ ਪਾਲਦਾ ਪਾਪੀ,

ਪੁੰਨੀ, ਧਰਮੀ, ਅਧਰਮੀ, ਉਥੇ ਕਦੀ, ਕਿਸੇ ਹਾਲਤ ਨਾ ਹੁੰਦੀ ਵੰਡ
ਕਾਣੀ—ਪਾਪ ਬਸ ਇਕ ਹੈ ਉਹਨੂੰ ਨਾ ਪਿਆਰ ਕਰਨਾ। ਉਹ ਕਰਮ
ਸਾਡਾ, ਸਾਡੇ ਹੱਥ ਛੁਰੀ, ਅਸੀਂ ਆਪਣੇ ਪੇਟ ਹਾਂ ਆਪ ਮਾਰਦੇ, ਬਾਕੀ
ਇਕ ਪਾਪ ਹੋਰ ਘੋਰ ਹੈ, ਉਹਦੇ ਪਿਆਰਿਆਂ ਨੂੰ ਦੁੱਖ ਦੇਣਾ, ਹੋਰ ਇਸ
ਦੁਨੀਆਂ 'ਤੇ ਨਾ ਕੋਈ ਪੁੰਨ, ਨਾ ਪਾਪ ਹੋਵੇ, ਇਹ ਵਾਸਤਵ (ਸਚਮੁਚ)
ਯਥਾਰਥ ਰਾਜਾ! ਤੁਸਾਂ ਹੁਣ ਕਦੀ ਨਾ ਕਹਿਰ ਕਰਾਵਣਾ ਜੀ।

ਮਾਂ-ਇੱਛਰਾਂ ਦਾ ਆਵਣਾ

ਦੂਰੋਂ ਦੇਖਿਆ ਇਕ ਹੋਰ ਆਉਂਦੀ, ਇਸ ਵੇਰੀ ਮਾਂ-ਰਾਣੀ ਇੱਛਰਾਂ ਸੀ, ਉਹਦੇ
ਕੇਸ ਖਿੱਲਰੇ, ਵਿਚੋਂ ਘਟਾ ਉੱਡੇ, ਉਹਦੇ ਕੱਪੜੇ ਫਟੇ ਪੁਰਾਣੇ; ਕੁਝ
ਪਾਗਲ ਜਿਹੀ ਵਾਂਗ ਫ਼ਕੀਰਨੀ ਦੇ।
ਨੈਣ ਨਾ ਦੇਖਣ ਉਸ ਦੇ, ਪੈਰ ਵਸ ਨਾਂਹ ਕਦਮ ਲੜਖੜਾਂਦੇ, ਡਿੱਗਦੀ, ਢਹਿੰਦੀ
ਆਉਂਦੀ ਸੀ।
ਸੈ ਗੋਲੀਆਂ, ਬਾਂਦੀਆਂ ਦੀ ਮਾਲਕ ਅੱਜ ਵਾਂਗ ਗਲੀਆਂ ਦੇ ਕੱਖਾਂ ਦੇ, ਆਪਣੇ
ਆਪ ਦੇ ਜੰਮੇ ਦੁੱਖ ਵਿਚ ਰੁਲਦੀ ਹੈ।
ਆਈ ਇੱਛਰਾਂ ਵਾਂਗ ਇਕ ਕੱਖ ਦੇ, ਸੁਣ ਜੋਗੀ ਦੀਆਂ ਕਰਾਮਾਤਾਂ ਤੇ ਕੁਝ
ਅਗੰਮ ਦੀ ਧੂਹ ਖਾ ਕੇ, ਆਂਦਰਾਂ ਦੀਆਂ ਰੱਸੀਆਂ ਖਿੱਚ ਆਣਦੀਆਂ
ਹਨ।
ਆਈ ਪੁੱਛਣ ਦਾ ਦੁੱਖ ਸੁੱਖ ਆਪਣੇ, ਕੋਈ ਪਤਾ ਦੱਸੇ ਪੂਰਨ ਹੁਣ ਕਿੱਥੇ? ਮੋਇਆਂ ਦਾ
ਦੇਸ਼ ਕਿਹੜਾ? ਜੀਉਂਦੇ ਕਿਉਂ ਰਹਿਣ ਪਿੱਛੇ?
ਲੋਕੀਂ ਆਖਦੇ, ਪੂਰਨ ਬੱਚੇ ਦਾ ਬਾਗ਼ ਮੁੜ ਹਰਾ ਹੋਇਆ, ਪੂਰਨ ਕਦ ਮਿਲਸੀ,
ਨੈਣ ਕਦ ਖੁਲ੍ਹਸਨ ਹੁਣ ਮੇਰੇ, ਮੈਂ ਤੱਕਸਾਂ ਕਦ ਬੱਚੇ ਆਪਣੇ ਦੇ ਬਾਗ਼
ਮੁੜ, ਬੱਚਾ ਬੈਠਾ ਵਿਚ ਹੋਵੇ।

ਰਾਣੀ ਇੱਛਰਾਂ ਦਾ ਉੱਚਾ ਗ਼ਮ

ਰਾਣੀ ਇੱਛਰਾਂ ਭਾਵੇਂ ਬੇਲੋੜ ਸੀ, ਨਾ ਮੰਗਦੀ ਕੁਝ ਸੀ ਉਹ ਰੱਬ ਪਾਸੋਂ, ਆਖੇ
ਸਦਾ ਉਹ ਮਾਂ, ਦਰਸ ਕੋਈ ਦਿਖਾ ਦੇਵੇ, ਪੂਰਨ ਦਾ ਇਕ ਵੇਰੀ,
ਲਵੇ ਉਹ ਮੇਰੀਆਂ ਲੱਖ ਜਾਨਾਂ, ਜਨਮਾਂ ਦੇ ਜਨਮ ਮੈਂ ਵਾਰਸਾਂ ਓਸ
ਘੜੀ ਇਕ 'ਤੇ ਪਰ ਕਿੱਥੇ? ਪੂਰਨ ਤਾਂ ਗਿਆ ਗਵਾਚ, ਫੁੱਲ ਖਿੜ
ਕੇ ਹਿਸ ਗਿਆ, ਦੀਵੇ ਦਾ ਲਾਟ ਉਹ ਮੇਰੀ ਬੱਸ ਬੁੱਝ ਗਈ, 'ਹੁਣ
ਕਦ ਜਗੇ, ਪੂਰਨ ਕਦ ਮਿਲਦਾ?

ਮਾਂ ਇੱਛਰਾਂ ਦਾ ਸੀ ਦੁਖ ਵੱਡਾ, ਦੁਖ ਸੀ ਮਹਾਨ ਉੱਚਾ, ਤ੍ਰਿਖਾ, ਸੱਚ ਭਰਿਆ,
ਸੱਚ ਮਨੁੱਖਾਂ ਵਾਲਾ, ਇਨਸਾਨੀ

ਉਸ ਦੁੱਖ ਨੂੰ ਦੇਖ ਕੇ ਹਰ ਨੇਕ ਬੰਦਾ ਮੱਥਾ ਉਸ ਦੁਖ ਨੂੰ ਟੇਕਦਾ,
ਸਾਧੂ ਸੰਤ ਸਾਰੇ ਉਸ ਨੂੰ ਜਾਣਦੇ ਸਨ,
ਮਾਂ-ਇੱਛਰਾਂ ਨੂੰ ਨਾ ਲੋੜ ਕਾਈ ਇਕ ਪੂਰਨ ਪੁੱਤ ਦਾ ਦਰਸ ਉਹ ਚਾਹੁੰਦੀ ਸੀ...
ਅੰਨ੍ਹੀ ਢਹਿੰਦੀ, ਡਿੱਗਦੀ ਲੜਖੜਾਂਦੀ ਆਉਂਦੀ ਨੂੰ,
ਉੱਠ ਪੂਰਨ ਨਾਲ ਪਿਆਰ ਭਰੇ ਸਤਿਕਾਰ ਦੇ, ਨਾਲ ਮੋਹ ਦੇ ਸੰਭਾਲਦਾ ਹੈ।

ਪੂਰਨ ਤੇ ਮਾਂ ਇੱਛਰਾਂ ਦਾ ਮਿਲਾਪ

ਨਾਲ ਲੱਗਦੇ ਹੀ ਮਾਂ ਚੀਕ ਉੱਠੀ।
ਨੈਣ ਖੁੱਲ੍ਹ ਗਏ, ਅਕਥਨੀਜ ਖੁਸ਼ੀ ਦਾਰੂ ਸੀ ਉਹਦੀ ਅੱਖਾਂ ਦਾ।
ਛਾਤੀ ਮਾਂ ਦੀ ਦੁੱਧ ਨਾਲ ਭਰ ਉੱਠੀ, ਫ਼ਰਕੀ, ਕੰਬੀ,
ਆਖੇ ! ਹੈਰਾਨ ਹੋ, ਸੂਰਜ ਚਾਨਣਾ ਤੱਕ ਬਾਰਾਂ ਵਰ੍ਹਿਆਂ ਬਾਅਦ,
ਹੈਂ ! ਕੀ ਮੈਂ ਜਿਊਂਦੀ, ਕੀ ਮੈਂ ਮੋਈ, ਇਸ ਘੜੀ, ਇਹ ਜਿਸਮ ਮੇਰਾ ਹੈ ਕਿ ਰੂਹ ਨਿਕਲਿਆ ਸਰੀਰ ਵਿਚੋਂ ਮਰ ਕੇ, ਇਹ ਸਮਾਂ ਕੀ ਹੈ, ਇਹ ਦੇਸ਼ ਕੀ ਹੈ ?
ਹੈਂ ! ਇਹ ਮਰ ਗਿਆਂ ਦਾ ਦੇਸ਼ ਆਇਆ, ਕਿ ਅੱਜ ਇਥੇ ਮੇਰੇ ਪੂਰਨ ਦਾ ਮੈਨੂੰ ਹੱਥ ਲੱਗਦਾ ਹੈ।
ਹੈਂ ! ਕੀ ਇਹ ਸਮਾਂ ਮੌਤ ਥੀਂ ਇਧਰ ਦਾ ਹੈ ਕਿ ਉਧਰ ਦਾ ਹੈ ? ਮੈਂ ਸੁਗੰਧੀ ਖ਼ੁਸ਼ਬੋ ਆਪਣੇ ਮੋਏ ਬੱਚੇ ਦੀ ਹੁਣ।
ਹੈਂ ! ਕੀ ਮਰ ਕੇ ਮੇਲੇ ਇੰਜ ਹੁੰਦੇ ? ਕੀ ਰੱਬ ਦੇ ਇਸ ਦੇਸ਼ ਵਿਚ ਮੋਏ ਪੁੱਤ ਤੇ ਮੋਈ ਮਾਂ ਦੇ ਮਿਲਣ ਮੁੜ ਹੁੰਦੇ।

ਪੂਰਨ ਪੁੱਤ ਤੇ ਇੱਛਰਾਂ ਮਾਂ ਦੀ ਜੱਫੀ

ਜੋਗੀ ਆਖਦਾ :
ਮਾਤਾ ਤੇਰਾ ਪਿਆਰ ਵੱਡਾ, ਤੇਰੇ ਪਿਆਰ ਨੇ ਤੈਨੂੰ ਜਿਵਾਲਿਆ ਹੈ।
ਅਸਾਂ ਜੋਗੀ ਰਮਤੇ, ਨਾਥ ਦੇ ਬਾਲੜੇ ਹਾਂ,
ਤੈਨੂੰ ਭੁੱਲ ਲੱਗੀ,
ਪੂਰਨ ਦੇ ਮੇਲੇ ਦਾ ਤੈਨੂੰ ਪਿਆਰ-ਸੁਫ਼ਨਾ ਆਇਆ ਮਾਤਾ।
ਦੇਖ ਸਾਨੂੰ ਜੋਗੀਆਂ ਨੂੰ, ਇਹ ਤੇਰੇ ਚਿਤ ਦੀ ਮਾਇਆ ਹੈ।

ਜਦੋਂ 'ਵਾਜ ਸੁਣਿਆਂ, ਮਾਂ-ਇੱਛਰਾਂ ਕੂਕ ਉੱਠੀ, ਕੂਕ ਜਿਹੜੀ ਚੀਰ ਨੀਲਾਣ ਜਾ ਵੱਜੀ ਰੱਬ ਦੇ ਤਖ਼ਤ ਦੇ ਚਰਨ ਨਾਲ।
ਆਖੇ ! ਜੋਗੀ ਹੋ ਕੇ ਝੂਠ ਵਚਨ ਪਿਆ ਆਖਨਾਂ ਹੈਂ ?
ਸਦਕੇ, ਸਦਕੇ, ਸ਼ੁਕਰ, ਸ਼ੁਕਰ ਰੱਬਾ ! ਸ਼ੁਕਰ, ਸ਼ੁਕਰ, ਦਾਤਾ ! ਸ਼ੁਕਰ, ਸ਼ੁਕਰ, ਸਦਕੇ, ਸਦਕੇ, ਵਾਰੀ, ਵਾਰੀ ਬੱਚਾ।
ਬੱਚਾ ! ਤੂੰ ਮੇਰਾ ਪੂਰਨ, ਦੌੜ, ਘੁੱਟ, ਪਾ ਠੰਢੀ,

ਮੈਂ ਰੱਬ ਤੇਰੀ, ਮੈਂ ਗੁਰੂ ਤੇਰਾ, ਮੈਂ ਤੈਨੂੰ ਜਾਇਆ, ਮੈਂ ਪੰਘੂੜੇ ਪਾ ਤੈਨੂੰ
ਰੱਖਿਆ, ਬੀਬਾ ।
ਬੱਚਾ ! ਮੇਰਾ, ਤੂੰ ਪੂਰਨ, ਤੂੰ ਪੂਰਨ, ਤੂੰ ਪੂਰਨ ।

ਧਾ ਕੇ, ਘੁੱਟ ਕੇ, ਨਪੀੜ ਕੇ ਵਾਂਗ ਇਕ ਬਾਲ ਪੰਜਾਂ ਵਰ੍ਹਿਆਂ ਦੇ, ਮਾਂ-ਇੱਛਰਾਂ
ਪੂਰਨ ਗਲ ਲਾਇਆ,
ਪੂਰਨ ਲੱਗਾ ਗਲੇ ਆਖ਼ਰ ਮਾਂ-ਇੱਛਰਾਂ ਦੇ,
ਚਾਰੋਂ ਨੈਣ ਤ੍ਰਿਮ ਤ੍ਰਿਮ ਕਰਦੇ, ਦੋਏ ਦਿਲ ਹਿੱਲਣ ਇਕ ਸ਼ੁਕਰਾਨੇਂ ਵਿਚ ਤੈ
ਬਾਹਾਂ ਚਾਰੇ ਵਾਂਗ ਖੰਭਾਂ ਪੰਖੇਰੂਆਂ ਦੇ ਕੰਬਦੀਆਂ ਸਨ ।
ਮਾਂ-ਇੱਛਰਾਂ ਦੇ ਹੇਠ ਜਾ ਸੁੱਤੇ ਪੂਰਨ ਜੋਗੀ ਦੀ ਬਿਭੂਤਾਂ ਹੇਠ, ਆਪਣੇ ਪੁੱਤਰ
ਦੇ ਮੂੰਹ ਅੰਦਰੇ ।
ਬਾਹਾਂ ਪਸਾਰ ਦੋਵੇਂ ਮਿਲੇ, ਤੇ ਵੇਲਾ ਵਕਤ ਸਭ ਭੁੱਲੇ,
ਉਥੇ ਹੀ ਖੜੇ ਖੜੇ, ਪਿਆਰ ਸਮਾਧੀ ਅਖੰਡ ਵਿਚ ਸੁੱਤੇ, ਸ਼ੁਕਰ ਵਿਚ ਸੁੱਤੇ,
ਰੱਬ ਦੇ ਦਿਲ ਵਿਚ ਸੁੱਤੇ ।

ਪੁੱਤ ਜੋਗ ਭੁੱਲਿਆ, ਮਾਂ ਦੁੱਖ-ਦਰਦ ਸਭ ਭੁੱਲੀ,
ਉਹ ਗਭਰੂ ਜਵਾਨ ਪੁੱਤਰ ਮਾਂ ਦੀ ਜੱਫੀ ਵਿਚ ਸੁੱਤਾ,
ਬੁੱਢੀ ਮਾਂ ਪਈ ਮੁੜ ਪੁੱਤਰ ਆਪਣੇ ਦੀ ਝੋਲੀ ।

ਯੋਗੀ-ਮਾਂ ਦਾ ਬੱਚਾ, ਯੋਗੀ ਰਾਜ ਧਿਆਨੀ,
ਯੋਗ ਦੀ ਤਸਵੀਰ, ਇਕ ਦੂਜੇ ਦੀ ਜੱਫੀ ਵਿਚ, ਪੂਰਨ ਯੋਗ ਦੀ, ਇਕ
ਬੁੱਤ ਸਮਾਧੀ ਦਾ ਜਿਹੜਾ ਅਮਰ ਹੋਇਆ ।
ਇਉਂ ਮਿਲੇ ਆਖ਼ਰ :
ਰੱਬ ਹੈ ਵਿਛੁੜੇ ਮਿਲਾਣ ਵਾਲਾ ।

ਝਨਾਂ ਦੀਆਂ ਲਹਿਰਾਂ

ਮੇਰਾ ਟੁੱਟਾ ਜਿਹਾ ਗੀਤ

੧

ਅੱਖਰਾਂ ਦੇ ਅੱਖਰ ਮੇਰੇ, ਨਿੱਕੇ ਨਿੱਕੇ ਹੱਥਾਂ ਵਿਚੋਂ ਡਿੱਗ ਡਿੱਗ ਪੈਂਦੇ,
ਮੇਰੇ ਨਿੱਕੇ ਨਿੱਕੇ ਹੱਥ, ਦਾਤਾਂ ਵਡੀਆਂ, ਝਨਾਂ ਦੇ ਝਨਾਂ ਪਏ ਵਗਦੇ ।
ਸਾਰੇ ਗੁੰਮ ਗੁੰਮ ਜਾਂਦੇ ਮੈਂ ਥੀਂ,
ਸਾਰੇ ਮੁੜ ਲੱਭਦੇ ਨਾਂਹ,
ਮੇਰੇ ਬਾਲ-ਨੈਣ ਭੋਲੇ-ਭਾਲੇ ਢੂੰਡ ਨ ਸਕਦੇ, ਭਾਵੇਂ ਭਾਲਣ ਚਾਰ ਚੁਫੇਰੀਆਂ ।
ਰੇਤਾਂ ਵਿਚ ਡੁੱਲ੍ਹੇ ਚਮਕਦੇ, ਫੜਨ ਨਹੀਂ ਹੁੰਦੇ,
ਮੇਰੇ ਅੱਖਰਾਂ ਦੇ ਦਰਿਆ ਨੱਸਦੇ ਜਾਂਦੇ,
ਮੋਤੀਆਂ ਦੇ ਹੜ੍ਹ ।

੨

ਮੈਨੂੰ ਰੰਗ ਬੰਨ੍ਹਣਾ ਨਹੀਂ ਆਉਂਦਾ ਹਾਲੀਂ,
ਉਹ ਰੰਗ ਜਿਹੜਾ ਕਦੀ ਕਦੀ,
ਮੇਰੇ ਅੰਦਰ ਕਣੀਂ ਕਣੀਂ, ਅਚਨਚੇਤ ਵਰ੍ਹਦਾ !
ਮਾੜਾ ਮਾੜਾ ਰੰਗ ਕੁਝ ਘੁਲ ਘੁਲ ਸਿੰਮਦਾ ।
ਰਮਜ਼ਾਂ ਉੱਚੀਆਂ, ਨਾਦਾਨ ਮੈਂਡੀ ਉਮਰ ਹਾਲੀਂ !
ਅਲਾਪ ਮੇਰਾ ਠੀਕ ਹੈ, ਧੁਰ ਅੰਦਰ,
ਪਰ ਦੂਰ ਦੂਰ ਦਿੱਸਦਾ ਵਾਂਗ ਅਸਮਾਨ ਦੇ,
ਖੜ੍ਹਾ ਨਿੱਕਾ ਬੱਚਾ ਧੜਾਗੀ ਜਿਹੀ ਪਾਈ ਮੈਂ,
ਪਰ ਚਾਰ ਚੁਫੇਰੀਆਂ ਕਮਾਲ ਦਾ ਕੋਈ ਰਾਗ,
ਜਲਾਂ ਤੇ ਥਲਾਂ ਤੇ ਅਸਮਾਨੀਂ ਪਿਆ ਗੱਜਦਾ ।

੩

ਮੇਰੇ ਹੱਥ ਦੇ ਬਣਾਏ ਹਾਰ, ਟੁੱਟੇ, ਭੱਜੇ,
ਨਿੱਕੇ ਨਿੱਕੇ ਹਾਰ ਮੇਰੇ ਬਾਲ-ਪਿਆਰ ਦੇ,
ਮੇਰਾ ਗੀਤ ਗੁੰਮਿਆਂ ਗੁੰਮਿਆਂ, ਘੁੱਥਾ ਘੁੱਥਾ ਦਿੱਸਦਾ ।
ਇਕ ਇਕ ਸਤਰ ਵਿਚ, ਗੁੰਮੇ ਕਈ ਦਾਣੇ,

ਪਰ ਮੋਤੀਆਂ ਦੇ ਟੁੱਟੇ ਟੁੱਟੇ ਹਾਰ ਇਹ,
ਤੋੜ ਤੋੜ, ਕੇਰ ਕੇਰ, ਖਲੇਰ ਖਲੇਰ,
ਪਿਆਰ-ਦੇਸ਼ ਨੂੰ ਦੇਂਵਦਾ।
ਜ਼ਮੀਨ ਥੀਂ ਆਕਾਸ਼ ਵੱਲ ਭੇਜਦਾ।

੪

ਪੰਛੀ ਹਾਂ ਮਾਨ ਸਰੋਵਰ ਨੂੰ ਜਾਣ ਵਾਲਾ,
ਰਾਹ ਵਿਚ, ਫੰਘ ਆਪਣੇ ਸੇੜ ਸੇੜ,
ਮੈਂ ਕਣੀਆਂ ਉਡਾਂਵਦਾ, ਫੰਘ ਫਟਕਾਉਂਦਾ,
ਘਾਹਾਂ ਤੇ ਫੁੱਲਾਂ 'ਤੇ ਤ੍ਰੇਲ-ਮਣੀਆਂ ਸਜਾਉਂਦਾ,
ਫੱਟੇ ਫੁੱਲਾਂ 'ਤੇ ਪਾਵਾਂ ਤ੍ਰੇਲ ਦੀਆਂ ਡਲੀਆਂ,
ਝੋਲ ਬਾਗਾਂ ਦੀ ਮਣੀਆਂ ਦੇ ਭਾਰ ਨਾਲ ਤੋੜਦਾ।
ਇਹ ਖੁੱਲ੍ਹ ਜਿਹੀ ਮੇਰੀ ਹੁੱਬ ਦੀਆਂ ਘੜੀਆਂ,
ਗੇਂਦਾਂ ਤੋੜ ਤੋੜ ਸਾਰੀਆਂ ਮੈਂ ਮੌਜਾਂ ਮਾਣਦਾ,
ਮੇਰੀ ਬੇਇਲਮੀ ਦੀ ਵਿਹਲ ਦੀ ਪੂਰੀ ਖ਼ੁਸ਼ੀ ਇਹ,
ਅੱਥਰੂਆਂ ਦੀ ਮਾਲਾ ਅਨੇਕ ਮੇਰੇ ਗਲ ਵਿਚ,
ਜਾਂਦਾ ਜਾਂਦਾ ਪੰਖੇਰੂ-ਨੈਣਾਂ ਵਿਚ ਲਟਕਾਉਂਦਾ।

੫

ਦੁਨੀਆਂ ਰੰਗਾਂ ਦਾ ਇਕ ਅਚੰਭਾ-ਛੰਭ ਦਿੱਸਦਾ,
ਬਾਗ਼ ਤੇ ਬੀਆਬਾਨ ਜੰਗਲ ਸਾਰੇ ਮੇਰੇ ਖਿਡਾਉਣੇ।
ਧੰਧੂਕਾਰਾਂ ਵਿਚ ਮਾਂ ਪਾਇਆ ਮੇਰਾ ਪੰਘੂੜਾ
ਤੇ ਤਾਰੇ ਸਾਰੇ ਮੈਨੂੰ ਝਾਤ ਝਾਤ ਕਰਦੇ,
ਮਾਂ ਹੱਥ ਆਪਣੇ ਨਾਲ ਹਿਲਾਂਦੀ ਪੰਘੂੜਾ ਮੇਰਾ,
ਦੇਂਦੀ ਅਸਗਾਂਹ ਨੀਲਾਣ ਵਿਚ ਮਿੱਠੀ ਮਿੱਠੀ ਲੋਰੀਆਂ।
ਉਥੋਂ ਦੇ ਸੁਫ਼ਨਿਆਂ ਦੇ ਗੀਤ ਮੈਨੂੰ ਕੁਝ ਕੁਝ ਯਾਦ ਜਿਹੇ,
ਉਹ ਅਸਮਾਨਾਂ ਥੀਂ ਖੋਹ ਖੋਹ,
ਮੈਂ ਖੇਡ ਵਿਚ ਤਾਰਿਆਂ ਦਾ ਇਕ ਮੀਂਹ ਜਿਹਾ ਪਾਉਂਦਾ।
ਕਣੀ ਕਣੀ, ਵੱਖਰੀ ਵੱਖਰੀ, ਮਣੀ ਮਣੀ
ਤ੍ਰੇਲ ਤ੍ਰੇਲ, ਮੈਂ ਜੇ, ਗੁੰਮ ਗੁੰਮ ਜਾਉਂਦਾ।
ਬਰਖਾ ਦੀ ਠੰਢ,
ਇਕ ਰੰਗ ਬਸ ਇਕ ਰਾਗ ਮੇਰਾ,
ਇਕ ਅਣੋਖੀਆਂ ਜਿਹੀਆਂ ਟੁੱਟੀਆਂ ਭੱਜੀਆਂ ਸੁਰਾਂ,
ਬਾਲ-ਦਿਲ ਸਬੂਤ ਮੇਰਾ,
ਮੈਂ ਆਪ ਇਕ ਗੀਤ ਹਾਂ,
ਬੋਲੀ ਮੇਰੀ ਟੁੱਟੀ ਭੱਜੀ,

ਬੇਇਲਮ ਜਿਹਾ ਮੈਂ,
ਪਿਆਰ ਦੇਸ ਸਾਰਾ ਕਬੂਲ ਕਰਸੀ ਮੇਰਾ ਚਾ,
ਇਹ ਵੀ ਇਕ ਪਾਗਲ ਜਿਹਾ ਸੁਆਦ ਹੈ ।
ਇਕ ਅੱਗ ਦੇ ਕਿਣਕਿਆਂ ਦੀ ਫੁੱਲਝੜੀ ਹੈ ।

ਦਿਲ ਮੇਰਾ ਖਿਚੀਂਦਾ

ਮੈਂ ਪਤੰਗ ਕਿਸੇ ਦੀ,
ਡੋਰਾਂ ਵਾਲਾ ਖਿੱਚਦਾ,
ਪਤੰਗ ਪੇਈ ਚੜ੍ਹਦੀ,
ਉੱਚੀ ਹਵਾ ਵਿਚ,
ਇਹ ਲਹਿਰੇ, ਇਹ ਠਹਿਰੇ,
ਠਹਿਰ ਠਹਿਰ ਚੜ੍ਹਦੀ,
ਨੀਲਾਣਾਂ ਵਿਚ ਟੁੱਭੀ ਲਾਂਦੀ,
ਫੜਫੜਾਂਦੀ, ਸਿਰ ਚੱਕਦੀ,
ਉੱਡਦੀ, ਉੱਚੀ ਉੱਚੀ,
ਸ਼ੂਕਦੀ ਅੱਧ ਅਸਮਾਨ ਵਿਚ—
ਮੁੜ ਮੁੜ ਖਿੱਚ ਪਈ ਪੈਂਦੀ ਹੈ,
ਛਾਤੀ ਮੇਰੀ ਮੁੜ ਮੁੜ ਗੁਦ—ਗਦਾਂਦੀ,
ਜਿਵੇਂ ਕੋਈ ਪਿਆਰਾ ਆਣ ਕਲੇਜੇ ਲੱਗਦਾ,
ਪਰ ਪਤਾ ਨਹੀਂ ਲੱਗਦਾ ਕੌਣ ਹੈ ?
ਦਿਲ ਮੇਰਾ ਵੱਜਦਾ ਧੱਕ ਧੱਕ,
ਪਿਆਰਾਂ ਪਈਆਂ ਮਿਲਦੀਆਂ,
ਹਰ ਘੜੀ ਸਾਹ ਮੇਰਾ ਬਲਦਾ, ਕਿਸੇ ਦੀ ਯਾਦ ਵਿਚ,
ਪਰ ਪਤਾ ਨਹੀਂ ਲੱਗਦਾ ਕੌਣ ਹੈ ?

ਆਪਣਾ ਆਪ ਮੈਨੂੰ ਮਿੱਠਾ ਖੰਡ ਲੱਗਦਾ,
ਚਾਰ ਚੁਫੇਰੀ ਕੋਈ ਰੌਣਕ ਕਮਾਲ ਹੈ ।
ਦਿਨ ਨੂੰ ਨੂਰ ਦੇ ਫੁੱਲ ਪਏ ਵਰ੍ਹਦੇ ।
ਰਾਤ ਆਪਣੇ ਕਾਲੇ ਕੇਸਾਂ ਵਿਚ
ਜੁਗਨੂੰ ਅਨੇਕ ਲਟਕਾਏ ਆਉਂਦੀ ।
ਦਿਨ ਮੇਰਾ ਸੰਗੀ,
ਰਾਤ ਮੇਰੀ ਸਹੇਲੀ,
ਦੂਰੋਂ ਦੂਰੋਂ ਚੱਲ ਮੈਨੂੰ ਮਿਲਣ ਆਉਂਦੇ ।
ਜੀਣਾਂ ਚੰਗਾ ਚੰਗਾ ਲੱਗਦਾ ।
ਮੌਤ ਓਪਰੀ ਨਾਂਹ, ਇਕ ਮਿੱਠੀ ਨੀਂਦਰ ।

ਨਾ ਅੱਕਦਾ, ਨਾ ਥੱਕਦਾ, ਖਿੱਚ ਪਈ ਪੈਂਦੀ।
ਅੱਖ ਨੂੰ ਡੋਰ ਪਾ ਉਤੇ ਨੂੰ ਕੋਈ ਖਿੱਚਦਾ,
ਇਕ ਬੋਲਦਾ ਜਿਹਾ ਸੁਆਦ ਪਿਆ ਆਉਂਦਾ,
ਪਰ ਪਤਾ ਨਹੀਂ ਲੱਗਦਾ ਕੌਣ ਹੈ?
ਮੇਰਾ ਰੂਹ ਜਾਣਦਾ,
ਮੈਂ ਕਿਸੇ ਦਾ,
ਜਿਸ ਹੱਥ ਡੋਰਾਂ,
ਉਹ ਆਪਣੀ ਪਤੰਗ ਪਿਆ ਚਾੜ੍ਹਦਾ।

ਪ੍ਰਭਾਤ ਆਕਾਸ਼ ਵਿਚ

੧

ਪ੍ਰਭਾਤ ਨੂੰ ਸੂਰਜ ਦੀ ਟਿੱਕੀ,
ਅਸਮਾਨ ਵਿਚ ਸੁਹਾਗ-ਤਿਲਕ ਲਾਉਂਦੀ,
ਕਿਹਾ ਸੁਹਣਾ ਸੰਧੂਰ ਦਾ ਟਿੱਕਾ ਚਮਕਦਾ!
ਤੇ ਸ਼ਾਮ ਵੇਲੇ ਸੁਹਣੀ ਪ੍ਰਭਾਤ ਦੇ ਪੈਰਾਂ ਨੂੰ,
ਸੁਹਾਗ-ਮਹਿੰਦੀ ਲਾਂਦੀ ਦਿੱਸਦੀ,
ਤੇ ਜਾਂਦੀ ਲੁੜ੍ਹਕਦੀ ਹਿਠਾਹਾਂ ਨੂੰ,
ਚੁੰਨੀ ਕਿਰਮਚੀ ਹਵਾਵਾਂ ਵਿਚ ਉੱਡਦੀ।
ਤੇ ਚਾ ਤੇ ਰੰਗ ਸਭ ਮੰਗਲਾਚਾਰ ਦਾ।
ਕੋਈ ਭਾਗਾਂ ਦੀ ਬਰਖਾ ਪਈ ਪੈਂਦੀ।
ਭਾਵੇਂ ਪਤਾ ਨਹੀਂ ਲੱਗਦਾ,
ਰੂਹ ਵਿਚ ਖ਼ੁਸ਼ੀ ਪਈ ਭਰਦੀ,
ਆਪ ਮੁਹਾਰਾ ਦਿਲ ਪਿਆ ਨੱਚਦਾ,
ਇਉਂ ਪ੍ਰਭਾਵ ਪੈਂਦਾ,
ਜਿਵੇਂ ਕੋਈ ਗਾ ਰਿਹਾ ਹੈ,
ਕੋਈ ਖੜਾ ਖ਼ੁਸ਼ੀਆਂ ਲੁਟਾ ਰਿਹਾ ਹੈ,
ਭਾਵੇਂ ਪਤਾ ਨਹੀਂ ਲੱਗਦਾ।

੨

ਪ੍ਰਭਾਤ ਚੁੱਕੀ ਤਾਰਿਆਂ ਦਾ ਨੀਲਾ ਨੀਲਾ ਖਾਰਾ
ਉਹ ਪਈ ਆਉਂਦੀ,
ਫੁੱਲ ਪਏ ਕਿਰਦੇ, ਸੁਹਣੀ ਹੰਸ-ਚਾਲ ਚਲਦੀ
ਇਕ ਪੈਰ ਪੁੱਟਦੀ ਹਨੇਰੇ ਥੀਂ ਚਾਨਣਾ,
ਦੂਜੇ ਵਿਚ ਹਨੇਰ ਪਈ ਪਾਉਂਦੀ,
ਉਹ ਪ੍ਰਭਾ ਜੋਤ ਸੁਹਣੀ ਆਉਂਦੀ,

ਆਪਣੇ ਦੁਪੱਟੇ ਨਾਲ ਢੱਕਿਆ ਸੋਨੇ ਦਾ ਸੂਰਜ,
ਤੇ ਉਨ੍ਹਾਂ ਬਰਫ਼ਾਂ 'ਤੇ ਮਲਕੜੇ ਉਤਰਦੀ,
ਸੋਨਾ ਖਲੇਰਦੀ, ਡੋਲ੍ਹਦੀ ਬੇਹੱਦ,
ਰੌਸ਼ਨੀ ਤੇ ਸਮੁੰਦਰਾਂ ਨੂੰ ਪੈਰਾਂ ਨਾਲ ਰੋੜ੍ਹਦੀ,
ਉਹ ਆਈ, ਉਹੰ ਗਈ;
ਇਹ ਅੰਮ੍ਰਿਤਾਂ ਦੀ ਪੁਤਲੀ ।

ਪਸ਼ੂ ਚਰਦੇ

ਸਾਂਵੇ ਸਾਂਵੇ ਘਾਹ ਉਤੇ,
ਗਊਆਂ ਤੇ ਮੱਝੀਆਂ ਦਾ ਚਰਨਾਂ ।
ਸਿਰ ਆਪਣੇ ਨੀਵੇਂ ਕੀਤੇ,
ਪਸ਼ੂਆਂ ਦਾ ਚੁੱਪ-ਚੁਪੀਤੇ,
ਚੁਗਣਾ ਤੇ ਰੱਜਣਾ ਤੇ ਨੱਸਣਾ ।
ਦੇਖ ਦੇਖ ਮੁੜ ਮੁੜ ਲੋਚਾਂ,
ਮੈਂ ਮੁੜ ਪਸ਼ੂ ਥੀਂਣ ਨੂੰ,
ਆਦਮੀ ਬਣ ਬਣ ਥੱਕਿਆ ।

ਇਨ੍ਹਾਂ ਪਸ਼ੂਆਂ ਦੇ ਕਿਹੇ ਨਿੱਕੇ ਨਿੱਕੇ ਕੰਮ ਸਾਰੇ,
ਤੇ ਸੁਹਣੀਆਂ ਬੇ-ਜ਼ਿੰਮੇਵਾਰੀਆਂ,
ਘਾਹ ਖਾਣ ਤੇ ਦੁੱਧ ਦੇਣਾ,
ਕਿਹਾ ਕੋਮਲ ਜਿਹਾ ਉਨਰ ਇਨ੍ਹਾਂ ਚੁਪਾਇਆਂ ਦਾ ।
ਤੇ ਖ਼ੁਸ਼ੀ ਵਿਚ ਨੱਸਣਾ,
ਦਮ ਉਪਰ ਨੂੰ ਮੋੜ ਕੇ,
ਖ਼ੁਸ਼ੀ ਦੀ ਚੱਕਰ ਦੇ, ਉਤਾਹਾਂ ਨੂੰ ਕੁੱਦਦੇ,
ਤੇ ਨੱਸਣ ਬੇਤਹਾਸ਼ਾ ਅਗਾਹਾਂ ਨੂੰ ।
ਸਿੰਙਾਂ ਉਤੇ ਉਲਾਰਨਾ ਜਿਹੜਾ ਅੱਗੇ ਆਏ ਕੋਈ ।
ਬਸ ! ਇਨ੍ਹਾਂ ਹੀ ਕੰਮਾਂ ਲਈ
ਮਾਲਕ ਦੇ ਹੱਥ ਦੀਆਂ ਥਾਪੜੀਆਂ
ਤੇ ਵੱਡੀਆਂ ਵੱਡੀਆਂ ਖ਼ੁਸ਼ੀਆਂ,
ਲੂੰ ਕੰਡੇ ਕਰਨ ਵਾਲੇ ਪਿਆਰ ਦੀਆਂ ।
ਮੁੜ ਮੁੜ ਲੋਚਾਂ ਪਸ਼ੂ ਥੀਣ ਨੂੰ,
ਮੈਂ ਆਦਮੀ ਬਣ ਬਣ ਥੱਕਿਆ ।

ਤੜਫਦੀ ਘੁੱਗੀ

ਆਪ ਮੁਹਾਰੀ ਜਾਨ ਮੇਰੀ ਤੜਫਦੀ ਜੇ ।
ਤੜਫ ਤੜਫ ਮੈਂ ਰਹਿ ਗਈ ਜੇ ! ਦਿਨ ਰਾਤ ਤੜਫਦੀ !

ਅੰਗ ਅੰਗ ਫਰਕਦਾ,
ਰੋਮ ਰੋਮ ਕੰਬਦਾ,
ਖੰਭ ਮੇਰੇ ਫੜਕਦੇ,
ਦਿਲ ਮੇਰਾ ਧੜਕਦਾ
ਕੁਝ ਅਮਲੀ ਅਮਲੀ, ਪੀੜ ਕਮਾਲ ਨੀਂ ।

ਨਾ ਤੀਰ ਆਉਂਦਾ ਦਿਸਿਆ,
ਨਾ ਗੋਲੀ ਦੀ ਸੱਟ ਦੀ 'ਵਾਜ ਨੀਂ,
ਆਪ ਮੁਹਾਰੀ ਮੇਰੀ ਜਿੰਦ ਤੜਫਦੀ,
ਪੁੱਛ ਮੈਨੂੰ ਸਹੇਲੀਏ, ਮੇਰਾ ਹਾਲ ਨੀਂ !

ਤੜਫ ਤੜਫ ਮੈਂ ਮੋਈ ਨੀਂ,
ਮੁੜ ਮੁੜ ਫੰਘਾਂ ਦੀ ਫਰ ਫਰਾਹਟ ।
ਥਰ ਥਰ ਕੰਬਦਾ ਆਕਾਸ਼ ਦਿੱਸੇ
ਕਿਸ ਦੀ ਸੱਦ ਦੇ ਰਾਗ ਨੀਂ ।
ਧਰਤੀ ਸਾਰੀ ਕੰਬਦੀ,
ਪੱਥਰਾਂ ਵਿਚ ਥ੍ਰਥਰਾਹਟ ਜਾਂਦੀ ਦਿੱਸਦੀ,
ਦਰਿਆਵਾਂ ਵਿਚ ਉਹੋ ਖੜਾਕ ਨੀਂ ।
ਇਕ ਜੀਵਨ-ਕੰਬਾਹਟ ਨੀਂ
ਮੇਰਾ ਦਿਲ ਜਾਣਦਾ,
ਸੰਸਾਰ ਸਾਰਾ ਤੜਫਦਾ,
ਜਿੰਦ ਤੜਫਦੀ,
ਇਹ ਕਿੰਨੀਆਂ ਗੁੱਝੀਆਂ ਤੜਫਾਂ ਦੀ ਪੂਰੀ ਕੰਬਾਹਟ ਨੀਂ ।
ਰੂਪ ਨਹੀਂ ਓ, ਰੰਗ ਮੇਰਾ,
ਨਿਮਾਣੀ ਨਾਚੀਜ਼ ਜੰਗਲ ਦੀ ਮੈਂ ਘੁੱਗੀ,
'ਹੂ' 'ਹੂ' ਬਸ ਕਰਨ ਮੈਂ ਇਕ ਸਿਖਿਆ,
ਮੈਂ ਕਿੱਕਰ ਕਿੱਕਰ ਉੱਡਦੀ ਕਮਲੀ ।
ਪਰ ਦੇਖ ਸਹੇਲੀਏ,
ਉਹ ਕਿਹਾ ਸਾਈਂ ਅਣਡਿੱਠਾ ਕੋਈ,
ਉਸ ਦਾ ਪਿਆਰ, ਕਿਆ ਕੁਝ ਕਮਾਲ ਨੀ
ਆਪ ਮੁਹਾਰਾ ਪਿਆਰ ਦਾ ।
ਗਾਨੀ ਇਕ ਤੱਕੀ ਆ, ਗਲ ਮੇਰੇ ਵਿਚ,
ਇਹ ਗਾਨੀ ਆ, ਉਸ ਉੱਚੀ ਸਰਕਾਰ ਦੀ ।
ਉਹ ਸਾਈਂ ਮੈਨੂੰ ਦਿੱਸੇ ਨਾਂਹ,

ਮੇਰੀ ਗਾਨੀ ਪਈ ਦਸਦੀ ਦਿਲ ਨੂੰ,
ਮੈਂ ਵੀ ਸੁਹਾਗਣ ਨਾਰ ਨੀ।

ਆਪ ਮੁਹਾਰੀ ਜਾਨ ਮੇਰੀ ਤੜਫਦੀ,
ਚੰਨ ਨੂੰ ਵੇਖ ਚੀਕਾਂ ਨਿਕਲ ਜਾਣ ਮੇਰੀਆਂ,
ਤੇ ਰੇਤ ਦਰਿਆਵਾਂ ਉਤੇ, ਚੰਨੇ ਦੀਆਂ ਚਾਨਣੀਆਂ,
ਫੁਲਾਹੀਆਂ ਦੇ ਫੁੱਲ ਪੀਲੇ ਪੀਲੇ, ਵੇਖ ਸਹੇਲੀਏ,
ਮੇਰੀਆਂ ਫਰਕਨ ਕਲਾਈਆਂ।
ਰੂਪ ਰੰਗ ਜੰਗਲਾਂ ਦੇ ਦੇਖ ਮੰਗਲ, ਸਹੇਲੀਏ,
ਮੈਂ ਤਾਂ ਮਰ ਮਰ ਗਈਆਂ।
ਨਿੱਕੀ ਮੇਰੀ ਜਿੰਦ,
ਪਰ ਦੇਖ ਸਹੇਲੀਏ!
ਦੋਵੇਂ ਫੁੱਲ ਤੇ ਕੰਡੇ ਸਭ ਸੱਟ ਮਾਰਦੇ,
ਅੱਗ ਤੇ ਹਵਾ ਸਾੜੇ,
ਲਹਿਰ ਮੈਨੂੰ ਡੋਬਦੀ,
ਗੋਲੀ ਚੱਲੇ, ਤੀਰ ਮਾਰੇ,
ਮੈਂ ਸਭ ਤਰ੍ਹਾਂ, ਸਭ ਤਰਫੋਂ ਹਲਾਲ ਨੀਂ।
ਨਿੱਕੇ ਨਿੱਕੇ ਬੱਚੇ ਮਾਰਨ,
ਨਿੱਕੀਆਂ ਨਿੱਕੀਆਂ ਪ੍ਰੀਤ ਦੀਆਂ ਠੀਕਰੀਆਂ,
ਚੰਨ ਮਾਰੇ, ਸੂਰ ਮਾਰੇ,
ਗਗਨ ਮਾਰਨ ਨਿੱਕੇ ਨਿੱਕੇ ਤੀਰ ਨੀਂ,
'ਟੰਨ'-ਦਿਲ ਮੇਰੇ ਦੀ ਆਵਾਜ਼ ਹੁੰਦੀ
ਜਿਵੇਂ ਵੱਜਦੇ ਸਟ ਖਾ ਖਾ ਘੜਿਆਲ ਨੀਂ।
ਵਾਂਗ ਵੱਜਦੇ ਘੜਿਆਲ ਨੀਂ,
ਮੇਰਾ ਰੋਮ ਰੋਮ ਕੰਬੇ, ਇਹ ਮੇਰਾ ਹਾਲ ਨੀਂ।
ਦਮ ਬਦਮ ਵੱਜੇ ਸਟ, ਸਹੇਲੀਏ,
ਦਮ ਬਦਮ ਉਹੋ ਵਾਜ ਨੀਂ,
ਜਾਨ ਮੇਰੀ ਆਪ ਮੁਹਾਰੀ ਤੜਫਦੀ
ਤੜਫ ਤੜਫ ਮੈਂ ਮਰ ਗਈਆਂ ਨੀਂ,
ਅੰਗ ਅੰਗ ਫਰਕਦਾ,
ਰੋਮ ਰੋਮ ਕੰਬਦਾ, ਵਾਂਗ ਵੱਜਦੇ ਘੜਿਆਲ ਨੀਂ।

ਸੱਸੀ ਦੀ ਨੀਂਦ

ਪਿਆਰ ਦੀਆਂ ਬਾਹਾਂ ਵਿਚ

ਸੱਸੀ ਸੁੱਤੀ ਬੇਖ਼ਬਰ ਹੋ,
ਉਹਦਾ ਰੂਹ ਜਾਣਦਾ,
ਪਿਆਰ ਛੱਡ ਜਾਏ ਨਾਂਹ।
ਇਹ ਮੁੱਢ ਕਦੀਮ ਦੀ ਖ਼ਬਰ
ਉਹਦੇ ਰੂਹ ਨੂੰ,
ਉਹ ਜਾਣੇ ਸੂਰਜ ਭਾਵੇਂ ਠੰਢਾ ਠਾਰ ਹੋ ਜਾਏ,
ਪਿਆਰ ਛੱਡ ਜਾਏ ਨਾਂਹ।
ਸੱਸੀ ਸੁੱਟਿਆ ਆਪਣੇ ਆਪ ਨੂੰ,
ਪਿਆਰ ਦੀਆਂ ਬਾਹੀਂ ਵਿਚ,
ਪਿਆਰ-ਬਾਹਾਂ ਨੇ ਘੁੱਟਿਆ ਸੱਸੀ ਨੂੰ,
ਠੰਢ ਸੀ ਪਈ ਜੇਹੀ,
ਸੱਸੀ ਨੂੰ ਨੀਂਦਰ ਆ ਗਈ।
ਸਦੀਆਂ ਨੂੰ ਨੀਂਦਰ ਆ ਗਈ
ਸਦੀਆਂ ਦੀ ਟੁਰਦੀ ਮੰਜ਼ਲ 'ਤੇ ਅੱਪੜੀ,
ਉਹਦਾ ਰੂਹ ਜਾਣਦਾ—
ਪਿਆਰ ਛੱਡ ਜਾਏ ਨਾਂਹ।
ਸੱਸੀ ਨੂੰ ਪਿਆਰ—ਬਾਹੀਂ ਲੱਗੀਆਂ,
ਛੋਹ ਉਹ ਸਿਞਾਣ ਗਈ,
ਸੁਆਦ ਉਹੀ ਆਇਆ, ਜਿਹੜਾ ਅਜ਼ਲ ਥੀਂ ਸੀ ਚੱਖਿਆ,
ਸਿਞਾਣ ਕੇ ਸੱਸੀ ਸੈਂ ਗਈ,
ਪਾ ਬਾਹੀਂ ਗਲੇ ਪਿਆਰ ਦੇ।
ਪਿਆਰ-ਬਾਹਾਂ ਨੇ ਨੱਪਿਆ, ਘੁੱਟਿਆ, ਸੰਭਾਲਿਆ,
ਸਿਦਕ ਵਿਚ ਸੈਂ ਗਈ,
ਉਹਦਾ ਰੂਹ ਜਾਣਦਾ—
ਪਿਆਰ ਛੱਡ ਜਾਏ ਨਾਂਹ।
ਇਹ ਭੈੜਾ ਜਿਹਾ ਸੁਫ਼ਨਾ,
ਸੁੱਤੀ ਸੱਸੀ ਨੂੰ ਆਇਆ,
ਮੁੜ ਸਫ਼ਰ ਦਾ, ਮੁੜ ਟੁਰ ਪੈਣ ਦਾ,
ਟੁਰਦੀ ਜੁ ਆਈ ਸੀ।

'ਸੁਫ਼ਨਾ'

ਸੁੱਤੀ ਸੱਸੀ ਨੂੰ ਦਿਲ ਆਪਣਾ ਸੱਖਣਾ ਜਿਹਾ ਦਿੱਸਿਆ,
ਤੇ ਵੇਖਦੀ ਹੈ ਕੀ ?
ਡਾਚੀ ਉੱਚੀ ਕਿਸੇ ਦੇ ਕਚਾਵੇ
ਪਾ ਲੈ ਗਏ, ਕੋਲ ਪੁੰਨੂੰ ਨੂੰ ਉਡਾ।
ਤੱਕੀਆਂ ਇਹ ਜ਼ਾਲਮ ਜਿਹੀਆਂ ਡਾਚੀਆਂ,

ਆਕਾਸ਼ ਵਿਚ ਉੱਡਦੀਆਂ।
ਉੱਡਦੀਆਂ ਡਾਚੀਆਂ ਵੇਖ ਸੱਸੀ ਉੱਡ ਪਈ,
ਉਹਨੂੰ ਤਾਰਿਆਂ ਵਿਚ ਦਿਸਣ ਉਹ ਡਾਚੀਆਂ ਜਾਂਦੀਆਂ,
ਤੇ ਮੁਹਾਰਾਂ ਹੱਥ ਬਲੋਚਾਂ ਜ਼ਾਲਮਾਂ ਦੇ,
ਤੇ ਕੁਰਲਾਉਂਦੀਆਂ ਉਹ ਉੱਡਦੀਆਂ ਡਾਚੀਆਂ,
ਤੇ ਰੋਂਦੀਆਂ ਅੱਡੀਆਂ ਦੀ ਮਾਰ ਤੋਂ।
ਸੱਸੀ ਪੁੱਛਦੀ ਆਪਣੇ ਦਿਲ ਕੋਲੋਂ,
ਕੀ ਮੰਜ਼ਲ ਪਿਆਰ ਦੀ ਹਾਲੇ ਦੂਰ ਹੈ ?
ਪਰ ਉਥੇ ਜਿਥੇ ਜਾ ਰਹੀਆਂ ਉਹ ਡਾਚੀਆਂ,
ਕੀ ਇਹ ਰਾਹ ਦੀ ਸਰਾਂ ਸੀ ਬੱਸ,
ਜਿੱਥੇ ਪੁੰਨੂੰ ਮਿਲਿਆ ?
ਨੀਂਦਰ ਸੁਫ਼ਨੇ ਵਿਚ ਦੀ ਲੰਘਦੀ ਦੀ ਰੁਲ੍ਹ ਗਈ,
'ਪੁੰਨੂੰ', 'ਪੁੰਨੂੰ' ਕੁਰਲਾਂਦੀ,
ਸੱਸੀ ਉੱਡੀ ਨੀਂਦਰ ਵਿਚ ਜਾਗ ਕੇ,
ਨੀਲੇ ਸੁੱਕੇ ਥਲ ਅਸਮਾਨ ਵਿਚ
ਪਿਆਸੀ, ਭੁੱਖੀ ਪੁੰਨੂੰ ਦੀ,
ਪੁੰਨੂੰ ਪੁੰਨੂੰ ਕੂਕਦੀ ਅਸਮਾਨਾਂ ਵਿਚ,
ਪੈਰ ਨੰਗੇ; ਸਿਰ ਨੰਗੇ ਉੱਡੀ ਉੱਡੀ ਜਾਉਂਦੀ,
ਤੇ ਅੱਗੇ ਅੱਗੇ ਜਾਂਦੀਆਂ ਦਿੱਸਣ
ਉਹ ਪੁੰਨੂੰ ਦੀਆਂ ਡਾਚੀਆਂ,
ਉੱਡਦੀਆਂ ਜਿਵੇਂ ਫੰਘਾਂ ਵਾਲੀਆਂ ਪਰੀਆਂ,
ਤਾਰਿਆਂ ਵਿਚ ਦਿੱਸਣ, ਡਾਚੀਆਂ ਉਹ ਜਾਂਦੀਆਂ।
ਹੱਫ ਹੱਫ ਦੌੜਦੀ ਢਹਿ ਪਈ,
ਛੁੱਠਿਆਂ ਸੁਪਨੇਂ ਨੂੰ ਠੋਕਰ ਵੱਜੀ
ਜਾਗ ਪਈ ਨੀਂਦਰ ਵਿਚ ਜਾਗ ਦੇ ਸੁਫ਼ਨੇ ਥੀਂ,
ਤੱਕਿਆ ਤੇ ਸੁੱਤੀ ਪਈ ਸੀ, ਪਿਆਰ ਬਾਹੀਂ ਪਾ ਕੇ,
ਤੇ ਪਿਆਰ ਬਾਹਾਂ ਸੀ ਘੁੱਟਿਆ, ਨੱਪਿਆ
ਟੋਹ ਕੇ ਪਿਆਰ ਨੂੰ, ਸੁੱਤੀ ਸੁੱਤੀ ਸਿੰਵਾਣ ਕੇ,
ਤੇ ਮੁੜ ਪ੍ਰਤੀਤ ਇਹ ਜਾਣ ਕੇ,
ਠੀਕ ਪਹੁੰਚੀ ਆਣ ਮੰਜ਼ਲ ਪਿਆਰ ਤੇ,
ਉਹ ਰੂਹ ਜਾਣਦਾ—
ਪਿਆਰ ਛੱਡ ਜਾਏ ਨਾਂਹ।
ਮੁੜ ਪਿਆਰ ਨੂੰ ਡਾਢੀ ਜੱਫੀ ਪਾ ਕੇ,
ਘੁੱਟ ਕੇ ਨੱਪ ਕੇ, ਤਹਕੀਕ ਮੁੜ ਕਰ ਕੇ,
ਸੱਸੀ ਪਿਆਰ—ਬਾਹਾਂ ਵਿਚ
ਮੁੜ ਸੌਂ ਗਈ।

ਪਿੱਪਲ ਹੇਠ

ਪਿੱਪਲ ਹੇਠ ਇਹ ਧੂਣੀ ਪਈ ਰਸਦੀ,
ਉੂਦਾ ਧੂੰਆਂ ਪਿਆ ਨਿਕਲਦਾ,
ਅੱਗ ਪਈ ਮਘਦੀ ।
ਬਾਵਰੀਆਂ ਵਾਲਾ ਬੈਰਾਗੀ ਇਕ ਬੈਠਾ
ਬਦਨ 'ਤੇ ਸਵਾਹ ਜਿਹੀ ਮਲੀ ਹੋਈ,
'ਰਾਮ' 'ਰਾਮ' ਕਰਦਾ,
ਹੱਥ ਵਿਚ ਰੁਦਰਾਖ ਦੀ ਮਾਲਾ ।
ਮੈਂ ਸਾਹਮਣੇ ਖਲੋ ਗਿਆ,
ਸਿਰ ਹਵਾ ਵਿਚ ਸੁੱਟ ਕੇ, ਕੁਝ ਹੈਰਾਨ ਜਿਹੀ ਗੁਸਤਾਖ਼ੀ ਵਿਚ,
ਤੇ ਟੱਕ ਬੰਨ੍ਹ ਕੇ ਤੱਕਣ ਲਗ ਪਿਆ,
ਮੇਰੇ ਨੈਣ ਪੁੱਛਦੇ—
ਕੀ ਇਸ ਪਿਆਰ ਦੇ ਦਰਸ ਨਹੀਂ ਪਾਏ, ਹਾਲੇ ?
ਨਹੀਂ ਤਾਂ ਤਪ ਕਿਉਂ ਕਰਦਾ ਇਹ ਆਦਮੀ ?
ਖ਼ਾਕ ਸਿਰ 'ਤੇ ਕਿਉਂ ਪਾਈ ਹੈ ?
ਤੇ ਆਪਾ ਕਿਉਂ ਸਾੜਦਾ—
ਮੈਂ ਬੋਲਿਆ ਕੁਝ ਨਾਂਹ,
ਬੱਸ ਦੇਖ ਦੇਖ ਪੁੱਛਦਾ ।
ਉਹ ਬੈਰਾਗੀ ਬੁਲਾਉਂਦਾ ਰਹਿ ਗਿਆ,
'ਆਓ ਬੈਠੋ' ਆਖਦਾ,
ਮੈਂ ਨੱਸ ਖਲੋਤਾ,
'ਆਇਆ' 'ਆਇਆ' ਆਖਦਾ ।

ਕੁਮਿਹਾਰ ਤੇ ਕੁਮਿਹਾਰਨ

ਅੱਗੇ ਇਕ ਪਾਸੇ ਤੱਕਿਆ ਗਿਰਾਂ ਵਿਚ,
ਬੈਠਾ ਕੁਮਿਹਾਰ ਤੇ ਕੋਲ ਬੈਠੀ ਉਸ ਦੀ ਕੁਮਿਹਾਰਨ,
ਕੁਮਿਹਾਰ ਚੱਕ ਉੱਤੇ ਕਾਸੇ ਪਿਆ ਘੜਦਾ,
ਤੇ ਕੁਮਿਹਾਰਨ ਮਿੱਟੀ ਪਈ ਗੁੰਨ੍ਹਦੀ,
ਮੈਂ ਜਾਂਦਾ ਜਾਂਦਾ ਰਹਿ ਗਿਆ ।
ਅਟਕ ਗਿਆ ਮੈਂ ਦੋਹਾਂ ਦੇ ਮੇਲਵੀਂ ਮਜੂਰੀ ਵਿਚ,
ਮਿੱਟੀ ਬੇਸ਼ਕਲੀ ਤੱਕੀ

ਤੇ ਦੇਖੀਆਂ ਉਸ ਵਿਚ ਮੂਰਤਾਂ ਨਿਕਲਦੀਆਂ,
ਮੂੰਹ ਬੋਲਦੇ ਭਾਂਡੇ, ਖੜੇ ਕਤਾਰਾਂ ਦੀਆਂ ਕਤਾਰਾਂ,
ਕੁਮਿਹਾਰ ਦੇ ਹੱਥ ਦੀ ਛੋਹ ਨਾਲ,
ਬਾਹਰ ਆਣ ਮਿੱਟੀ ਥੀਂ ਹਜ਼ਾਰ ਰੂਪ ।
ਸਿਰ ਨੰਗਾ ਕੁਮਿਹਾਰ ਬੈਠਾ,
ਖੱਦਰੇ ਦੇ ਝੱਗੇ ਵਿਚ
ਪੈਰ ਪਿਆ ਮਾਰਦਾ, ਹੱਥ ਪਿਆ ਫੇਰਦਾ,
ਤੇ ਠੱਪਦਾ, ਸੁਧਾਰਦਾ ਰੂਪ ਨੂੰ,
ਕੋਈ ਕਵੀ ਜਿਵੇਂ ਰਚਨਾ ਰਾਗ ਦੀ ਘੜਦਾ ।

ਕੁਮਿਹਾਰਾਂ ਦਾ ਮਨ ਅਡੋਲ ਜੁੜਿਆ,
ਪਿਆਲੀਆਂ ਦੇ ਹੋਠਾਂ ਦੀਆਂ ਰੇਖਾਂ ਵਿਚ,
ਭਾਂਡਿਆਂ ਦੇ ਮੂੰਹਾਂ ਨੂੰ ਤੱਕਦਾ, ਬਣਾਂਦਾ, ਬੁਲਾਂਦਾ,
ਰੂਪ ਮੂੰਹੋਂ ਬੋਲਦਾ ਕੁਮਿਹਾਰ ਆਖੇ ।
ਕੁਮਿਹਾਰ ਕਿਸੇ ਰੰਗ ਵਿਚ ਜੁੜਿਆ,
ਬੈਠਾ ਇਕ ਸਮਾਧੀ ਵਿਚ,
ਤੇ ਸਮਾਧੀ ਮਨੂਰ ਦੀ ਰੂਪ ਪਈ ਪੈਦਾ ਕਰਦੀ ।
ਮੈਨੂੰ ਡੁੱਲ੍ਹਦੇ ਨੂੰ ਵੇਖ ਕੇ,
ਕੁਮਿਹਾਰਨ ਸੋਹਣੀ ਹੱਸ ਪਈ,
ਉਹਨੂੰ ਦੇਖ ਮੇਰੇ ਉਹ ਕੁਮਿਹਾਰ ਯਾਦ ਆਇਆ,
ਜਿਸ ਇਹ ਹੱਸਦਾ ਬਰਤਨ ਬਣਾਇਆ ।

ਪੰਜਾਬ ਦੇ ਮਜੂਰ

ਓਏ ! ਮਜੂਰ ਚੰਗੇ ਲੱਗਦੇ !
ਨਿੱਕੇ ਨਿੱਕੇ ਖ਼ਿਆਲ ਇਨ੍ਹਾਂ ਦੇ,
ਉਨ੍ਹਾਂ ਵਿਚ ਢਲੀਆਂ ਇਨ੍ਹਾਂ ਦੀਆਂ ਜ਼ਿੰਦਗੀਆਂ,
ਸਾਦੇ ਸਾਦੇ ਚਿਹਰੇ, ਬੇਨਿਕਾਬ ਜਿਹੇ,
ਨਾ ਛੁਪਦੇ ਨਾ ਛੁਪਾਂਦੇ ਕੁਝ ਆਪਣਾ
ਨੰਗੇ ਨੰਗੇ ਦਿਲ ਇਨ੍ਹਾਂ ਦੇ,
ਭੋਲੇ ਭਾਲੇ ਲੋਕ ਤੇ ਆਲੀਆਂ ਭੋਲੀਆਂ ਗੱਲਾਂ ।
ਇਨ੍ਹਾਂ ਦੀ ਗ਼ਰੀਬੀ ਨਿੱਕੀ,
ਇਨ੍ਹਾਂ ਦਾ ਸੰਤੋਖ ਵੱਡਾ,
ਇਹ ਠੰਢੇ ਪਾਣੀ ਵਾਂਗ
ਮੇਰੇ ਜੀ ਨੂੰ ਠਾਰਦੇ ।

ਹਲ ਵਾਹੁਣ ਵਾਲੇ

ਓਏ ! ਮੈਂ ਪੜ੍ਹਨ ਪੜ੍ਹਾਨ ਸਾਰਾ ਛੱਡਿਆ,
ਦਿਲ ਮੇਰਾ ਆਣ ਵਾਹੀਆਂ ਵਿਚ ਖੁੱਭਿਆ,
ਪੈਲੀਆਂ ਮੇਰੀਆਂ ਕਿਤਾਬਾਂ ਹੋਈਆਂ,
ਜੱਟ ਬੂਟ ਮੇਰੇ ਯਾਰ ਵੋ ।
ਲੱਸੀ ਦਾ ਛੰਨਾਂ ਦਿੰਦੇ,
ਬਾਜਰੇ ਦੀ ਰੋਟੀ,
ਮੱਖਣ ਦੀ ਪਿੰਨੀਂ ਦਿੰਦੇ,
ਦੁੱਧ ਦੀਆਂ ਕਟੋਰੀਆਂ ।
ਸਾਗ ਦਿੰਦੇ, ਦਾਣੇ ਦਿੰਦੇ ਭੁੰਨੇ;
ਮੱਕੀ, ਜਵਾਰ ਤੇ ਛੋਲਿਆਂ ।
ਪਾਣੀ ਠੰਢਾ ਖੂਹਾਂ ਦਾ ਦਿੰਦੇ,
ਖ਼ੁਸ਼ੀ ਦਿੰਦੇ ਪੀਣ ਨੂੰ, ਜੀਣ ਨੂੰ,
ਟਿਬੇ ਢੇਰ ਸਾਰੇ ਢਾਹ ਮਦਾਨ ਕਰਨ,
ਇਹ ਲੋਕੀਂ ਹਨ ਮੇਰੇ ਰੱਬ ਦੀਆਂ ਪੈਲੀਆਂ ।
ਬੀਜ ਬੀਜਣ, ਇਹ ਹਲ ਚਲਾਣ,
ਘਾਲਾਂ ਘਾਲਣ ਪੂਰੀਆਂ ।
ਖਾਣ ਥੋੜ੍ਹਾ, ਪਹਿਨਣ ਮੋਟਾ ਸੋਟਾ,
ਵੱਖਣ ਮੁੜ ਮੁੜ ਵਲ ਬੱਦਲਾਂ,
ਇਹ ਹਨ ਜੱਗ ਦੇ ਭੰਡਾਰੀ,
ਰਾਜੇ ਹੱਥ ਅੱਡ ਅੱਡ ਮੰਗਦੇ ਇਥੋਂ ਰੋਟੀਆਂ ।

ਸੋਹਣੀ ਦੀ ਝੁੱਗੀ

ਮੈਨੂੰ ਦਿਸਦੀ ਝਨਾਂ ਦੇ ਪਾਰਲੇ ਕੰਢੇ,
ਦੂਰ ਨੂਰ ਵਿਚ ਡੁੱਬੀ ਨਿੱਕੀ ਜਿਹੀ ਝੁੱਗੀ,
ਸਿਰਫ਼ ਉਹ ਥਾਂ ਚਮਕਦੀ,
ਹੋਰ ਸਭ ਝਨਾਂ ਦਾ ਪਾਣੀ ਤੇ ਕੰਢਾ ਹਨੇਰਾ ਹਨੇਰਾ,
ਤੇ ਹਨੇਰੇ ਵਿਚ ਚਮਕਦੀ, ਉਹ ਇਕ ਤਾਰਾ,
ਇਕ ਖਿੱਟੀ ਨੂਰ ਦੀ,
ਇਹ ਸੋਹਣੀ ਦਾ ਦਿਲ ਹੈ ।
ਇਥੇ ਵੱਸਦੀ ਸਦਾ ਦੀ ਜ਼ਿੰਦਗੀ,
ਪੰਜਾਬ ਦੀ ਭਖਦੀ, ਕੂਕਦੀ ਜਵਾਨੀ ।

ਇਸ ਝੁੱਗੀ ਥੀਂ ਵਾਰੇ ਲੱਖ ਲੱਖ ਸਲਤਨਤਾਂ,

ਝਨਾਂ ਰੋਹੜ ਵਾਰਦਾ ਲੱਖ ਵੈਰੀ,
ਤੇ ਰੱਖਦਾ ਜ਼ੰਜੀਰਾਂ ਪਾ ਆਪਣੇ ਕੰਢੇ 'ਤੇ ਇਹ ਝੁੱਗੀ,
ਇਹ ਝੁੱਗੀ ਸਦਾ ਵੱਸਦੀ,
ਦੀਵਾ ਅੰਦਰ ਪਿਆ ਬਲਦਾ,
ਸੋਹਣੀ ਦਾ ਫ਼ਕੀਰ-ਪਾਤਸ਼ਾਹ ਇਥੇ ਵੱਸਦਾ।

ਖੂਹ ਉੱਤੇ

੧

ਕੋਲ ਇਹ ਖੂਹੇ ਉੱਤੇ ਪਿੱਪਲ ਹੇਠ
ਨਿੱਕੀ ਵੱਡੀ ਘੱਗਰੀਆਂ,
ਨਿੱਕੀਆਂ ਨਿੱਕੀਆਂ ਬਾਹਾਂ,
ਵੱਡੀਆਂ ਵੱਡੀਆਂ ਲਜਾਂ,
ਕੁੜੀਆਂ ਪੰਜਾਬ ਦੀਆਂ!
ਪਾਣੀ ਪਈ ਭਰਦੀਆਂ।
ਪਾਣੀ ਖੂਹ ਵਿਚੋਂ ਕੱਢਦੀਆਂ,
ਕੁਝ ਡੋਲ੍ਹਦੀਆਂ ਕੁਝ ਭਰਦੀਆਂ,
ਕੁਝ ਛੱਟੇ ਮਾਰ ਮਾਰ ਵਢਾਂਦੀਆਂ,
ਮੂੰਹ 'ਤੇ ਪਾਂਦੀਆਂ ਡੂਹਲ ਡੂਹਲ ਹੱਥਾਂ ਨਾਲ,
ਪੈਰਾਂ ਨੂੰ ਨੁਹਾਲਦੀਆਂ।
ਆਏ ਗਏ ਕਵੀ ਕਵੀਸ਼ਰ ਨੂੰ
ਪਾਣੀ ਬੁੱਕਾਂ ਨਾਲ ਪਿਆਲਦੀਆਂ।
ਖੂਹ 'ਤੇ ਵੀ ਇਕ ਜੀਵਨ ਰੰਗ-ਬਰੰਗੀ ਹੈ,

ਦੋ ਗੱਲਾਂ ਕਰਨੀਆਂ ਕਰਾਣੀਆਂ,
ਦੋ ਸੁਣਨੀਆਂ ਸੁਣਾਉਣੀਆਂ,
ਉਹ ਇਕ ਦੂਜੇ ਦਾ ਹੱਥ ਵਟਾਉਣਾ,
ਘੜੇ ਭਰੇ ਭਰੇ ਚੁੱਕਣੇ ਚੁਕਾਉਣੇ,
ਰਲ ਮਿਲ ਗਾਉਣਾ, ਹੇਕਾਂ ਲਾਉਣੀਆਂ।

੨

ਫਟਾ ਫਟ ਇਕ ਝੱਗਾ ਇਕ ਜੋਬਨਾਂ ਨੂੰ ਕੱਜਦਾ
ਅਰਕਾਂ ਨੰਗੀਆਂ ਪਈਆਂ ਹੁੰਦੀਆਂ,
ਤੇ ਛਾਤੀ ਦੀਆਂ ਲੀਰਾਂ ਹਵਾ ਪਈ ਚੁੱਕਦੀ;
ਇਹ ਭੈੜੀ ਹਵਾ ਕੇਹੀ ਪਈ ਵਗਦੀ,
ਖ਼ਾਹ ਮਖ਼ਾਹ ਛੇੜਦੀ, ਤੰਗ ਪਈ ਕਰਦੀ,

ਮੁੜ ਮੁੜ ਦੱਸਦੀ ਲੀਰਾਂ ਵਿਚੋਂ ਨੰਗੇ ਨੰਗੇ ਅੰਗ ਮੇਰੇ ।

ਸੁੱਥਣ ਸੂਸੀ ਦੀ ਮੇਰੀ ਵਿਚ
ਲਾਲ, ਲਾਲ ਧਾਰੀਆਂ,
ਇਹ ਪਾਣੀ ਦੀਆਂ ਲਹਿਰਾਂ ਮੇਰੀ ਸੁੱਥਣ ਦੇ ਪੱਲੇ,
ਲਹਿਰ ਲਹਿਰ ਹੋ ਮੇਰੀਆਂ ਜੰਘਾਂ ਪਈ ਕੱਜਦੀ ।
ਪੈਰ ਨੰਗੇ ਮੇਰੇ, ਚਿੱਟੀ ਦੁੱਧ ਮੇਰੀ ਪਿੰਨੀਆਂ ।
ਚੁੰਨੀ ਨਿੱਕੀ ਜਿਹੀ ਮੇਰੇ ਸਿਰ 'ਤੇ
ਵਾਲ ਮੇਰੇ ਸਿੱਜੇ ਖੂਹ ਦੇ ਪਾਣੀਆਂ ।
ਵੀਣੀ ਮੇਰੀ ਵਿਚ ਕੱਚ ਦੀਆਂ ਵੰਗਾਂ,
ਕੰਨਾਂ ਵਿਚ ਪਾਂਦੀ ਸੋਨੇ ਦੇ ਮੱਛਰਿਆਲੇ,
ਰਲ ਮਿਲ, ਰਲ ਮਿਲ ਗਹਿਣੇ ਸਾਰੇ
ਮੇਰੀ ਸਿਫ਼ਤ ਪਈ ਕਰਦੇ ।

੩

ਖੂਹ ਉੱਤੇ ਵਸਦਾ,
ਗਿਰਾਂ ਵੀ ਇਕ ਸ਼ਹਿਰ ਹੋ ਦਿਸਦਾ,
ਫ਼ਕੀਰ ਸਾਈਂ ਲੋਕ ਇਥੇ ਮਿਲਦੇ,
ਤੇ ਇਨ੍ਹਾਂ ਕੁੜੀਆਂ ਦੀਆਂ ਅੱਖਾਂ ਵਿਚ
ਲੱਜਾਂ ਸੁੱਟ ਸੁੱਟ ਪਾਣੀ ਉਹ ਭਰਦੇ,
ਇਹ ਮੇਲਾ ਸੰਜੋਗੀ ਹੁੰਦਾ ।

੪

ਤੱਕ ਤੱਕ ਖੂਹ ਦੀ ਰੌਣਕ ਤੇ ਰੰਗ ਸਾਰਾ,
ਮੁੜ ਮੁੜ ਤੱਕਣਾ ।
ਮੇਲੇ ਦੀ ਖੁਸ਼ੀ ਕੁੱਟ ਕੁੱਟ ਦਿਲ ਵਿਚ ਭਰਨਾ;
ਉਛਲਣਾਂ ਤੇ ਕੁੱਦਣਾ, ਹੱਸਣਾ ਤੇ ਖੇਡਣਾ,
ਅਨਵਾਹੀਆਂ ਵਿਚ ਨੱਸਣਾ, ਤੇ ਦੌੜਨਾ,
ਹਫੀ ਹਫੀ ਆਣਾ, ਮੁੜ ਮੁੜ ਜਾਣਾ,
ਪਾਣੀ ਖੂਹਾਂ 'ਤੇ ਪੀਣਾ ਬੁਕ ਬੁਕ ਭਰ ਕੇ ।
ਕਰਨਾ ਕੰਮ ਕੋਈ ਨਾਂਹ,
ਪਰ ਵਿਹਲ ਵੀ ਨਾ ਲੱਗਣੀ,
ਕੰਮ ਸਾਰੇ ਭਾਰੇ ਵੱਡੇ ਵੱਡੇ ।

ਦਰਿਆ ਕਿਨਾਰੇ

੧

ਦਰਿਆ ਕਿਨਾਰੇ ਰੇਤਾਂ ਚਿੱਟੀਆਂ ਵਿਚ ਲਿਟਣਾ ।
ਨੰਗੇ ਹੋ ਧੁੱਪਾਂ ਵਿਚ ਲੇਟਣਾ,
ਤੇ ਮਾਰ ਛਾਲਾਂ ਦਰਿਆ ਵਿਚ ਨ੍ਹਾਣਾ,
ਤਰਨਾ ਤੇ ਡੁੱਬਣਾ ਤੇ ਧਾਰ ਵਿਚ ਬਹਿਣਾ;
ਹੱਥ ਪੈਰ ਮਾਰਨਾ, ਪਾਣੀ ਉਛਾਲਣਾ,
ਤੇ ਛੱਟਿਆਂ ਵਿਚ ਕਿਰਨਾਂ ਨੂੰ ਪਕੜਨਾ ।
ਮੱਛੀਆਂ ਉੱਡਦੀਆਂ ਨੂੰ ਤੱਕਣਾ,
ਤੇ ਤਰਦੀਆਂ ਨੂੰ ਹੱਥਾਂ ਨਾਲ ਫੜ ਫੜ ਨਸਾਣਾ ।
ਨ੍ਹਾ ਧੋ ਆਖਣਾ—'ਮੇਰੇ ਜਿਹਾ ਕੌਣ ਹੈ ?"

੨

ਮੁੜ ਮੁੜ ਦਰਿਆਵਾਂ ਦੀ ਛਾਤੀ ਵਿਚ,
ਖ਼ੁਸ਼ੀਆਂ ਦਾ ਮੂੰਹ ਤੱਕਣਾ,
ਨਿੱਕੇ ਨਿੱਕੇ, ਚਿੱਟੇ ਚਿੱਟੇ, ਧੋਤੇ ਧਾਤੇ ਪੱਥਰਾਂ ਨੂੰ ਚੁਣਨਾ,
ਪੱਥਰਾਂ ਨੂੰ ਪੂਜਣਾ, ਚੁੰਮਣਾ, ਹੀਰੇ ਮੇਰੀ ਖ਼ੁਸ਼ੀ ਦੇ ।
ਲੰਮੇਂ ਲੰਮੇਂ ਘਾਹਾਂ ਦੇ ਚਿੱਟੇ ਚਿੱਟੇ ਬੁੰਬਲਾਂ ਨੂੰ ਖੋਹ ਕੇ
ਆਪਣੀ ਪਗੜੀ ਵਿਚ ਟੁੰਗਣਾ ।
ਕਦੀ ਕੁਸੰਭੇ ਦਾ ਸਿਹਰਾ ਪਾਈ ਫਿਰਨਾ ਦਰਿਆ ਕਿਨਾਰੇ,
ਕਦੀ ਢਾਕ ਦੀ ਲਾਲ ਲਾਲ ਅੱਗ ਨੂੰ ਚਾ ਗਲੇ ਲਾਉਣਾ,
ਕਦੀ ਤੂਤਾਂ ਦੀਆਂ ਟਾਹਣੀਆਂ ਨੂੰ 'ਵਾਜ ਦੇ ਬੁਲਾਉਣਾ,
ਉਨ੍ਹਾਂ ਨੂੰ ਝੂਣਨਾ, ਜਗਾਉਣਾ, ਹਿਲਾਉਣਾ !
ਕਦੀ ਪਿੱਪਲਾਂ ਤੇ ਬੋਹੜਾਂ ਨਾਲ ਗਿੱਝਣਾ ।
ਮੁੜ ਮੁੜ ਖ਼ੁਸ਼ੀਆਂ ਦੇ ਮੂੰਹ ਚੁੰਮਣੇ,
ਚੁੰਮ ਚੁੰਮ ਘੁੱਟ ਜਿਹੇ ਭਰਨੇ,
'ਇਹ ਮਿੱਠਾ ਇਹ ਖੱਟਾ', ਇਹੋ ਪਏ ਕਰਨਾ ।
ਦੌੜ ਦੌੜ ਬਿਰਛਾਂ ਨੂੰ ਪਲੰਘਣਾ ।
ਪੱਥਰਾਂ ਨੂੰ ਚੱਕ ਮਾਰਦੇ ਫਿਰਨਾ,
ਇਕ ਵਹਿਸ਼ੀ ਜਿਹੇ ਜੋਸ਼ ਪਿਆਰ ਵਿਚ,
ਘਾਹ ਨਾਲ ਮਿਲ ਮਿਲ ਰੋਣਾ ।

੩

ਨੇਮਾਂ ਵਾਲੀ ਗੱਲ ਨਾ ਕਰਨੀ ਕਾਈ,
ਧਰਮਾਂ ਕਰਮਾਂ ਥੀਂ ਨੱਸਣਾ,

ਅਨੇਮੀ ਰਹਿਣਾ, ਸੋਚ ਸਾਰੀ ਡੋਬਣਾ,
ਹੱਸਣਾ ਤੇ ਰੋਣਾ, ਤੇ ਚੀਖਣਾ,
ਤੇ ਦਰਿਆਵਾਂ ਕਿਨਾਰੇ ਦੌੜਦੇ ਫਿਰਨਾ;
ਪਾਗਲ ਜਿਹਾ, ਵਹਿਸ਼ੀ ਇਹ ਚਾਅ ਮੇਰਾ;
ਆਖੇ ਨਹੀਂ ਲੱਗਦਾ, ਨੇਮ ਵਿਚ ਨਾ ਗੱਜਦਾ।
ਸਦਕੇ ! ਤੁਸੀਂ ਜਾਓ, ਜਿਧਰ ਜਾਣਾ,
ਮੈਨੂੰ ਰਾਹ ਦੀ ਲੋੜ ਨਾਹੀਂ,
ਮੈਨੂੰ ਤਾਂ ਪਤਾ ਨਹੀਂ ਮੈਂ ਕੀ ਪਿਆ ਕਰਦਾ।

ਹਨੂਮਾਨ

ਭਖਦੀ ਇਕ ਮਾਲਾ ਲਾਲਾਂ ਦੀ,
ਹਨੂਮਾਨ ਨੂੰ ਲੰਕਾ ਦੇ ਰਾਜੇ ਨੇ ਭੇਟ ਕੀਤੀ,
ਲੱਖਾਂ ਕਰੋੜਾਂ ਦੀ ਉਹ ਮਾਲਾ,
ਪਾਣੀ ਡਲ੍ਹਕਣ ਕਹਿਰ ਕਮਾਲ ਦੇ ਡਲੀ ਡਲੀ,
ਕਿਹੀਆਂ ਚਮਕਦੀਆਂ ਚੁੰਨੀਆਂ !
ਪਰ ਹਨੂਮਾਨ ਨੂੰ ਤਾਂ ਖਾਣ ਦਾ ਸੁਆਦ ਸੀ,
ਭੰਨ ਭੰਨ ਤੱਕਦਾ, ਇਨ੍ਹਾਂ ਵਿਚ ਕੋਈ ਗਿਰੀਆਂ ?
ਗਿਰੀ ਤਾਂ ਨਾ ਨਿਕਲੀ ਕੋਈ,
ਤੋੜ ਤੋੜ ਵੇਖਦਾ,
ਇਹ ਕੀ ? ਇਨ੍ਹਾਂ ਦੇ ਦਿਲ ਨਾਂਹ ?
ਚਿਹਰੇ ਇਨ੍ਹਾਂ ਦੇ ਕਿਹੇ ਸਨ ਭਖਦੇ !
ਅੰਦਰ ਇਨ੍ਹਾਂ ਦੇ ਕਿਧਰੇ ਰਾਮ ਨਾਮ ਨਾਂਹ ?
ਇਹ ਲਾਲੀ ਕਿਹੀ ਚੜ੍ਹੀ ਸੀ !
ਦੰਗ ਹੋ ਹੋ ਭੰਨਦਾ ਤੇ ਸੁੱਟਦਾ,
ਮਣੀਆਂ ਨਿਰਜਿੰਦ ਸਨ।

ਸਾਧਣੀ ਦੀ ਢੋਕ

੧

ਨਿੱਕੀ ਜਿਹੀ ਢੋਕ ਮੇਰੀ,
ਮੈਰਿਓਂ ਪਾਰ, ਇਕ ਵਗਦੇ ਕੱਸ ਦੇ ਕੰਢੇ,
ਗੋਹੇ ਦਾ ਲਿੱਪਿਆ ਸਾਫ਼ ਸੁਥਰਾ ਵਿਹੜਾ,
ਵਿਚ ਖੜਾ ਸਿੱਧਾ ਧਰੇਕ ਦਾ ਬੂਟਾ।
ਵੇਲੇ ਸਿਰ ਧਰੇਕ ਮੇਰੀ ਫੁੱਲਦੀ,

ਊਦੇ ਊਦੇ ਫੁੱਲ ਨਾਜ਼ੁਕ ਜਿਹੀ ਖ਼ੁਸ਼ਬੋ ਦਿੰਦੇ,
ਮੇਰੇ ਵਿਹੜੇ ਦੀ ਛਾਂ ਪਈ ਮਹਿਕਦੀ ।

੨

ਕੰਧਾਂ ਮੇਰੀਆਂ ਮਿੱਟੀ ਨਾਲ ਲਿਬੀਆਂ,
ਜਿਨ੍ਹਾਂ ਰਾਹੀਂ ਸਭ ਬੂਹੇ ਬੰਦ ਵੀ,
ਹਵਾ ਆ ਜਾ ਸਕਦੀ,
ਪੁਰਾਣਾ ਕਾਠ-ਕਾਲਖ ਨਾਲ ਗਲੇਫ਼ਿਆ,
ਤੇ ਬੂਹੇ ਤੇ ਥੰਮ੍ਹ ਇਕ ਉਮਰ ਦੇ ਥਿੰਧੇ ਨਾਲ ਪੋਚੇ ।

੩

ਚਾਨਣੀ ਰਾਤ ਵਿਚ ਕੱਸ ਦੀ ਨਿੱਕੀ ਨਿੱਤ੍ਰੇ ਸਾਫ਼ ਪਾਣੀ ਦੀ ਰੌਅ
ਕਿੰਜ ਮੇਰੇ ਸਾਹਮਣੇ ਰੰਗ ਬਰੰਗੀ ਰੇਤ ਦੇ ਕਿਣਕਿਆਂ 'ਤੇ ਵਗਦੀ
ਇਕ ਪਿੰਘਰੀ ਚਾਂਦੀ ਦੀ ਧਾਰ ਜਾਣ ਪੈਂਦੀ,
ਪਾਣੀਆਂ ਤੇ ਕਿੱਕਰਾਂ ਤੇ ਰੇਤਾਂ ਦੀ ਛੋਹ ਦੀ ਮਿੱਠੀ ਮਿੱਠੀ ਛਾਣ ਆਉਂਦੀ,
ਤੇ ਮੈਂ ਬਹਿ ਬਹਿ, ਉਠ ਉਠ, ਟਹਿਲ ਟਹਿਲ ਤੱਕਦੀ,
ਚਾਨਣੀ ਤੇ ਘੁਲੀ ਚਾਂਦੀ ਦਾ ਰੌਅ ਦਾ ਆਪੇ ਵਿਚ ਖੇਡਣਾ ।
ਤੇ ਉਸ ਵਿਚ ਉਹ ਮੱਛੀਆਂ ਦੇ ਪੂੰਗਰਾਂ ਦਾ ਤਰਨਾ,
ਤੇ ਉਹ ਸੂਖ਼ਮ ਬਰੀਕ ਵਾਲ ਵਾਂਗੂੰ ਲਹਿਰਦੇ ਕੇਸ ਉਸ ਦੀ ਵਗਦੀ ਰੌਅ ਦੇ।

੪

ਮੇਰੀ ਚੌਕ ਦੇ ਕੋਠੇ ਉੱਤੇ,
ਨੀਲਾ ਤਾਰਿਆਂ ਵਾਲਾ ਪਰ ਕੋਠੜਾ,
ਰਾਤੀਂ ਮੈਂ ਉੱਤੇ, ਅਨੰਤ ਹੇਠ,
ਡਾਹ ਸੱਥਰ ਆਪਣਾ ਲੇਟਦੀ,
ਰਾਣੀ ਜਿਵੇਂ ਜੱਗ ਦੀ ।
ਪਾਣੀ ਪੀਣ ਨੂੰ ਨਾਲ ਇਕ ਮਿੱਟੀ ਦਾ ਘੜਾ,
ਕਾਂਸੀ ਦੇ ਛੰਨੇ ਨਾਲ ਕੱਜਿਆ,
ਦਿਲ ਮੇਰਾ ਚੰਗਾ, ਇਕੱਲ ਵਿਚ,
ਜਿਥੇ ਘਮਸਾਨ ਪਿਆ ਅਜਬ ਪ੍ਰਕਾਸ਼ ਦਾ ।

੫

ਮੈਂ ਕਿਸੇ ਨੂੰ ਬੂਹਾ ਨਹੀਂ ਖੋਹਲਦੀ,
ਲੋਕੀਂ ਚਾਈਂ ਚਾਈਂ ਦਿਲ ਮੇਰੇ ਵਿਚ ਆ ਵੜਦੇ,
ਤੇ ਇਕ ਉਡਾਰੂ ਜਿਹਾ ਨਸ਼ਾ,

ਮੇਰੇ ਸਿਰ ਦੀ ਝੂਮ ਜਿਹੀ
ਮੇਰੇ ਦਿਲ ਦਾ ਸੁਆਦ ਜਿਹਾ,
ਮੈਨੂੰ ਛੱਡ, ਨੱਸ, ਉਡ ਟੁਰਦਾ,
ਬਹੂੰ ਪੈਰਾਂ ਦਾ ਆਣਾ ਜਾਣਾ
ਦਿਲ ਮੇਰੇ ਵਿਚ ਧੂੜ ਜਿਹੀ ਪਾਂਦਾ,
ਮੈਂ ਬੂਹਾ ਤਾਂਹੀ ਨਾ ਖੋਹਲਾਂ,
ਲੋਕੀਂ ਨਹੀਂ ਜਾਣਦੇ,
ਮੈਂ ਜੀਂਦੀ ਇਕ ਅਮਲ ਜਿਹੇ 'ਤੇ,
ਲੋਕੀਂ ਮੇਰਾ ਅਮਲ ਆਣ ਤੋੜਦੇ !

੬

ਜਦ ਮਿੱਟੀ ਫੱਕਦੀ ਦੁਨੀਆਂ ਸਾਰੀ ਸੈਂਦੀ,
ਸ਼ਹਿਰਾਂ ਦੇ ਸ਼ਹਿਰ ਡਿੱਗਦੇ ਨੀਂਦਰ ਵਿਚ,
ਵਾਂਗ ਕਿਸੇ ਗੜਗੜਾਂਦੇ ਸ਼ਰਾਬੀਏ ਦੇ ਵਿਚ ਕਿਸੇ ਸ਼ਹਿਰ ਦੀ ਮੋਰੀ,
ਉਸ ਵੇਲੇ ਮੈਂ ਆਪਣੀ ਢੋਕ ਦਾ ਜਾਦੂ ਇਕ ਵੇਖਦੀ,
ਮੇਰੀ ਢੋਕ ਜ਼ਮੀਨ ਥੀਂ ਉੱਠਦੀ,
ਚਾਈ ਜਿਵੇਂ ਪਰੀਆਂ ਨੇ ਆਣ ਇਹ,
ਇਉਂ ਉਠਦੀ ਜਿਵੇਂ ਫੰਘਾਂ ਵਾਲੀ ਜੀਂਦੀ ਇਹ ਚੀਜ਼ ਕੋਈ,
ਨਾਲੇ ਮੈਂ ਉੱਠਦੀ ਸੁੱਤੀ ਸੁਤਾਈ ਢੋਕ ਦੇ ਛੱਤ ਉਤੇ,
ਨਾਲੇ ਮੇਰੇ ਕੱਖਾਂ ਦਾ ਸੱਥਰ ।
ਇਉਂ ਸਾਰੀ ਢੋਕ ਮੇਰੀ ਇਕ ਜਾਦੂ ਜਿਹਾ ਉਠਦੀ,
ਸ਼ਹਿਰਾਂ ਥੀਂ ਉੱਚੀ ਉੱਡਦੀ ਜਿਵੇਂ ਇਹ ਇਕ ਬਲਦਾ ਤਾਰਾ,
ਉੱਚਾ ਉੱਚਾ ਮੈਨੂੰ ਖੜਦੀ,
ਸ਼ਹਿਰਾਂ ਦੇ ਸ਼ਹਿਰ ਸੱਥਰ ਸਾਰੇ,
ਵਿਛੇ ਨਿਰਜਿੰਦ ਜਿਹੇ ਦੋ ਸਿੰਮਤਾਂ ਦੇ ਨਕਸ਼ੇ,
ਬਾਦਸ਼ਾਹ ਦੇ ਮਹਿਲਾਂ ਤੇ ਮੀਨਾਰਾਂ ਥੀਂ ਉੱਪਰ ਮੇਰੀ ਢੋਕ ਵਗਦੀ
ਮੇਰੀ ਢੋਕ ਉੱਡਦੀ
ਮੇਰਾ ਪਰਾਂ ਵਾਲਾ ਤਾਰਾ !

ਘਰ ਕੀ ਗਹਲ ਚੰਗੀ

੧

ਪਾਣੀ ਕਾਂਸੀ ਦੇ ਛੰਨੇ ਵਿਚ ਪਾ,
ਲਿਆ ਮੈਨੂੰ ਪਿਲਾਂਦੀ,
ਮੇਰੀ ਘਰ ਦੀ ਚੰਗੀ ਗਹਲ !

ਇਸ ਪਾਣੀ ਦਾ ਕੁਝ ਰੰਗ ਅੱਜ ਹੋਰ,
ਚਮਕ ਅਣੋਖੀ, ਇਸ ਛੰਨੇ ਵਿਚੋਂ ਖ਼ੁਸ਼ਬੋ ਪਈ ਆਉਂਦੀ ।

ਉਹ ਚੱਲ ਜਾ, ਦੂਰ ਹੋ ਇਹ ਪਾਣੀ ਘੜਾ ਭਰ ਆਣਦੀ,
ਚਾਂਦੀ ਚਸ਼ਮਿਆਂ ਨੱਚਦਿਆਂ ਦਾ ਇਹ ਪਾਣੀ,
ਉਹ ਚਾਈਂ ਚਾਈਂ, ਭਰ ਭਰ ਆਨਦੀ,
ਲਾਲ ਲਾਲ ਮਿੱਟੀ ਦਾ ਘੜਾ ਡਬੋਂਦੀ,
ਤੇ ਸੋਮਿਆਂ ਵਿਚ ਡੁਬੋ ਰੱਖਦੀ,
ਬੇਹੋਸ਼ ਜਿਹਾ ਘੜਾ ਹੁੰਦਾ ਜਾਂਦਾ,
ਹਾਂ ਚੁੱਪ ਚੁੱਪ, ਨਕੋ ਨੱਕ ਭੀਰਆ, ਡੁੱਬਿਆ ਘੜਾ, ਮਸਤ, ਔਲੀਆ ਜਿਹਾ,
ਗਹਲ ਮੇਰੀ ਚੱਕ ਉਹਨੂੰ ਘਰ ਲੈ ਆਉਂਦੀ,
ਤੇ ਰਾਹ ਸਾਰਾ ਗਾਊਂਦੀ ਜਪੁ ਸਾਹਿਬ ਸਾਰਾ ਤੇ ਘਰ ਮੇਰੇ ਆਉਂਦੀ,
ਜਿਵੇਂ ਇਕ ਦੇਵੀਆਂ ਦਾ ਝੁੰਡ ਗਾਂਦਾ ਆਂਦਾ,
ਢੱਕੀਆਂ ਤੇ ਟਿੱਬਿਆਂ 'ਤੇ ਚੜ੍ਹ,
ਠੰਢੇ ਚਸ਼ਮਿਆਂ ਦੇ ਪਾਣੀਆਂ ਦੇ ਸੁਆਦ ਵਿਚ,
ਪਾਣੀ ਭਰ, ਗਹਲ ਮੇਰੀ ਆਉਂਦੀ ।

੨

ਸਵੇਰ ਵੇਲੇ, ਪੰਛੀਆਂ ਦੇ ਕੀਰਤਨ ਦੀ ਧੁਨੀ ਸੁਣ,
ਸੁਹਣੀ, ਜਵਾਨ, ਮਹਿੰਦੀ ਨਾਲ ਹੱਥ ਪੈਰ ਰੰਗੀ,
ਦੰਦ ਖੰਡ ਦੇ ਚੂੜੇ ਵਾਲੀ ਪਿਆਰੀ ਜਾਗਦੀ,
ਸਾਲੂ ਸੂਹੇ ਵਾਲੀ ਦੁੱਧ ਚੋਣ ਜਾਂਵਦੀ,
ਧਾਰ ਨੀਲੀ ਗਊ ਕੱਢਦੀ ।
ਆਟਾ ਜਦ ਛਾਣਦੀ,
ਤੇ ਉਚਾਰਦੀ ਲੈਅ ਨਾਲ ਸੁਖਮਨੀ ਸਾਹਿਬ ਸਾਰੀ,
ਉਹਦੀ ਛਾਣਨੀ ਵਿਚੋਂ,
ਵਾਂਗ ਕਿਰਨਾਂ ਦੀ ਮੀਂਹ ਦੇ ਧਾਰਾਂ ਜਿਹੀਆਂ ਪੈਂਦੀਆਂ
ਆਟਾ ਨਿਕਲ ਨਿਕਲ ਢਹਿੰਦਾ,
ਮੇਰਾ ਦਿਲ ਪਈ ਠਾਰਦੀ,
ਇਕ ਚਾਨਣ ਜਿਹਾ ਘਰ ਵਿਚ ।
ਇਕ ਤਾਂ ਭੋਰ ਉਹ ਪੂਰਬ ਵਾਲੀ ਜ਼ੋਰੋ ਜ਼ੋਰ, ਸ਼ੋਰੋ ਸ਼ੋਰ ਆਉਂਦੀ,
ਪਰ ਇਕ ਇਹ ਦੇਵੀ ਆਉਂਦੀ ਸਵੇਰ ਸਾਰ,
ਆਟੇ ਦੀ ਟੋਕਰੀ ਚੂੜੇ ਵਾਲੀ ਦੇ ਇਕ ਹੱਥ ਉਤੇ ਧਰੀ,
ਮੱਖਣ ਦੀ ਟਿੱਕੀ ਕਾਲੇ ਕਟੋਰੇ ਵਿਚ ਇਕ ਦੂਜੇ ਹੱਥ 'ਤੇ
ਦੁੱਧ ਦਾ ਕਟੋਰਾ ਇਕ ਹੋਰ ਹੱਥ 'ਤੇ,
ਛਾਹ ਦੀ ਚਾਟੀ ਸਿਰ 'ਤੇ ਰੱਖੀ,

ਇਉਂ ਕਈ ਹੱਥਾਂ ਵਾਲੀ ਕਈ ਬਾਹਾਂ ਵਾਲੀ ਦੇਵੀ ਅਣਪਛਾਤੀ
ਹਰ ਰੋਜ਼ ਨਵੀਂ ਜਿਹੀ ਆਉਂਦੀ,
ਮੇਰੇ ਵਿਹੜੇ ਵਿਚ ਇਉਂ ਵੜਦੀ ਇਹ ਗਹਲ ਮੇਰੀ,
ਦੇਵੀ ਕਿਸੇ ਅਰਸ਼ ਦੀ, ਮੈਂ ਗਹਲ ਗਹਲ ਆਖਾਂ,
ਇਹ ਤਾਂ ਇਕ ਪ੍ਰਭਾਤ ਸਾਰੀ ਦੀ ਸਾਰੀ ਮੇਰੇ ਛੱਤ ਹੇਠ ਫੁੱਟਦੀ !
ਅੱਗ ਚੁੱਲ੍ਹੇ ਮੇਰੇ ਵਿਚ,
ਪੂਰਬ ਦੀ ਲਾਲੀ ਥੀਂ ਵਧ ਲਾਲ ਪਈ ਮਘਦੀ।

੩

ਇਸ ਪਾਣੀ ਦਾ ਪੀਣਾ, ਇਸ ਰੋਟੀ ਦਾ ਖਾਣਾ,
ਭੋਗ ਥੀਂ, ਯੋਗ ਥੀਂ ਵੱਧ,
ਵੱਧ ਖਾਣ ਪੀਣ ਥੀਂ,
ਭਾਰੀ ਕੋਈ ਪਵਿੱਤਰ, ਦੈਵੀ ਇਹ ਚੀਜ਼ ਹੈ,
ਸੱਚ ਸਹਿਬਾਂ ਆਖਿਆ—
ਅੰਨ ਦਾ ਸੁਆਦ ਵੀ ਇਕ ਨਾਮ ਦਾ ਸੁਆਦ ਹੈ !
ਇਹ ਗੁਰਾਂ ਦੇ ਗੀਤਾਂ ਦੇ ਟੁਕੜੇ,
ਮੰਗ ਮੰਗ, ਖੋਹ ਖੋਹ, ਲੜ ਲੜ,
ਪ੍ਰੀਤ-ਰਸ ਵਿਚ ਡਬੋ ਖਾਵਣੇ !

੪

ਮੇਰੇ ਘਰ ਵਿਚ ਪੈਂਦਾ,
ਹੁਣ ਗਗਨਾਂ ਦਾ ਝਾਵਲਾ,
ਇਹ ਕੇਹੀ ਚੰਗੀ ਰੱਬ-ਦਿੱਤੀ ਗਹਲ ਹੈ !
ਸੂਰਜ ਦੀ ਟਿੱਕੀ ਉੱਤੇ ਪਕਾਵੇ ਇਹ ਰੋਟੀਆਂ,
ਦੁੱਧ ਚੋਵੇ ਉਸ ਉਪਰ ਨੀਲੀ ਗਾਂ ਦਾ,
ਉਸ ਗਊ ਦੇ ਗਲੇ ਵਿਚ ਲੱਖ ਲੱਖ ਟੱਲੀਆਂ,
ਮੇਰੀ ਗਹਲ ਕੀ ਪਈ ਕਰਦੀ ਇਹ,
ਮੇਰੇ ਨਿੱਕੇ ਜਿਹੇ ਛੱਤ ਹੇਠ,
ਦੇਵੀ ਦੇਵਤਿਆਂ ਦਾ ਇਕੱਠ ਹੈ !

ਹਿਮਾਲਾ ਦੀਆਂ ਬਦਲਦੀਆਂ ਜੋਤਾਂ

੧

ਜੋਤਾਂ ਹਿਮਾਲੇ ਦੀਆਂ
ਬਰਫ਼ਾਂ ਨਾਲ ਲੱਦੀਆਂ,
ਸਹੰਸ ਪਹਿਲਦਾਰ ਹੀਰੇ,

ਉਸ ਰੰਗੀਲੀ ਸਰਕਾਰ ਦੇ !
ਇਹ ਬਲਦੀਆਂ ਮਸ਼ਾਲਾਂ,
ਇਹ ਜੋਤਾਂ ਨਿਰੰਕਾਰ ਦੀਆਂ
ਫੜੀਆਂ ਬਲੀ-ਬੀਰਾਂ ਹੱਥ, ਪਰਉਪਕਾਰ,
ਯਾਤਰੂਆਂ ਨੂੰ ਤੋੜ ਪਹੁੰਚਾਣ ਲਈ।
ਇਨ੍ਹਾਂ ਜੋਤਾਂ ਦੀਆਂ ਲਾਟਾਂ ਹੇਠ,
ਇਕ ਜੀਆਦਾਨ ਦੇਣ ਵਾਲੀ ਠੰਢ ਕਮਾਲ ਹੈ।
ਸੁੱਕੀ ਮੋਈ ਲੱਕੜਾਂ ਨੂੰ ਹਰੇ ਬਿਰਖ ਕਰਨ
ਇਹ ਬਲਦੀਆਂ ਲਾਟਾਂ ਪਲ ਛਿਣ ਵਿਚ;
ਪੱਥਰਾਂ ਥੀਂ ਫਾੜੇ ਇਹ ਜਵਾਲਾ,
ਠੰਢੇ ਠਾਰ ਚਸ਼ਮੇਂ ਬੁੰਬ ਦੇ ਦੇ ਉਛਲਣ ਬਾਹਰ ਨੂੰ।
ਦੇਣ ਮੋਇਆਂ ਨੂੰ ਜਿੰਦ ਇਹ,
ਜੀਂਦਿਆਂ ਨੂੰ ਸੱਜਰਾਪਨ ਨਿਰਾਲਾ,
ਫੁੱਲਾਂ ਦੇ ਜੰਗਲਾਂ ਦੇ ਜੰਗਲ ਭਰ ਭਰ ਢਹਿੰਦੇ,
ਮੁਲਕ ਸਾਰਾ, ਖ਼ਲਕ ਸਾਰੀ, ਭਰਦੇ ਹਰਾਪਨ ਨਾਲ,
ਦਿਲ ਤੇ ਜੀ ਠਾਰਦੇ, ਰੂਹ ਭਰਦੇ ਰਬ ਨਾਲ।

੨

ਇਨ੍ਹਾਂ ਲਾਟਾਂ ਹੇਠ ਸਵੱਰਗ ਹੈ,
ਨਹੀਂ, ਇਹ ਸਵੱਰਗ ਇਹ ਆਪ ਲਾਟ ਲਾਟ ਹੋ ਜਗ-ਮਗ ਰਿਹਾ,
ਸੁਹਣੱਪ ਰੱਬਾਨੀ ਸਾਰੀ ਫਟਦੀ ਇੱਥੇ,
ਵਾਂਗ ਇਕ ਸਹੰਸਰ ਦਲ ਕੰਵਲ ਫੁੱਲ ਦੇ,
ਤੇ ਡੁੱਲ੍ਹ ਡੁੱਲ੍ਹ ਵਗਦੀ ਸੁਹਜ ਸਾਰੀ, ਆਪੇ ਥੀਂ ਬਾਹਰ ਬੇਬਸ ਹੋ,
ਖ਼ੁਸ਼ ਹੋ ਸੁਹਣੱਪ ਪੂਰੀ, ਸਾਰੀ, ਆਪੇ ਥੀਂ ਬਾਹਰ ਹੋ,
ਬੇਲਿਬਾਸ, ਬੇ ਨਿਕਾਬ ਖੜੀ ਸਭ ਉਹ ਆਪ ਹੋ।

੩

ਹੋਰ ਕੋਈ ਧਰਤ 'ਤੇ ਥਾਂ ਨਾਂਹ,
ਜਿਹੜਾ ਸਹਾਰੇ ਅਸਮਾਨ ਦੇ ਪ੍ਰਤਾਪ ਨੂੰ,
ਇਹ ਹਿਮਾਲੇ ਦੀਆਂ ਜੋਤਾਂ ਸਹਾਰਨ,
ਉਸ ਦੇ ਪੂਰਨ ਕਲਾ ਅਵਤਾਰ ਨੂੰ।
ਉੱਚੇ ਇਨ੍ਹਾਂ ਦੇ ਸ਼ੁਅਲੇ ਉੱਠਣ,
ਜਾ ਚੁੰਮਣ ਸਥੂਲ ਰੂਪ ਵਿਚ,
ਉਸ ਅਰੂਪ ਰੱਬ ਦੇ ਚਰਨ, ਇਹ ਰੋਸ਼ਨੀਆਂ।

੪

ਇਨ੍ਹਾਂ ਜੋਤਾਂ ਦਾ ਜੁਟ ਸਾਰਾ,
ਗੌਰੀ ਸ਼ੰਕਰ ਥੀਂ ਲੈ, ਬੰਦਰ ਪੂਛ ਤੇ ਜਮਨੋਤਰੀ,
ਕਸ਼ਮੀਰ ਦੇ ਪੀਰ ਚਿੱਟੇ ਕੇਸਾਂ ਵਾਲੇ,
ਤੇ ਕੁੱਲੂ ਕਾਗਾਨ ਦੀਆਂ ਧੌਲੀਆਂ ਜੋਤਾਂ,
ਇਹ ਸਭ ਇਕ ਡਿਗੀ ਪਈ ਅਕਾਸ਼ ਵਿਚ,
ਹੈ ਤਲਵਾਰ ਕਿਸੇ ਵਰਿਆਮ ਦੀ ।
ਹਿਮਾਲਾ ਸਾਰਾ ਬਸ ਚਿੰਨ੍ਹ ਹੈ
ਪੂਰੇ ਇਕ ਮਰਦ ਦੇ ਦਿਲ ਦਾ,
ਮੁਕੰਮਲ ਇਨਸਾਨ ਦਾ ਖਿੱਚਿਆ ਇਹ ਚਿੰਨ੍ਹ ਹੈ,
ਸੁੱਚੇ ਆਦਮੀ ਪੂਰੇ ਦਾ ਆਕਾਰ ਆਕਾਸ਼ ਵਿਚ ।

ਆਦਮੀ ਪੂਰੇ ਦਾ ਦਿਲ,
ਉੱਚਾ, ਸਿੱਧਾ, ਸਦਾ ਬੇਛੱਤ ਹੈ,
ਖਲੋਂਦਾ ਟਿਕ ਕੇ ਸਮਾਧੀ ਅਣਟੁੱਟ ਵਿਚ,
ਬਜਰਾਂ ਦਾ ਬਣਿਆਂ ਉਹ,
ਬਿਜਲੀਆਂ ਸਹਾਰਦਾ ।
ਪਰ ਉਹਦੇ ਆਸਨ ਦੀ ਧਰਤ ਹੇਠੋਂ
ਗੰਗਾ ਅਨੇਕ ਵਗਦੀਆਂ,
ਕੁੰਡ ਅੰਮ੍ਰਿਤਾਂ ਦੇ ਸ਼ੋਰ ਜ਼ੋਰ ਕਰਦੇ ।
ਜ਼ੋਰੋ ਜ਼ੋਰ, ਮੱਲੋ ਮੱਲੀ, ਅੰਮ੍ਰਿਤ ਵਗਦੇ
ਨਰਮ ਉਹ ਅਤਿ ਦਾ,
ਲਿਫਾਣ ਅਨੰਤ ਸਾਰਾ,
ਕਰੜਾ ਉਹ, ਕਦੀ ਨ ਮੁੜਦਾ ।

੫

ਉੱਠ ਪੰਜਾਬ ਦੇ ਗੱਭਰੂਆ, ਉੱਠ ।
ਧਾਰ ਇਹ ਖੰਡਾ ਅਕਾਲ ਦਾ,
ਹਿਮਾਲਾ ਸਾਰਾ ਅੰਗਣ ਆਪਣੇ ਆਪ ਵਿਚ ਸਥਾਪ ਤੂੰ,
ਇਹ ਜੋਤਾਂ ਬਲਣ ਲਟ ਲਟ,
ਤੇਰੇ ਵਿਹੜੇ ਦਾ ਸੁਹਾਗ ਹੋ,
ਹਾਂ ! ਦਿਲ ਉੱਚੇ ਦੀਆਂ ਰੌਣਕਾਂ, ਠੰਢਕਾਂ, ਅਮੀਰੀਆਂ, ਬੇਅੰਤ ਓ ।
ਗੌਰਵ ਸੰਭਾਲ ਸਭ ਓ ਲੱਡਿਆ !
ਵੰਡ ਨਾਂਹ ਇਹ ਕਿਸੇ ਨਾਲ,
ਬੈਠ ਤੂੰ ਇਸ ਉਚਾਈ ਘਰ ਆਈ ’ਤੇ,
ਬਲਦੀਆਂ ਮਿਸ਼ਾਲਾਂ ! ਚੱਕ, ਹੱਥ ਲਾ ਤੂੰ ।

ਵਧ, ਉਠ, ਜਾਗ, ਟੁਰ, ਜਾ, ਤੂੰ,
ਖਲੋਈਂ ਨਾਂਹ, ਖਲੋਈਂ ਨਾਂਹ,
ਮਿਸ਼ਾਲਚੀਆਂ ਸਦਾ ਜੰਵ ਨਾਲ ਟੁਰਨਾ,
ਸੰਭਾਲ ਇਹ ਮਿਸ਼ਾਲ ਤੂੰ ।

ਧਾਰ ਇਹ ਜੋਤਾਂ,
ਕਰ ਇਹ ਪਿਆਰ ਤੂੰ,
ਖਲੋਈਂ ਨਾਂਹ, ਖਲੋਈਂ ਨਾਂਹ,
ਵਧ, ਉੱਠ, ਜਾਗ, ਟੁਰ, ਜਾਹ ਤੂੰ,
ਨਾ ਢਿੱਲ ਲਾ ਤੂੰ, ਨਾ ਢਿੱਲ ਲਾ ਤੂੰ ।

ਗਾਰਗੀ

੧

ਵਿਸਮਾਦ ਨਾਗੇ ਫਿਰਹਿ ਜੰਤ ।। (ਆਸਾ ਦੀ ਵਾਰ)

ਦੁਨੀਆਂ ਵਿਚ ਕੌਣ,
ਜਿਹੜਾ ਅੱਖ ਉਘਾੜ,
ਮੇਰੇ ਵਲ ਦੇਖ ਸਕੇ,
ਮੈਂ ਨੰਗਾ ਜਲਾਲ ਹਾਂ ।
ਸੂਰਜ ਦੇਖ ਮੈਨੂੰ
ਚੰਨ ਵਾਂਗ ਪੀਲਾ ਪੈਂਦਾ,
ਮੈਂ ਉਹ ਪ੍ਰਕਾਸ਼ ਹਾਂ
ਜਿਸ ਦਾ ਇਕ ਟੁੱਟਾ ਜਿਹਾ ਫੰਘ ਇਹ ਪ੍ਰਭਾਤ ਹੈ ।

ਮੈਂ ਤਾਂ ਰੱਬ ਬਣਾਈ ਹਾਂ,
ਨੰਗਾ ਚਾਨਣ ਸਾਰੇ ਰੂਪ ਦਾ ।
ਮੇਰਾ ਸੁਹਣੱਪ ਨਹੀਂ ਕੈਦ ਹੈ,
ਨੱਕ, ਮੂੰਹ ਤੇ ਅੱਖੀਆਂ,
ਹੱਥਾਂ, ਪੈਰਾਂ, ਬਾਹਾਂ ਵਿਚ;
ਮੇਰਾ ਅਨੰਤ ਸੁਹਣੱਪ
ਇਨ੍ਹਾਂ ਹੱਦਾਂ ਥੀਂ ਪਾਰ ਹੈ ।

ਕੌਣ ਆਖੇ ਮੈਂ ਨਿਰਾ
ਇਸਤ੍ਰੀ ਦਾ ਜਾਮਾ,
ਟੁੱਟਣ ਭੱਜਣ ਵਾਲਾ ਵਾਂਗ ਕੱਚ ਦੇ;
ਜਾਮੇ ਫਾੜੇ ਸਾਰੇ ਮੈਂ,

ਤੋੜੀਆਂ ਸਭ ਨੁਹਾਰਾਂ,
ਮੈਂ ਤਾਂ ਨਿਰੋਲ ਰੂਹ ਹਾਂ ਸਣਦੇਹੀ,
ਮੈਂ ਤਾਂ ਹੀਰਾ ਜਿਹੜਾ ਕਦੀ ਨਾ ਟੁੱਟਦਾ।
ਮੈਂ ਨੰਗੀ,
ਚਾਨਣ ਨੂੰ ਕਿਹੜਾ ਪਰਦਾ,
ਮੈਨੂੰ ਕੰਧ ਕੋਠੇ ਦੀ ਲੋੜ ਨਹੀਂ,
ਮੈਂ ਕੁਲ ਹਨੇਰੇ ਚੀਰਦੀ।
'ਇਹ ਮਰਦ', 'ਇਹ ਤੀਮੀਂ",
ਇਹ ਕੀ ਕਮੀਨਾ ਹਨੇਰਾ ਹੈ ਦੁਵੱਲੀ ਦਾ,
ਮੈਂ ਆਈ ਸਭ ਹਨੇਰਾ ਭੱਜਿਆ।
ਮੈਂ ਦੋਵੇਂ ਮਰਦ ਤੇ ਤੀਮੀਂ ਹਾਂ,
ਦਿਲ ਵਿਚ ਬੈਠੀ ਹਾਂ, ਜੀਅ ਜਿਹਾ ਹੋ ਕੇ।
ਤੀਮੀਂ ਵਿਚ ਮੈਂ ਮਰਦ ਪੂਰਾ,
ਮਰਦ ਵਿਚ ਮੈਂ ਤੀਮੀਂ ਪੂਰੀ ਹਾਂ।
ਮੈਂ ਹਾਂ ਦੋਹਾਂ ਵਿਚ 'ਨੰਗੀ-ਇਨਸਾਨੀਅਤ'
ਮੈਂ ਹਾਂ ਦੋਹਾਂ ਵਿਚ 'ਇਕ-ਰੱਬਾਨੀਅਤ'

੨

ਮੈਨੂੰ ਆਖਣ ਮੈਂ ਨੰਗੀ ਹਾਂ,
ਜਨਕ ਦੀ ਸਭਾ ਦੇ ਸਾਰੇ 'ਬ੍ਰਹਮਵੇਤੇ';
ਝਲੇ ਸਾਰੇ ਦੇਖਣ ਨਾਂਹ,
ਮੈਂ ਸਦਾ ਨੰਗਾ ਸੱਚ ਹਾਂ।

ਕੂੜ ਕਪੜੇ ਪਾਂਦਾ,
ਸਭ ਕਪੜਾ ਕੂੜ ਕੂੜ ਹੈ,
ਤੀਮੀਂ ਕਪੜਾ, ਮਰਦ ਕਪੜਾ,
ਅੱਗੇ ਬ੍ਰਹਮ ਦੇ ਦੇਸ਼ ਵੀ,
ਰੂਹ ਹੀ ਨੰਗਾ ਜਾਉਂਦਾ,
ਜਾਣਨ ਨਾਂਹ, ਮੈਂ ਮੌਤ ਦੀ ਦੀਵਾਰ ਦੇ ਪਿੱਛੇ ਦੀ ਸਵੇਰ ਹਾਂ,
ਮੈਂ ਕੱਲ੍ਹ ਆਣ ਵਾਲੀ ਹਾਂ, ਅੱਜ ਦਾ ਘੁੰਡ ਲਾਹ ਆਈ ਹਾਂ।
ਜਨਕ ਦੀ ਸਾਰੀ ਸਭਾ ਹੱਸਦੀ,
ਉਹ ਆਖਣ ਮੈਂ ਝੱਲੀ,
ਮੈਂ ਆਖਾਂ—ਝੱਲੇ।

ਸਰ ਦੇ ਕੰਢੇ ਵਾਂਗ ਧੁੱਪ ਦੇ,
ਖੜੀ ਹੋ ਨੰਗ ਮਨੰਗੀ ਮੈਂ ਪੁਕਾਰਦੀ :

"ਆ ਕੰਵਲ ! ਨਿਕਲ ਪਰਦਿਓਂ ਬਾਹਰ ਆ,
ਥਲ ਜਲਾਂ ਦੇ ਪਰਦੇ ਕਰ ਲੀਰਾਂ,
ਉੱਤੇ ਆ ਕੰਵਲਾ !
ਉੱਤੇ ਤਰ ਕੰਵਲਾ !
ਚਿੱਕੜਾਂ ਨੂੰ ਚੀਰ ਕੰਵਲਾ !
ਲਹਿਰਾਂ ਨੂੰ ਪਾੜ ਕੰਵਲਾ !
ਬੈਠਾ ਡੰਡੀ ਆਪਣੀ 'ਤੇ,
ਆ ! ਸੋਹਣਿਆਂ ! ਆ !
ਨੰਗੇ ਅਕਾਸ਼ ਤਲੇ,
ਨੰਗੀ ਮੈਂ ਤੈਨੂੰ ਉਡੀਕਦੀ,
ਪਰਦਿਓਂ ਬਾਹਰ ਆਵੀਂ,
ਫਾੜੀਂ ਬਾਹਰ ਅਨੰਤ ਨੂੰ, ਇਹ ਵੀ ਪਰਦਾ ।
ਚੀਰੀਂ ਅੰਦਰ ਅਨੰਤ ਨੂੰ, ਇਹ ਹੋਰ ਘਣੇਂ ਕਾਲੇ,
ਤੇ ਫਟ, ਬਾਹਰ ਆ,
ਨੰਗ ਮਨੰਗੀ 'ਮੈਂ' ਹੋ ਕੰਵਲਾ !
'ਮੈਂ' ਸਾਰੀ ਤੈਨੂੰ ਉਡੀਕਦੀ ।"

ਕੰਵਲ ਨੰਗੀ, ਧੁੱਪ ਨੰਗੀ, ਜਲ ਨੰਗਾ,
ਮੈਂ ਨੰਗੀ, ਅਕਾਸ਼ ਨੰਗਾ,
ਇਹ ਰੂਹਾਂ ਦਾ ਦੇਸ਼ ਹੈ,
ਇਥੇ ਨੰਗਾ ਹੋਣ ਹੀ ਸੋਭਦਾ ।
ਨੰਗਾ ਸੁਹਣੱਪ ਸਾਰ, ਨੰਗਾ ਰੱਬ ਇਕੱਲਾ,
ਕਿਸ ਪਾਸੋਂ ਕੱਜਣਾ, ਇਕ ਪੂਰਾ ਨੱਕੋ ਨੱਕ ਭਰਿਆ,
ਨੰਗਾ ਸਾਰਾ ਸੱਚ ਮੈਂ,
ਅੱਗ ਦਾ ਇਹ ਹੜ੍ਹ ਇਹ ।

ਕ੍ਰਿਸ਼ਨ ਜੀ

ਉੱਛਲ, ਉੱਛਲ, ਚਾਅ ਭਰੇ ਭਰੇ ਵਿਚ,
ਨਾਚ ਜਿਹੀ ਕਰਦੀ ਨੀਲੀ ਜਮਨਾ ਵਗਦੀ,
ਸਜੀ, ਸ਼ੰਗਾਰੀ, ਫਬੀ ਵਾਂਗ ਇਕ ਅਪੱਛਰਾ ਦੇ ।

ਕਦੰਬ ਦਾ ਬੂਟਾ ਨਾਲ ਕਿਨਾਰੇ ਦੇ ਝੂਮਦਾ,
ਪਾ ਉਸੇ ਜਮਨਾ ਦੇ ਰਾਗ ਤੇ ਨਾਦ-ਤਾਲ ਨੂੰ,

ਨਾਲ ਨਾਲ ਤਾਲ ਦੇ ਸੁਰ ਭਰਦਾ,
ਕਦੰਬ ਹੇਠਾਂ ਦੀ ਛਾਂ ਵੀ ਨੱਚਦੀ,
ਨਿੱਕੀ ਨਿੱਕੀ ਹਵਾ ਛੇੜਦੀ ਉਹਦੇ ਪੱਤਿਆਂ ।

ਚਾਅ ਸੀ ਸਭ ਨੂੰ ਰਾਗ ਦੇ ਅਨੰਤ ਜਿਹੇ ਹੋਣ ਦਾ,
ਹਵਾ ਤੇ ਬੂਟੇ ਤੇ ਪਹਾੜ ਨਾਲ ਨੱਚ ਪਏ,
ਸਮਾਂ ਸੀ ਤਾਲ ਦੇ ਭਰਨ ਦਾ,
ਮੈਂ ਤੱਕਿਆ ਥੰਮ੍ਹ ਸਭ ਨੱਚ ਪਿਆ,
ਖਲੋਤਾ ਦਿੱਸਿਆ ਕ੍ਰਿਸ਼ਨ ਕਦੰਬ ਹੇਠ,
ਤੇ ਇਕ ਦਮ ਲਈ ਚੁੱਪ ਹੋਈ ਕ੍ਰਿਸ਼ਨ ਦੀ ਬਾਂਸਰੀ ।
ਟੇਢੀ ਜਿਹੀ ਛਬਿ ਸੀ, ਸੱਜਾ ਪੈਰ ਖੱਬੇ 'ਤੇ ਰਖਿਆ ਤਾਲ ਤੇ ਸੁਰ ਵਿਚ
ਤੇ ਮੁਕਟ ਹੋਇਆ ਜ਼ਰਾ ਇਕ ਪਾਸੇ,
ਤੇ ਮੈਂ ਤੱਕੇ ਹਿਲੇ ਮੁਕਟ ਵਿਚ ਲਟਕਦੇ ਹੀਰੇ,
ਅਚੰਭਾ ਮੈਂ ਤੱਕਿਆ, ਨਾਲ ਹਿੱਲੇ ਤਾਰੇ ਅਕਾਸ਼ ਦੇ ।
ਹੀਰੇ ਤਲੇ ਹਿੱਲੇ,
ਹੀਰੇ ਉੱਪਰ ਹਿੱਲ ਗਏ,
ਇਹ ਕਿਹਾ ਮਨੁੱਖ ਹੈ ?
ਨਿੱਕਾ ਜਿਹਾ, ਕਾਲਾ ਜਿਹਾ,
ਵਿੰਦਰਾਵਨ ਵਿਚ ਗਊਆਂ ਚਰਾਨ ਵਾਲਾ ।
ਜਮਨਾ ਨੂੰ ਛੇੜਦਾ,
ਰੱਖ ਮੂੰਹ ਆਪਣੇ 'ਤੇ ਬਾਂਸਰੀ;
ਆਵਾਜ਼ 'ਤੇ ਨੱਚਦੀ ਲਹਿਰ ਲਹਿਰ ਜਮਨਾ,
ਕਦੰਬ ਦਾ ਬੂਟਾ ਤੇ ਨਾਲੇ ਛਾਇਆ ਨੱਚਦੀ,
ਝਾੜੀ ਝਾੜੀ, ਕਿਣਕਾ ਹਿੱਲਦਾ ।
ਮੁਕਟ ਜਦ ਹਿੱਲਿਆ,
ਤਾਰੇ ਸਾਰੇ ਅਕਾਸ਼ ਦੇ ਹਿੱਲ ਗਏ,
ਸੁਹਣਾ ਕੋਈ ਭੇਤ ਹੈ ਰੱਬ ਦਾ ।

ਮੁੱਲ ਪਾ ਤੂੰ ਆਪਣਾ

੧

ਸੁਹਣਿਆਂ ! ਮੁੱਲ ਪਾ ਤੂੰ ਆਪਣਾ,
ਵੱਧ ਥੀਂ ਵੱਧ ਹੋਰ ਹਾਲੀਂ ਬਹੁੰ ਸਾਰਾ,
ਹੋਰ·ਹਾਲੀਂ ਬਹੁੰ ਸਾਰਾ, ਹੋਰ ਵੀ ਹੋਰ,
ਤੇਰਾ ਮੁੱਲ ਕੋਈ ਨਾਂਹ,

ਤੂੰ ਕੀਮਤਾਂ ਥੀਂ ਪਰੇ,
ਓ ਯੂਸਫਾਂ ਦੇ ਯੂਸਫਾ !

੨

ਹੁਣੇ ਆਇਆ ਹੈਂ ਤੂੰ,
ਉਤੋਂ ਹਿਠਾਹਾਂ ਨੂੰ,
ਲਾਲ ਲਾਲ ਕੰਵਾਰੇ
ਤੇਰੇ ਹੋਠ ਹਾਲੇ,
ਕੰਵਾਰਾ ਤੇਰਾ ਦਿਲ,
ਸੱਜਰਾ ਦਿਮਾਗ਼ ਵੇ,
ਨਾ ਵੱਟ ਦਿਲ 'ਤੇ,
ਨਾ ਲੀਕ ਦਿਮਾਗ਼ 'ਤੇ,
ਜੁੱਸਾ ਤੇਰਾ ਵਾਂਗ ਨਵੇਂ ਫੁੱਟੇ ਫੁੱਲ ਦੇ,
ਹਾਲੇ ਨਾ ਘੁਣ ਲੱਗਾ,
ਨਾ ਕੀੜਾ ਨੇੜੇ ਢੁੱਕਾ
ਜਿਹੜਾ ਮਨੁੱਖਤਾ ਨੂੰ ਚੱਟ ਜਾਂਦਾ,
ਹਾਲੀਂ ਹੱਡੀਆਂ ਤੇਰੀਆਂ ਵਿਚ ਚਿੱਟਾ ਨੂਰ ਅਸਮਾਨ ਵਾਲਾ,
ਖ਼ੁਸ਼ਬੋ ਕਾਦਰ ਦੇ ਹੱਥ ਦੀ ਨਵੀਂ ਹਾਲੀਂ ਸੱਜਰੀ ।
ਮਿੱਟੀ ਗਿੱਲੀ ਗਿੱਲੀ, ਜੀਵਨ ਦੀ ਸੇਜਲ,
ਤੇਰੇ ਮੂੰਹ ਦੀ ਰੌਣਕ ਉਹ ਉਤਾਹਾਂ ਦੀ,
ਇਹ ਅੰਗਾਰ ਵਾਂਗ ਭਖਦਾ,
ਇਹ ਭੱਖਾਂ, ਇਹ ਲਾਲੀਆਂ,
ਲਾਲਾ ! ਸਭ ਤੇਰੀਆਂ,
ਸਭ ਤੂੰ ਤੂੰ, ਇਕ ਨਵਾਂ ਰੂਹ ਹੈ :
ਅਣਵੰਡਿਆ, ਅਣਭੱਜਿਆ, ਅਣਟੁੱਟਾ ਸਬੂਤ ਤੂੰ ।
ਸਸਤੇ ਮੁੱਲ ਨਾ ਵਿਕੀਂ ਲਾਲਾ !
ਧੂੜਾਂ ਵਿਚ ਨਾ ਰੁਲਾਈਂ ਆਪਾ,
ਦਿਲ ਨੂੰ ਸਬੂਤ ਰੱਖੀਂ,
ਖੰਡ ਖੰਡ ਵੰਡ ਨਾ ਆਪਣਾ ਆਪ ਤੂੰ,
ਸੋਹਣਿਆਂ ! ਮੁੱਲ ਪਾ ਤੂੰ ਆਪਣਾ ।

੩

ਸਰੂ ਵਾਂਗ ਖਲੋ ਤੂੰ
ਪੈਰਾਂ ਆਪਣਿਆਂ 'ਤੇ,
ਤੇ ਪਕਾ ਜੜ੍ਹੀਂ ਆਪਣੀਆਂ,
ਦਿਲ ਦੇ ਕਿੰਗਰੇ 'ਤੇ ਦੇਖ ਤਾਰੇ ਲਟਕਦੇ,

ਚੰਦ ਛੂਪ, ਖੇਡਦਾ ਪਿੱਛੇ ਤੇਰੇ ਕੱਦਾਂ ਦੇ,
ਤੇ ਜਗਤ ਦੀ ਸੁਹਣੱਪ ਤੇਰੇ ਦਿਲ ਵਿਚ
ਟੁੱਭੀਆਂ ਲਾ ਲਾ, ਨਿੱਖਰ ਨਿੱਖਰ, ਆਉਂਦੀ।
ਤੇਰੇ ਵਿਛੇ ਅਕਾਸ਼ ਸਾਰੇ,
ਤੇਰੇ ਵਿਚ ਲੰਘ ਗਿਆ ਕਾਲ 'ਕੱਠਾ ਜਿਹਾ ਹੁੰਦਾ,
ਸੁਕੜਦਾ ਇਤਿਹਾਸ ਸਾਰਾ,
ਤੇਰੇ ਸੰਕਲਪ ਦੇ ਜ਼ੋਰ ਨਾਲ,
ਹੋਰ ਹੋ ਟੁਰਦਾ, ਪਲਟਦਾ ਜਿਵੇਂ ਤੂੰ ਆਖੇਂ ।
ਤੇਰੀ ਨਿਗਾਹ ਦੇ ਸਦਕੇ ਲਾਲਾ !
ਜਿਹੜੀ ਸਮੁੰਦਰਾਂ ਨੂੰ ਇਕ ਚੁਲੀ ਕਰ ਪੀਂਦੀ,
ਘੋਲ ਘੋਲ ਪੀ ਜਾਵੇ, ਪਿਆਲੇ ਅਜ਼ਲ ਦੇ ਸੱਖਣੇ ।
ਤੇਰੀ ਇਕ ਇਕ ਹਸੀ ਲਈ,
ਲੱਖ ਲੱਖ ਹੁਸਨ ਨਿਕਲਣ ਪਾੜ ਪਾੜ ਪਰਦੇ,
ਸੁਹਣਿਆਂ ! ਮੁੱਲ ਪਾ ਤੂੰ ਆਪਣਾ ।

੪

ਛੋੜ ਨੱਸਣਾ ਤੇ ਭੱਜਣਾ,
ਛੋੜ ਪਤੰਗਾਂ ਦਾ ਚਾੜ੍ਹਨਾ,
ਖੋਲ੍ਹ ਤੂੰ ਆਪਣੇ ਦਿਲ ਦੀ ਬਾਰੀ
ਬੈਠ ਉਸ ਝਰੋਖੇ ਤਕਣਾ,
ਓ ਉੱਚੀ ਬਾਰੀ ਵਾਲਿਆ !
ਝੂਮ ਅੱਖ ਆਪਣੀ ਵਿਚ,
ਤੇ ਅਡੋਲ ਰਹੁ ਛੁਪਿਆ,
ਜੀਵਰ-ਸਰੋਵਰ ਵਿਚ ਕਮਲ ਵਾਂਗ ਖਿੜਿਆ,
ਅੰਗ ਸਾਰੇ ਸਾਂਭ ਰੱਖ;
ਖੰਡ ਖੰਡ ਹੋ ਨਾਂਹ,
ਢਹਿ ਢਹਿ ਖੋ ਨਾਂਹ,
ਸਿੱਧਾ ਖਲੋ ਤੂੰ ਨਾਲ ਰੱਬ-ਥੰਮ੍ਹ ਦੇ,
ਚਾਹ ਨਾਂਹ, ਚਾਹਣ ਨੂੰ ਛੱਡ,
ਵਾਂਗ ਡੋਰ ਟੁੱਟੀ ਪਤੰਗ ਦੇ,
ਸੁਹਣਿਆਂ ! ਮੁੱਲ ਪਾ ਤੂੰ ਆਪਣਾ !

੫

ਨਿੰਮੋਝੂਣ ਤੇਰੇ ਬਲਾ ਹੋਵੇ,
ਮਾਯੂਸ ਤੇਰੀ ਜੁੱਤੀ,

ਨਿਰਾਸ ਤੇਰੇ ਵੈਰੀ ਹੋਣ,
ਚਸ਼ਮਾਂ ਫੁੱਟਿਆ ਤੂੰ ਹਮੇਸ਼ ਦੀ ਜਵਾਨੀ ਦਾ
ਸਦਾ ਦੀ ਬਸੰਤ ਤੇਰੇ ਪ੍ਰਾਣ ਸੁਹਣਿਆਂ।
ਤੂੰ ਫੁੱਲ ਜਿਹੜਾ ਕਦੀ ਨਾ ਹਿੱਸਦਾ,
ਵਾਹਿਗੁਰੂ ਦੇ ਬਾਗ਼ ਵਿਚ,
ਰੱਬ ਆਪਣੀ ਹੱਥੀਂ ਆਣ ਲਾਇਆ,
ਪਾਣੀ ਬੇਅੰਤ ਦਾ,
ਰਸ ਦੀਆਂ ਕਣੀਆਂ,
ਇਹ ਸ਼ਹਿਦ ਦੀਆਂ ਬੂੰਦਾਂ ਪੈਂਦੀਆਂ
ਸੁਹਣਿਆਂ ! ਮੁੱਲ ਪਾ ਤੂੰ ਆਪਣਾ।

੬

ਗੰਦਲ ਪਾਣੀ 'ਤੇ ਬੈਠਾ ਝੂਮ,
ਪਾਣੀ ਜੀਣ ਦਾ ਖਿੱਚ ਧਰਤ, ਅਕਾਸ਼ ਥੀਂ,
ਰੋਟੀ ਪੁੱਟ ਮਿੱਟੀ ਦੇ ਢੇਲੇ ਥੀਂ;
ਫੋੜ ਫੋੜ ਧਰਤੀ ਨੂੰ ਖਾਹ ਤੂੰ,
ਜੀ ਤੂੰ ਸਦਕੇ, ਕੁਲ ਜਹਾਨ ਤੇਰੇ ਵਾਸਤੇ;
ਹੱਸ ਤੂੰ ਫੁੱਲਾ।
ਬੈਠ ਤੂੰ ਤਖ਼ਤ ਸੁਲੇਮਾਨ 'ਤੇ,
ਬੁਲਾ ਦੇਵ ਨੂੰ ਤੇ ਪਰੀਆਂ ਨੂੰ,
ਕਰ ਅੱਖ ਦੇ ਇਸ਼ਾਰੇ,
ਹਵਾਵਾਂ ਤੇਰੇ ਹੁਕਮ ਚੱਕ ਲੈ ਜਾਂਦੀਆਂ।
ਤੂੰ ਕੀ ਚਾਹਣਾ ਤੇ ਮੰਗਣਾ ਕੀ ?
ਬਸ ਖਿਲਣਾ ਆਪਣੀ ਡੰਨੀਂ 'ਤੇ ਖਲੋ ਕੇ,
ਇਉਂ ਰਸ ਵਿਚ ਭਰਿਆ ਰਹੁ ਤੂੰ,
ਰਬ ਵਿਚ, ਰਬ ਨਾਲ, ਰੱਬ ਤੇਰੇ ਬਾਹਰ ਵੀ,
ਇਉਂ ਤੁਰ, ਫਿਰ, ਹਿਲ ਜੁਲ, ਜੀ।
ਸਭ ਕੁਝ ਠੀਕ ਹੈ।
ਹੱਸ, ਖੇਡ ਤੂੰ,
ਤੈਨੂੰ ਕਾਹਦੀ ਲੋੜ ? ਛੋੜ ਚਿੰਤਾ।

ਸੁਣ ਮੈਂ ਤੇਰੇ ਕੰਨ ਵਿਚ ਆਖਦਾ—
ਖਿੜ ਤੂੰ, ਭੱਖ ਤੂੰ,
ਪਰ ਪੱਤੀਆਂ ਨਾ ਆਪਣੀਆਂ ਤੋੜ ਤੂੰ,
ਤੋੜ ਤੋੜ ਨਾ ਆਪਾ ਖਲੇਰ ਤੂੰ,

ਤੇਰੀ ਨਾਜ਼ਕ ਪੰਖੜੀਆਂ ਨੇ ਕੀ ਕੰਮ ਸਵਾਰਨੇ ?
ਕਿਹੜੇ ਤਾਰੇ ਨੂੰ ਤੂੰ ਥੰਮ੍ਹ ਦੇ ਰਖਣਾ ?
ਡਿੱਗਦੇ ਲੱਖਾਂ ਤਾਰੇ ਇਕ ਪਲਕ ਵਿਚ,
ਦੱਸ ਤੂੰ ਕੀ ਕਰਨਾ ?
ਬੈਠ ਨਜਿੱਠ ਕੇ,
ਸੌਂ ਤੇ ਜਾਗ ਤੇ ਜੀ ਹੱਸ ਹੱਸ ਕੇ,
ਸਾਰੇ ਰੱਬ ਪਿਆ ਵੱਸਣਾ ।
ਸੁਹਣਿਆਂ ! ਮੁੱਲ ਪਾ ਤੂੰ ਆਪਣਾ ।

੭

ਵਡਿਆਂ ਦੀ ਰੀਤ ਨਹੀਂ
ਕਿਸੇ ਪਾਸੋਂ ਮੰਗਣਾ;
ਦਾਤਾ ਤੇਰਾ ਤੇਰੇ ਸਿਰ 'ਤੇ
ਭੁੱਖ, ਪਿਆਸ ਤੂੰ ਸਹਾਰੀਂ,
ਸੁਹੱਪ ਦੇਖ ਰੱਜ ਤੂੰ,
ਹੱਥ ਨਾ ਲਾਈਂ ਗ਼ਰਜ਼ ਦੀ ਅੱਗ ਨੂੰ,
ਅੱਖ ਪੱਟ ਕੇ ਨਾ ਤੱਕੀਂ ਕਿਸੇ ਲੋੜ ਨੂੰ,
ਮਮਤਾ ਦੇ ਮਾਰੇ ਫਿਰਦੇ ਲੱਖ ਕਰੋੜਾਂ,
ਆਦਮੀ ਦੇ ਲੇਲੇ ਇਹ ਮਮਤਾ ਬਣਾਉਂਦੀ,
ਮਨੁੱਖਾਂ ਥੀਂ ਜਾਨਵਰ ਬਣਾ ਗੱਡੇ ਅੱਗੇ ਵਾਹੁੰਦੀ ।
ਸਭ ਦੀਆਂ ਛਾਤੀਆਂ ਤੱਤੀਆਂ,
ਦਿਲ ਅੱਧ ਜਲੇ ਭੁੰਨੇ ਫਿਰਦੇ,
ਕੋਈ ਵੀ ਇਥੇ ਸਬੂਤ ਨਾਂਹ,
ਖਿੜੇ ਫੁੱਲ ਆਪਣੇ ਨੂੰ ਤੁੜਾ ਨਾਂਹ,
ਤੇ ਨਾ ਕੋਈ ਫੁੱਲ ਕਿਸੇ ਦਾ ਤੋੜ ਤੂੰ ਸਕਦਾ ।
ਨਿਰਾਲਮ, ਨਿਰਸੰਕਲਪ ਹੋ ਜੀ ਤੂੰ,
ਖੁੱਲ੍ਹਾ, ਖਿੜ ਤੇ ਹੱਸ,
ਤੇ ਆਪਾ ਦੱਸ ਦੱਸ,
ਖੇੜਾ ਖਿੜਾ ਥਾਈਂ ਥਾਈਂ ਤੂੰ,
ਓ ਸੁਹਣਿਆਂ ! ਮੁੱਲ ਪਾ ਤੂੰ ਆਪਣਾ ।

੮

ਇਕ ਹੋਣ ਦਾ ਨਾ ਲਾਈਂ ਚਾ ਤੂੰ,
ਇਕ ਹੋਣ ਥੀਂ ਦੁਨੀਆਂ ਆਪ ਹੁਣ ਤੰਗ ਹੈ !
ਇਹ ਤਾਰੇ ਅਨੇਕ ਸਾਰੇ,

ਬਾਗ਼ ਬਾਗ਼, ਫੁੱਲ ਫਲ ਵੰਨ ਵੰਨ ਦੇ,
ਇਕ ਹੋਣ ਵਿਚ ਦੱਸ ਤੂੰ ਕੀ ਸੁਆਦ ਹੈ ?
ਬਹੁੰ ਬਹੁੰ, ਹੋ ਹੋ,
ਕਿਹਾ ਸੁਹਣੱਪ ਰੱਬੀ ਪਿਆ ਨਿੱਖਰਦਾ,
ਮੋਤੀਆਂ ਦੇ ਕਿਣਕੇ,
ਸਮੁੰਦਰਾਂ ਥੀਂ ਵਧ ਦਿੱਸਣ,
ਚਮਕ ਇਨ੍ਹਾਂ ਦੀ ਹੋਰ ਹੈ,
ਡਲੀਆਂ ਹੀਰਿਆਂ ਦੀ
ਆਬ ਆਪੋ ਆਪਣੀ,
ਉਹ ਸੁਹਣਿਆਂ ! ਮੁੱਲ ਪਾ ਤੂੰ ਆਪਣਾ ।

ਕੰਵਾਰੀ ਪਦਮਨੀ

੧

ਮਾਏ !
ਡੂੰਘਾ ਸਤਰ ਘੱਤ ਮੇਰੇ ਰੂਹ ਲਈ,
ਮੇਰਾ ਜੁੱਸਾ ਨਹੀਂ, ਇਹ ਰੂਹ ਪੂਰਾ ।
ਗਡਵਡ ਹੋਇਆ ਸਰੂਪ ਮੇਰਾ,
ਇਹ ਬਾਹਾਂ, ਇਹ ਕਲਾਈਆਂ
ਇਹ ਲੁਕੇ, ਛੁਪੇ ਜੋਬਨਾਂ ।
ਓ ਪਲਕੋ ਮੇਰੀਓ, ਦੋ ਸੂਰਜ ਮੇਰੇ ਕੱਜ ਦਿਓ ।
ਓ ਚੋਲੀਏ ! ਫਟ ਨਾਂਹ, ਉੱਠ ਨਾਂਹ, ਹਟ ਨਾਂਹ, ਬੱਝੀ ਸੱਜੀ, ਘੁਟੀ ਦੀ
ਘੁਟੀਂਦੀ ਰਹੁ ਤੂੰ ।
ਸਭ ਕੁਝ ਗੋਪ ਦੇ,
ਰੂਹ ਸਭ ਕੱਜਣਾ,
ਦਿਲ ਨੂੰ ਛੁਪਾ ਦੇ,
ਇਸ ਫੁੱਲ ਨੂੰ ਨਹੀਂ ਖੋਲ੍ਹਣਾ
ਕਲੀਏ ! ਛੁਪ ਜਾ, ਛੁਪ ਜਾ,
ਸਾਵੇ ਘੁੰਘਟਾਂ ਹੇਠ ਸਦਾ, ਸਦਾ,
ਨਹੀਂਓਂ ਇਹ ਕਦੀ ਦੱਸਣਾ,
ਕਾਹਨੂੰ ਪਿਆ ਦਿੱਸਣਾ ?

੨

ਮੇਰੇ ਮੱਥੇ ਦੇ ਚੰਨ ਨੇ,
ਇਸ ਗਗਨ ਨਹੀਂਓਂ ਚੜ੍ਹਨਾ,

ਮਾਏ ! ਕਿਸੇ ਅਣਡਿੱਠੇ ਦੇ ਨੈਣਾਂ ਦੇ ਗਗਨਾਂ ਦਾ ਇਹ ਚੰਨ ਨੀਂ ।
ਮੈਂ ਮੱਥੇ ਕਿਸੇ ਦੇ ਨਹੀਓਂ ਲੱਗਣਾ
ਕੱਜ ਦੇ, ਕੱਜ ਦੇ, ਕੱਜ ਢੱਕ ਰੱਖਣਾ ।
ਦਿਲ ਮੇਰਾ ਕਰਦਾ ਲੁੱਕ ਲੁੱਕ ਰਹਿਣ ਨੂੰ,
ਦਿਲ ਮੇਰਾ ਕਰਦਾ ਚੁੱਪ ਚੁੱਪ ਬਹਿਣ ਨੂੰ ।
ਮਾਏ ! ਮੈਂ ਕਲੀ ਬਰਫ਼ਾਂ ਦੀ ਛਾਇਆ ਦੀ,
ਖਿੜਾਂ ਮੈਂ ਪਿਆਰ ਰੱਬੀ ਦੀ ਛਾਵਾਂ ਹੇਠ,
ਮੈਂ ਚਾਨਣ ਇਹ ਕਦੀ ਨਹੀਂ ਸਹਾਰਦੀ,
ਬਾਹਰ ਨਾ ਕੱਢਣਾ, ਛਾਵਾਂ ਦੀ ਕਲੀ ਨੂੰ,
ਮੈਂ ਉਹ ਫੁੱਲ ਜਿਹੜਾ ਭਾਂਬੜ ਬਲ ਉੱਠਸੀ ।

੩

ਤਾਰਿਆਂ ਥੀਂ ਪਿਆਰ ਆਪਣਾ ਮੈਂ ਲੁਕਾਂਦੀ ਮਾਏ !
ਚੰਨ ਥੀਂ ਉਹਲੇ, ਛਾਵਾਂ ਇਸ ਦਿਲ ਨੂੰ ਰੱਖਦੀ,
ਇਨ੍ਹਾਂ ਸਜੀਆਂ ਧੁੱਪਾਂ ਦੀ ਤਾਬ ਨਾਹੀਂ,
ਮੈਂ ਤਾਂ ਸੁਗੰਧ ਥੀਂ ਵੀ ਪਤਲੀ ਆਂ,
ਚੰਨ ਦੀ ਧੁੱਪ ਵੀ ਨਾ ਦਿਖਾਈਂ ਮੈਨੂੰ,
ਮੈਨੂੰ ਜ਼ਿੰਦਾ ਚੁੱਕ ਨਾ ਬਾਲਣਾ !

੪

ਮੈਂ ਤਾਂ ਟਿੱਕੀ ਕਿਸੇ ਅਸਮਾਨ ਦੀ,
ਜਿਹੜਾ ਨਦਰ ਥੀਂ ਸਦਾ ਉਹਲੇ ।
ਮੈਂ ਤਾਂ ਕੱਜੀ ਸਦਾ ਅਸਗਾਹ ਦੀ,
ਮੈਂ ਤਾਂ ਢੱਕੀ ਅਥਾਹ ਦੀ,
ਮੇਰਾ ਸਤਰ ਅਨੰਤ ਦਾ,
ਰੱਬ ਆਪੇ ਪਰਦੇ ਪਾਉਂਦਾ ।
ਮੈਂ ਰੱਬ ਦੇ ਦਿਲ ਦੀ ਚੀਜ਼ ਕੋਈ,
ਮੈਨੂੰ ਛੁਪਾ ਛੁਪਾ ਰੱਖਦਾ ਆਪੇ
ਉਹ ਸਾਈਂ ਸਾਰੇ ਜੱਗ ਦਾ ।
ਲੱਖ ਵਰ੍ਹਿਆਂ ਦੀ ਰੱਬ ਦੀ ਕਮਾਈ ਮੈਂ,
ਰੱਬ ਦੀ ਬਣਾਈ ਮੈਂ, ਮੇਰੀ ਆਪ ਓਪਰੀ ।
ਮੈਨੂੰ ਕੱਜ ਕੱਜ ਰੱਖਦਾ,
ਮੈਂ ਉਸ ਕਮਾਲ ਦੀ ਕਰਾਮਾਤ ਹਾਂ,
ਮੈਨੂੰ ਮੇਰੀ ਢਕੀ ਲੁਕੀ ਚਮਕ ਪਈ ਦੱਸਦੀ ।

੫

ਮੈਂ ਉਸ ਸੁਹਣੇ ਸੁਲਤਾਨ ਘੜਨਹਾਰ ਦਾ ਬੁੱਤ ।
ਮੈਂ ਉਹਦੇ ਸਵਾਸਾਂ ਨਾਲ ਜੀਉਂਦੀ,
ਜਿੰਦ ਮੇਰੀ ਉਸ ਦੀ ਉਸ ਪਾਈ ਆਪ
ਕੱਜੀ, ਢੱਕੀ ਮੂਰਤ ਮੈਂ ਉਸ ਆਲੀਸ਼ਾਨ ਚਿਤ੍ਰਕਾਰ ਦੀ ।
ਮੈਨੂੰ ਸਦਾ ਓਹਲੇ ਓਹਲੇ, ਕੱਜ, ਢੱਕ ਰੱਖਦਾ,
ਮੇਰੇ 'ਤੇ ਲੀਰਾਂ ਜਿਹੀਆਂ ਪਾ ਪਾ ਕੱਜਦਾ ।
ਇਕੱਲਾ ਜਦ ਉਹ ਹੋਵੇ ਆਪ,
ਮੇਰੇ ਮੂੰਹ ਦੇ ਵੇਖਣ ਦੀ ਲੋੜ ਨੂੰ,
ਸਭ ਜਗਤ ਹਨੇਰਾ ਘੁੱਪ ਕਰਦਾ,
ਚੁਤਰਫੇ, ਮੁੜ ਮੁੜ ਦੇਖ ਦੇਖ, ਹੋਰ ਨਾ ਕੋਈ ਹੋਵੇ,
ਕਿਰਨ ਇਕ ਨ ਮੂਲ ਅੰਦਰ ਆਵੇ,
ਤਦ ਮੇਰਾ ਮੂੰਹ ਖੋਲ੍ਹਦਾ ।
ਆਪਣੀ ਹੱਥੀਂ ਮੇਰਾ ਘੁੰਘਟ ਉਹ ਰੱਬ ਚੱਕਦਾ,
ਘੁੰਘਟ, ਸੁੱਟ ਸੁੱਟ, ਚੱਕ ਚੱਕ ਤੱਕਦਾ;
ਮੇਰੇ ਨਾਲ ਝਾਤੀਆਂ ਲੈਂਦਾ,
ਕਦੀ ਟੱਕ ਬੰਨ੍ਹ ਤੱਕਦਾ ਪਿਆਰ ਉਹ,
ਤੇ ਮੁੜ ਅਨੇਕਾਂ ਨਿਗਾਹਾਂ ਨਾਲ ਤੱਕਦਾ,
ਬਹਿ ਬਹਿ, ਉਠ ਉਠ, ਖਲੋ ਖਲੋ, ਨੱਸ ਨੱਸ, ਤੱਕਦਾ,
ਪੂਰਬੋਂ ਤੱਕਦਾ, ਪੱਛਮੋਂ ਤੱਕਦਾ,
ਪ੍ਰਕਾਸ਼ ਆਪਣਾ ਮੇਰੇ ਅੰਗ ਅੰਗ ਸੁੱਟ ਕੇ
ਉਹ ਆਪ ਦੇਖਦਾ

੬

ਮਾਏ ! ਇਹ ਫੁੱਲ ਨਹੀਓਂ ਖੋਲ੍ਹਣਾ,
ਖੁੱਲ੍ਹਿਆ ਮੈਂ ਬਲ ਉੱਠਸਾਂ,
ਬਲ ਉੱਠਸਾਂ ਨੀ ਮਾਏ ! ਹਵਾ ਦੇ ਲਗਦਿਆਂ
ਇਕ ਭਾਂਬੜ ਜਿਹੀ ਮੱਚਦੀ ਮੇਰੀ ਜਵਾਨੀ,
ਮੈਨੂੰ ਕੱਜ ਕੱਜ ਰੱਖਣਾ ।

ਦੇਸ਼ ਪਿਆਰ ਪੰਜਾਬ ਮੇਰਾ

ਪੰਜਾਬ ਦੇ ਦਰਿਆ

ਰਾਵੀ ਸੁਹਣੀ ਪਈ ਵਗਦੀ ।
ਮੈਨੂੰ ਸਤਲੁਜ ਪਿਆਰਾ ਹੈ,
ਮੈਨੂੰ ਬਿਆਸ ਪਈ ਖਿੱਚਦੀ,
ਮੈਨੂੰ ਝਨਾਂ 'ਵਾਜਾਂ ਮਾਰਦੀ,
ਮੈਨੂੰ ਜੇਹਲਮ ਪਿਆਰਦਾ,
ਅਟਕਾਂ ਦੀ ਲਹਿਰਾਂ ਦੀ ਠਾਠ ਮੇਰੇ ਬੂਹੇ 'ਤੇ ਵੱਜਦੀ ।
ਖਾੜ ਖਾੜ ਚਲਣ ਵਿਚ ਮੇਰੇ ਸੁਫ਼ਨਿਆਂ,
ਪੰਜਾਬ ਦੇ ਦਰਿਆ,
ਪਿਆਰ ਅੱਗ ਇਨ੍ਹਾਂ ਨੂੰ ਲੱਗੀ ਹੋਈ,
ਪਿਆਰਾ ਜਪੁ ਸਾਹਿਬ ਗਾਉਂਦੇ, ਠੰਢੇ 'ਤੇ ਠਾਰਦੇ, ਪਿਆਰਦੇ ।

ਦੇਸ ਨੂੰ ਅਸੀਸ ਸਾਡੀ ਗ਼ਰੀਬਾਂ ਦੀ

੧

ਵੱਸਣ ਤੇਰੇ ਮਹਿਲ ਤੇ ਮਾੜੀਆਂ,
ਵੱਸਣ ਹੋਰ ਵਧ ਖ਼ੁਸ਼ ਤੇਰੀਆਂ ਨਿੱਕੀਆਂ ਨਿੱਕੀਆਂ ਝੁੱਗੀਆਂ ।
ਵੱਸਣ ਤੇਰੇ ਦੇਸ ਪ੍ਰਦੇਸ ਸਾਰੇ,
ਸੁਖੀ ਸੁਖੀ ਤੇਰੇ ਜਾਏ ਤੇ ਜਾਈਆਂ ।
ਵੱਸਣ ਤੇਰੇ ਬਾਗ਼, ਤੇਰੀਆਂ ਬਹਾਰਾਂ,
ਫੁੱਲਣ ਤੇ ਫਲਣ ਤੇਰੀ ਪੈਲੀਆਂ ।
ਜੀਣ ਤੇਰੇ ਪਿੱਪਲ ਤੇ ਅੰਬ ਪਿਆਰੇ,
ਜੀਣ ਤੇਰੀਆਂ ਸਦਾ ਸਾਵੀਆਂ ਬੋਹੜਾਂ,
ਜੀਣ ਤੇਰੇ ਤੂਤ ਸ਼ਹਤੂਤ ਸਾਰੇ,
ਜੀਣ ਤੇਰੀਆਂ ਬੇਰੀਆਂ,
ਫਲਾਹੀਆਂ ਜੀਣ, ਕਿੱਕਰ ਜੀਣ, ਜੀਣ ਤੇਰੇ ਝਾੜ ਤੇ ਝਾੜੀਆਂ ।
ਮਿੱਠੇ ਮਿੱਠੇ ਬੇਰ ਤੇਰੇ,
ਮਿੱਠੇ ਤੇਰੇ ਚਸ਼ਮਿਆਂ ਦੇ ਹੀਰੇ ਡਲ੍ਹਕਦੇ ਪਾਣੀ,

ਉੱਚੇ ਉੱਚੇ ਪਰਬਤ ਤੇਰੇ,
ਤੇਰੇ ਜੰਗਲ ਦਿਓਦਾਰ ਦੇ ਸੁਹਾਵਣੇ।
ਜੀਣ ਲੱਖਾਂ ਰੰਗ ਤੇਰੇ ਧਰਤ ਅਕਾਸ਼ ਦੇ,
ਜੀਣ ਤੇਰੀਆਂ ਸੁਆਣੀਆਂ।
ਜੀਣ ਤੇਰੇ ਮਾਲ ਡੰਗਰ,
ਜੀਣ ਜਟੀਆਂ ਦੁੱਧ ਚੋਣ ਵਾਲੀਆਂ,
ਜੀਣ ਤੇਰੇ ਬਾਲ ਸਾਰੇ, ਮੁਸ ਮੁਸ ਰੋਣ ਵਾਲੇ;
ਭਰੀਆਂ ਰਹਿਣ ਤੇਰੀਆਂ ਲੱਸੀ ਦੀਆਂ ਚਾਟੀਆਂ,
ਉੱਪਰ ਤਰਦੇ ਉਨ੍ਹਾਂ 'ਤੇ ਮੱਖਣਾਂ ਦੇ ਪਿੰਨੇ;
ਫਿਰਨ ਘੁੰਮ ਘੁੰਮ, ਸਵੇਰ ਸਾਰ, ਲਾਲ ਲਾਲ ਮਧਾਣੀਆਂ,
ਦੁੱਧ ਦਹੀਂ ਆਮ ਹੋਵੇ, ਠੰਢ ਠੰਢ ਪਾਂਦੀਆਂ।
ਜੀਣ ਤੇਰੇ ਮਜ਼ੂਰ ਤੇ ਮਜ਼ੂਰਨੀਆਂ,
ਜੀਣ ਸਾਰੇ ਕੰਮ ਕਰਨ ਵਾਲੇ,
ਜੀਣ ਤੇਰੇ ਮਹਿਲ ਉਸਾਰਨ ਵਾਲੇ,
ਨਾਲੇ ਉਹ ਜਿਹੜੇ ਇੱਟਾਂ ਫੜਾਨ ਸਿਰ 'ਤੇ ਰੱਖ ਰੱਖ ਕੇ,
ਗਾਰਾ ਉਲਾਰਨ ਵਾਲੇ ਉੱਚੀ ਉੱਚੀ ਗੋਹਾਂ 'ਤੇ।
ਥੀਂਣ ਲੰਮੇ ਹੋਰ ਲੰਮੇ, ਤੇਰੇ ਸੁਹਣੇ ਸੁਹਣੇ ਸੁਫ਼ਨੇ,
ਤੇ ਲੰਮੀਆਂ ਸਿਆਲ ਦੀਆਂ ਰਾਤਾਂ ਪਿਆਰ ਵਾਲੀਆਂ।
ਵੱਡੇ ਵੱਡੇ ਕੰਮ ਕਰੀਂ ਛੋਟੇ ਛੋਟੇ ਹੱਥਾਂ ਨਾਲ,
ਬਾਲੂਨੂੰ ਬੰਨ੍ਹੀਂ ਅਸਰਾਰ ਵਾਲੇ,
ਚੰਨ ਈਦ ਦਾ ਹੋਵੇ ਸਦਕੇ, ਇਕ ਸਾਰੀ ਦੁਨੀਆਂ ਵਾਸਤੇ।
ਕਦਮ, ਕਦਮ, ਮੈਂ ਦੇਵਾਂ ਤੈਨੂੰ
ਓ ਦੇਸ ਪਿਆਰੇ ! ਲੱਖ ਲੱਖ ਮੁਬਾਰਕਾਂ।

੨

ਮਾਣੀਂ ਮਾਣੀਂ ਤੂੰ ਸੁਹਣਿਆਂ,
ਪੀਲੀ ਪੀਲੀ ਖਿਲੀ ਸਰ੍ਹੋਂ ਦੀ ਪੈਲੀਆਂ
ਮਾਣੀਂ ਤੂੰ ਖਿੜ ਕੇ ਆਪਣੀ ਬਸੰਤ ਸਾਰੀ,
ਮਾਣੀਂ ਤੂੰ ਚਿੱਟੀ ਦੁੱਧ ਗਰਮੀਆਂ।
ਮਾਣੀਂ ਅਸਮਾਨਾਂ ਆਪਣਿਆਂ ਵਿਚ,
ਉਹ ਗੱਜ ਗੱਜ ਆਣ ਘਣਘੋਰ ਕਾਲੇ ਬੱਦਲ;
ਮਾਣੀਂ ਤੂੰ ਸਾਵਣ ਆਪਣਾ,
ਸੁਣੀਂ ਕਣੀਆਂ ਦਾ ਸ਼ੋਰ ਤੇ ਉਹ ਸੁਨੇਹੇ ਜਿਹੜੇ ਅਸਮਾਨਾਂ ਵਾਲੇ ਘੱਲਣ ਤੈਨੂੰ
ਮੀਂਹ ਪੈਂਦੇ ਵਿਚ।
ਦੌੜ ਦੌੜ ਫੜੀਂ ਬੱਦਲਾਂ ਦੀਆਂ ਸ਼ਾਲਾ ਤੂੰ,
ਤੇ ਫੜ ਫੜ ਰੱਖੀਂ ਇਹ ਸੁਹਣੀਆਂ ਘਨਘੋਰਾਂ,

ਸੇਜਲਾਂ ਤੇ ਰਾਹ ਟੁਰਦੇ ਜਾਂਦੇ ਧੱਕਾ ਧੱਕ ਭਿੱਜਣਾ ।
ਮਾਣੀਂ ਤੂੰ ਮੀਂਹ ਵਸਦੇ ਵਿਚ,
ਸਿੱਜੇ ਘੁਲੇ, ਅੰਬਾਂ ਟਪਕਦਿਆਂ ਦਾ ਚੂਸਣਾ ।
ਮਾਣੀਂ ਚਾਈਂ ਚਾਈਂ, ਪੁੱਤਰਾਂ ਦੇ ਰੰਗ ਤੂੰ,
ਤੂਤਾਂ ਦੇ ਪੀਲੇ ਹੋਏ ਪੱਤਰਾਂ ਦੀ ਰੌਣਕਾਂ ।

ਮਾਣੀਂ ਮਾਣੀਂ ਤੂੰ ਆਪਣਾ ਸਿਦਕ ਤੇ ਸਿੱਖੀ,
ਮਾਣੀਂ ਤੂੰ ਆਪਣਾ ਪਿਆਰ ਉੱਚਾ ਉਹ ਗੁਰਾਂ ਵਾਲਾ ਸਦਕੇ ।
ਗੰਢ ਪਾਈਂ ਇਹ ਤੂੰ ਪੀਡੀ,
ਰੱਖੀਂ ਟੇਕ ਤੂੰ ਸਾਰੀ ਆਪਣੀ ਸੱਚੀ ਸਰਕਾਰ 'ਤੇ ।
ਜਗਾਈਂ ਜਗਾਈਂ ਉਹ ਲਾਟ, ਵੇ ਲਾਲਾ !
ਬੁੱਝਣ ਦੇਈਂ ਨਾਂਹ ਜੋਤ ਜਿਹੜੀ ਗੁਰਾਂ ਆਣ ਸਥਾਪੀ ਤੇਰੇ ਵਿਚ,
ਦੇਖ ਜਿਹੜੀ ਬਲ ਰਹੀ ਤੇਰੇ ਦਰਿਆਵਾਂ ਦੇ ਦਿਲ ਵਿਚ,
ਉਹ ਦੇਖ ਜਿਹੜੀ ਚਮਕ ਰਹੀ ਹਿਮਾਲਾ ਦੀਆਂ ਜੋਤਾਂ ਵਿਚ,
ਉਹ ਦੇਖ, ਖੋਲ੍ਹ ਦਿਲ ਦਾ ਬੂਹਾ,
ਜਿਹੜੀ ਗੁਰਾਂ ਦੀ ਮਿਹਰ ਨਾਲ,
ਲਟ ਲਟ, ਬਲ ਰਹੀ ਤੇਰੇ ਆਪਣੇ ਅੰਦਰ ।

੩

ਬੰਨ੍ਹੀ ਆਪਣਾ ਆਪ ਤੂੰ ਚਰਨ ਕਮਲਾਂ ਨਾਲ ਪਿਆਰੇ,
ਮਰਕਜ਼ ਆਪਣੇ ਵਿਚ ਸਦਾ ਖਲੋਵੀਂ ਨਾਲ ਪਿਆਰੇ,
ਵੇ ਸੁਹਣਿਆਂ !
ਖੜਾ ਹੋ ਉਥੇ, ਮੋਢੇ ਧਰ ਡਾਂਗ,
ਬੇ-ਡਰ ਹੋ ਵੜੀਂ ਜੰਗ-ਘਮਸਾਨ ਵੇ ਦੂਲਿਆ ।
ਜਿੱਤ ਬਾਜੀ ਆਸੇਂ ਸਦਾ ਬੇ-ਖ਼ੌਫ਼, ਵੇ ਦੂਲਿਆ ।
ਸਤਿਗੁਰੂ ਜੀ ਸਦਾ ਤੇਰੀ ਕੰਡੀ ।

ਪੰਜਾਬ ਦੀ ਅਹੀਰਨ ਇਕ ਗੋਹੇ ਥੱਪਦੀ

ਓਏ ! ਕਿਧਰੇ ਨਹੀਂ ਲੱਗਦੀ ਹਵਾ ਠੰਢੀ ਪੰਜਾਬ ਵਾਲੀ ।
ਕਿਧਰੇ ਦਾ ਪਾਣੀ ਮੈਨੂੰ ਨਾ ਇਹੋ ਜਿਹਾ ਮਿੱਠਾ ਤੇ ਮਾਫ਼ਕ ।
ਇਥੇ ਪ੍ਰਦੇਸ ਝਾਗ ਜਦ ਕਦੀ ਮੈਂ ਮੁੜਿਆ,
ਫੈਲਿਆ ਮੈਂ ਅਸਮਾਨ ਵਾਂਗ,
ਟੁਰਿਆ ਸਦੀਵ ਬਾਹਾਂ ਉਲਾਰਦਾ, ਖਿਲਾਰਦਾ,
ਆਪ ਮੁਹਾਰਾ ਚਾਅ ਪਿਆ ਚੜ੍ਹਦਾ,
ਦਿਲ ਕ਼ਰਦਾ ਖ਼ੁਸ਼ੀ ਵਿਚ ਆ ਕੱਪੜੇ ਫਾੜਨ ਨੂੰ,

ਜੁੱਸਾ ਤੱਤਾ ਤੱਤਾ ਹੁੰਦਾ,
ਮੈਂ ਪੈਰ ਨ ਰੱਖਾਂ ਜ਼ਮੀਨ, ਅਸਮਾਨ 'ਤੇ ।
ਇਕ ਵੇਰੀ ਆਇਆ ਪ੍ਰਦੇਸ ਥੀਂ,
ਦੋ ਯਾਰ ਮੇਰੇ, ਇਕ ਸੱਜੇ ਇਕ ਖੱਬੇ ਨਾਲ ਸਨ,
ਤੇ ਅਸੀਂ ਬੇਪਰਵਾਹ, ਦੁਨੀਆਂ ਥੀਂ ਬੇਖ਼ਬਰੇ ਹੋਏ,
ਬੇਹੋਸ਼ ਜੇਹੇ ਖ਼ੁਸ਼ੀਆਂ ਵਿਚ;
ਖ਼ੁਸ਼ੀ ਕੌਣ ਦਿੰਦਾ ? ਇਹ ਪਤਾ ਨਾਂਹ ਕਿਸੇ ਨੂੰ;
ਇਕ ਦੂਜੇ ਨੂੰ ਜੱਫੀਆਂ ਪਾਂਦੇ,
ਅਸੀਂ ਤਿੰਨੇ ਗਏ ਲੰਘਦੇ ਗਲੀ ਲਾਹੌਰ ਦੀ ।

ਸਾਹਮਣੇ ਇਕ ਧੁੱਪ ਦੀ ਡੱਬੀ, ਕੰਧ ਨਾਲ,
ਖੜੀ ਸੀ ਇਕ ਜਵਾਨ ਕੁੜੀ, ਲੰਮੀ, ਅਹੀਰਨ ਥਾਪੀਆਂ ਗੋਹੇ ਦੀਆਂ ਥੱਪਦੀ,
ਸਿਰ ਥੀਂ ਪੱਲਾ ਮਲਮਲ ਦਾ ਪਿਆ ਉੱਡਦਾ ਹਵਾ ਵਿਚ,
ਲਹਿੰਗਾ ਸਾਵੀ ਸੂਸੀ ਦਾ, ਮੱਧਮ ਜਿਹਾ ਸਾਵਾ,
ਕੁਝ ਜ਼ਰਾ ਜ਼ਰਾ, ਕਿਧਰੋਂ ਕਿਧਰੋਂ ਫਟਿਆ, ਗੰਢਿਆ ਹੋਇਆ,
ਪਰ ਰੰਗ ਪੁਰਾਣਾ ਵੀ ਪੱਕਾ ਸੁਹਣਾ,
ਕਪੜਾ ਘਸ ਜਾਣ ਨਾਲ ਹੋਰ ਹੋਰ ਸ਼ੋਖਦਾ ।
ਵਿਚ ਪੀਲੀ ਪੀਲੀ ਪਿੜੀਆਂ, ਰੰਗ ਗੂਹੜਾ ਪੀਲਾ ।
ਕਿਨਾਰਾ ਲਾਲਾ ਰੱਤਾ ਕਿਰਮਚੀ, ਅੱਧੀ ਅੱਧੀ ਗਿਰਾਹ ਦਾ,
ਇਹ ਲਹਿੰਗਾ, ਛਲ ਛਲੇ ਹੋ ਉਸ ਅਹੀਰਨ ਦੇ ਲੱਕ ਥੀਂ ਢਹਿੰਦਾ ਸੀ,
  ਵਾਂਗ ਇਕ ਵਗਦੇ ਛੰਭ ਦੇ,

ਤੇ ਵਿਚ ਛੰਭ ਦੇ ਸੂਰਜ ਦੀ ਸੋਨੇ ਦੀਆਂ ਕਿਰਨਾਂ ਦੇ ਰੰਗ ਖੇਡਦੇ ।
ਉਤੇ ਲਹਿੰਗੇ ਦੇ ਝੱਗਾ ਕੁਝ ਮੈਲਾ ਮੈਲਾ, ਮਲਮਲ ਦਾ ਪਤਲਾ,
  ਜਨਾਨੀ ਦੇ ਗਲ ਸੀ,
ਤੇ ਬੈਠੀ ਸੀ ਥਾਪੀਆਂ ਥੱਪਦੀ ।
ਤੇ ਬੱਸ ਹੁਣੇ ਉਠੀ ਕੰਧ ਉਤੇ ਥਾਪੀ ਲਾਣ ਨੂੰ;
ਬਾਹਾਂ ਉਲਾਰਦੀ ਉਤਾਹਾਂ ਨੂੰ, ਹੱਥ ਸੱਜੇ ਉੱਤੇ ਥਾਪੀ,
ਅੱਡੀਆਂ ਚੁਕ ਚੁਕ ਕੇ ਉੱਠਦੀ ਕੰਧ ਨਾਲ, ਥਾਪੀ ਸੰਭਾਲਦੀ,
ਪੱਲਾ ਹਵਾ ਉਡਾ ਕੇ ਲੈ ਗਈ,
ਤੇ ਝੱਗਾ ਵੀ ਬਾਹਾਂ ਉਲਾਰਨ ਸਮੇਂ ਖਿੱਚ ਖਾ ਨਾਲੇ ਪਿਆ ਉੱਡਦਾ
  ਨਾਲੇ ਉਹਦੇ ਜੋਬਨਾਂ,
ਤੇ ਉੱਛਲਦੀ ਉਹ ਮਜੂਰੀ ਦੇ ਜੋਸ਼ ਵਿਚ,
ਮਜੂਰਨ ਉਹ ਕਿਸੇ ਅਣਡਿੱਠੇ ਪਿਆਰ ਦੀ,
ਮਾਂ ਬਾਲ ਬੱਚਿਆਂ ਦੀ,
ਬੱਚਿਆਂ ਦੀ ਖ਼ੁਸ਼ੀ ਖ਼ਾਤਰ ਗੋਹੇ ਪਈ ਥੱਪਦੀ ।

ਦੇਖ ਇਸ ਅਹੀਰਨ ਦੇ ਬਾਹਾਂ ਦਾ ਉਲਾਰ,
ਮੇਰੀ ਤਬੀਅਤ ਉੱਛਲੀ, ਉਤਾਹਾਂ ਨੂੰ ਜਿਵੇਂ
ਬੱਲੇ ਨਾਲ ਮਾਰ ਕੋਈ ਗੇਂਦ ਉਛਾਲਦਾ;
ਮੈਂ ਆਪ ਮੁਹਾਰਾ ਉੱਠਿਆ
ਲੰਘ ਗਿਆ ਲਟਕਦਾ ਦੋਹਾਂ ਯਾਰਾਂ ਦੀ ਬਾਹਾਂ 'ਤੇ,
ਆਪ ਮੁਹਾਰਾ ਕੁੱਦਾ, ਕੁਝ ਚੀਖ਼ਦਾ, ਕੁਝ ਗਾਉਂਦਾ ।

੨

ਮੈਂ ਤੱਕੀ ਫ਼ੀਤਿਆਂ ਕਿੰਗਰਿਆਂ ਤੇ ਗੋਟਿਆਂ,
ਤੇ ਸਾੜ੍ਹੀਆਂ ਤੇ ਚੋਲੀਆਂ ਵਿਚ ਲੱਦੀ, ਸਜੀ, ਫਬੀ ਬੰਬਈ ਸਾਰੀ,
ਪਰ ਜੀ ਮੇਰਾ ਘੁਟਦਾ ਘੁਟਦਾ, ਸੁਕਦਾ ਸੁਕਦਾ ਗਿਆ ਓਥੇ,
ਨਿੱਕਾ ਨਿੱਕਾ ਹੋਂਵਦਾ ।
ਮਹਾਰਾਸ਼ਟਰ ਵਿਚ,
ਮੈਂ ਤੱਕੀਆਂ ਸੁਹਾਗਣਾਂ;
ਮੱਥੇ ਲਾਲ ਟਿੱਕੇ ਸੁਹਾਗ ਦੇ;
ਬੜੀਆਂ ਝੋਲੀੜੀਆਂ ਸਾੜ੍ਹੀਆਂ; ਬਰਕਤੀਲੀਆਂ,
ਪੈਰ ਨੰਗੇ ਟੁਰਦੀਆਂ,
ਕੇਸਾਂ ਦਾ ਜੂੜਾ ਸੁਹਣਾ, ਫਿਰ ਫੁਲ ਟੰਗੇ ਕੇਵੜੇ ਦੇ ।
ਗੁਜਰਾਤ ਦੀਆਂ ਸੁਆਣੀਆਂ ਤੱਕੀਆਂ,
ਸੁਹਣੇ ਗੋਰੇ ਰੰਗ, ਨਕਸ਼ ਕਮਾਲ ਦੇ,
ਖਿੱਚਵੀਂ, ਭਰਵੀਂ ਸੁਹਜ ਕਮਾਲ ਦੀ,
ਮਿੱਠਾ ਮਿੱਠਾ ਪ੍ਰਭਾਵ ਉਹਨਾਂ ਦਾ,
ਬੜੀਆਂ ਹੀ ਨਰਮ ਨਰਮ ਨਾਰੀਆਂ ।

ਮਦਰਾਸ ਵਿਚ ਦੇਖੇ ਉੱਚੇ ਉੱਚੇ ਤਾਲ ਤੇ ਨਾਰੀਅਲ ਦੇ ਲੰਮੇ ਲੰਮੇ ਬਿਰਛ,
ਤੇ ਹੇਠ ਬੈਠੇ ਲੋਕ ਤੱਕੇ ਤਾਂਬੇ ਦੇ ਰੰਗ ਦੇ,
ਸੁਹਣੇ ਜ਼ਰੂਰ ਲੱਗੇ, ਨੈਣਾ ਉਨ੍ਹਾਂ ਦੇ ਮਸਤ ਸਨ,
ਪਰ ਮੈਂ ਕੁਝ ਵਹਿਸ਼ੀ ਜਿਹਾ,
ਓਥੂੰ ਹਿਰਨ ਵਾਂਗੂੰ ਨੱਸਿਆ ।

ਬੰਗਾਲ ਵਿਚ, ਮੈਂ ਦੇਖਿਆ, ਜਵਾਹਰਾਤ ਦੀਆਂ ਗਾਨੀਆਂ,
ਵੱਡੇ ਵੱਡੇ ਲੋਕ ਤੱਕੇ, ਕਈ ਮਿਰਗ ਨੈਨੀਆਂ,
ਗਹਿਮਾ ਗਹਿਮ ਸੀ, ਨਾਟਕ ਚੇਟਕ ਸੀ,
ਚਿੱਤ੍ਰ ਬਨਾਣ ਦਾ ਸਾਮਾਨ ਸਾਰਾ,
ਘਰ ਘਰ ਰੰਗ ਸਨ, ਰਸਾਂ ਦੇ ਪਾਰਖੂ,
ਪੜ੍ਹੇ ਤੱਕੇ ਪੰਡਤ ਗਿਆਨੀ ਸਨ,

ਚਤੁਰ ਸਨ, ਧਨਵਾਨ, ਵੱਡੇ ਡੂੰਘੇ ਲੋਕ ਸਨ;
ਮੈਂ ਉਥੇ ਵੀ ਦੱਬਦਾ ਦੱਬਦਾ ਗਿਆ ਸਾਂ ।
ਤੇ ਮੁੜ ਮੁੜ ਰੂਹ ਮੇਰਾ ਆਖੇ ਕਿੱਥੇ ਆ ਫਸਿਆ,
ਮੱਛੀਆਂ ਫੜਨ ਵਾਲੇ ਦੇਸ਼ ਮੈਂ !

ਅੰਗ੍ਰੇਜ਼ ਤੱਕੇ, ਅਮਰੀਕਨ ਤੇ ਜਾਪਾਨੀ ਤੱਕੇ;
ਸਭ ਖ਼ੁਸ਼ੀ ਖ਼ੁਸ਼ੀ ਵੱਸਦੇ;
ਪਰ ਉਥੇ ਕੋਈ ਨ ਬਿਰਧ ਦਿਲ ਵਾਲਾ,
ਵਿਰਲ ਜ਼ਰੂਰ ਕੋਈ ਹੋਵੇ, ਆਮ ਕਥਾਈਂ ਨਾਂਹ ।
ਘਰ ਘਰ ਕੋਈ ਡੂੰਘੀ ਜਿਹੀ ਖਾਈ ਸੀ,
ਇਹ ਖਾਈ, ਮਾਂ-ਪੁੱਤ ਵਿਚ ਤੱਕੀ, ਉਥੇ,
ਜਨਾਨੀ-ਮਰਦ ਵਿਚ ਸੀ,
ਕੋਈ ਤ੍ਰੁੱਪ ਨਾਂਹ ਸਕਦਾ ਉਹ ਖਾਈ ਅਣਦਿਸਦੀ,
ਕੁਝ ਤਿਆਗ ਤਿਆਗ ਸੀ 'ਦੂਏ' ਦਾ,
ਹੱਭਾ ਕੁਝ, ਕੁਝ ਆਪਣਾ ਆਪ ਗਰਜੀ ਸੀ, ਨਿੱਕੀ ਮੈਂ ਦਾ ਪੁਆੜਾ
ਪਿਆ ਘਰ ਘਰ,
ਮੇਰਾ ਜੀ ਕੁਝ ਘਬਰਾ ਗਿਆ,
ਇਹ ਕਿਹੇ ਲੋਕੀਂ ? ਪੈਸਾ ਸਭ ਥੀਂ ਵੱਧ ਸੰਭਾਲਦੇ ।
ਪ੍ਰਦੇਸ ਸੀ ਸਾਰਾ,
ਸੱਚੀਂ, ਇਹ ਗੱਲ ਸੀ,
ਦਿਲ ਮੇਰਾ ਸੀ ਦੇਸ਼ ਆਪਣਾ ਪੰਜਾਬ ਨੂੰ ਲੋਚਦਾ ।
ਇਉਂ ਗਾਂਦਾ ਜਾਂਦਾ ਸਾਂ ਲਾਹੌਰ ਵਿਚ,
ਦੋਹਾਂ ਯਾਰਾਂ ਦੇ ਮੋਢਿਆਂ 'ਤੇ ਗਲੀ ਗਲੀ ਉਲ੍ਹਰਦਾ;
ਆਖਾਂ, ਹੇਕਾਂ ਲਾਵਾਂ ਉੱਚੀਆਂ;

ਓਏ ! ਮੈਂ ਤੱਕਿਆ ਸਾਰਾ ਜਹਾਨ ਵੇ,
ਮੈਂ ਫਿਰ ਫਿਰ ਆਇਆ ਬੇਗਾਨੇ ਦੇਸ਼ਾਂ ਵਿਚ
ਦੇਖਦਾ ਮੈਂ ਫਿਰਿਆ ਸੁਹਣੱਪ, ਮਿੱਠਤ ਤੇ ਮਿਲਾਪ ਸਾਰਾ,
ਪਰ ਕਿਧਰੇ ਨਹੀਂ ਤੱਕੀ ਮੈਂ,
ਇਹ ਨਿਮਾਣੀ ਜਿਹੀ ਅਹੀਰਨ ਪੰਜਾਬ ਦੀ ।

ਜਿਸ ਨੂੰ ਤੱਕ ਕੇ ਮੈਂ ਦਰਿਆ ਜਿਹਾ ਹੋ ਗਿਆ,
ਮੈਂ ਵਿਚ ਹੜ੍ਹ ਦੇ ਆਏ ਖੁਲ੍ਹ ਦੇ,
ਖ਼ੁਸ਼ੀ ਦੀ ਕਾਂਗ ਆਈ ਅਗੰਮ ਦੇ ਦੇਸ਼ ਥੀਂ,
ਛੱਲ ਆਈ ਕੋਈ ਡਾਢੀ, ਮੈਂ ਵਿਚ ਰੁੜ੍ਹ ਗਿਆ ।

ਓਏ ! ਮੈਂ ਸਮੁੰਦਰ ਇਕ ਵੱਗਦਾ,
ਠਾਠਾਂ ਮਾਰਦਾ, ਮਿਲਦਾ ਹਰ ਇਕ ਨੂੰ,
ਡੁੱਬਦਾ ਡੁਬਾਂਦਾ ਵਿਚ ਰੰਗ ਆਪਣੇ,
ਮੈਂ ਜਾਂਦਾ, ਹਾਂ, ਮੈਂ ਇਕ ਸਮੁੰਦਰ ਚਾਅ ਦਾ ।

੩

ਇਥੇ ਬਾਬੇ ਦੇ ਸ਼ਬਦ ਨੇ
ਪੱਥਰਾਂ ਨੂੰ ਪਿਘਾਲਿਆ,
ਮਰਦਾਨੇ ਦੀ ਰਬਾਬ ਵੱਜੀ
ਪਰਬਤਾਂ ਸਲਾਮ ਕੀਤਾ,
ਬੂਟਾ ਬੂਟਾ ਵਜਦ ਵਿਚ ਨੱਚਿਆ,
ਪੰਜਾਬ ਦੀ ਮਿੱਟੀ ਦਾ ਜ਼ੱਰਾ ਜ਼ੱਰਾ ਕੰਬਿਆ ਪਿਆਰ ਵਿਚ,
ਉਸੇ ਇਲਾਹੀ ਸੁਰ ਵਿਚ ਦਰਿਆ ਪਏ ਵਗਦੇ ।
ਇਹ ਨਵੇਂ ਸੱਜਰੇ ਬਰਫ਼ਾਨੀ ਦਰਿਆਵਾਂ ਦਾ ਦੇਸ਼ ਹੈ ।
ਦਰਿਆ ਹੋ ਰਹਿਣਾ, ਦਰਿਆ ਹੋ ਜੀਣਾ, ਇਥੇ ਇਹ ਸਤਿਗੁਰਾਂ ਦਾ ਆਦੇਸ਼ ਹੈ।
ਦਰਿਆਵਾਂ ਦੇ ਮੇਲੇ ਇਥੇ,
ਦਰਿਆਵਾਂ ਵਾਲੇ ਵਿਛੋੜੇ,
ਡੂੰਘੇ ਤੇ ਲੰਮੇ ਸਾਰੇ,
ਵਡੇ ਵਡੇ ਦਰਦ ਓ ।

ਇਥੇ ਖੁੱਲ੍ਹ ਦਾ ਮੈਦਾਨ ਹੈ,
ਇਥੇ ਪਿਆਰ ਤੇ ਹੜ੍ਹਾਂ ਦਾ ਆਵੇਸ਼ ਹੈ,
ਇਥੇ ਪਹਾੜ ਪਿਆਰ ਵਿਚ ਪਿਘਲਦੇ ।
ਇਥੇ ਕੋਈ ਅਣਪਛਾਤਾ ਜਿਹਾ ਇਲਾਹੀ ਸੁਆਦ ਹੈ ।

ਮੈਨੂੰ ਪੰਜਾਬ ਜਿਹਾ ਮੁਲਖ ਕੋਈ ਹੋਰ ਨਾਂਹ ਦਿੱਸਦਾ,
ਵੱਸਦਾ ਤੇ ਹੱਸਦਾ ਖੇਡਦਾ, ਮਜੂਰੀ ਕਰਦਾ ਪਿਆਰ ਦੀ,
ਤੇ ਖੇਡਦਾ, ਤੇ ਖੁੱਲ੍ਹਾ ਖੁੱਲ੍ਹਾ, ਕੋਲਾ ਮੋਲਾ, ਅਜਬ ਫ਼ਕੀਰਾਂ ਦਾ ਘਰ ਹੈ
ਇਥੇ ਖੁੱਲ੍ਹਾ ਪਿਆ ਵੱਸਦਾ ।
ਇਹ ਗੁਰਾਂ ਵਾਲੀ ਧਰਤੀ ਹੈ,
ਇਥੇ ਸੱਚਾ ਦਰਬਾਰ ਹੈ,
ਇਥੇ ਦਿਲ ਪਿਆ ਝੁਕਦਾ,
ਸਿਰ ਪਿਆ ਨਿੰਵਦਾ,
ਇਥੇ ਪਿਆਰਾਂ ਮੱਲੋ ਮੱਲੀ ਪੈਂਦੀਆਂ,
ਇਥੇ ਹੁਸਨ ਦੀ ਸਰਕਾਰ ਦੇ ਤੰਬੂ ਆਣ ਲੱਗਦੇ,
ਇਥੇ ਗੋਬਿੰਦ ਸਿੰਘ ਪਿਆਰਾ ਰਾਖਾ ਸਾਡਾ;

ਇਹ ਥਾਂ ਸੱਚੇ ਪਾਤਸ਼ਾਹ ਦੀ,
ਇਥੇ ਉਸ ਪਿਆਰੇ ਦਾ ਮਿੱਠਾ ਮਿੱਠਾ ਆਸਰਾ ।

ਹੀਰ ਤੇ ਰਾਂਝਾ

੧

ਆ—ਵੀਰਾ ਰਾਂਝਿਆ !
ਆ—ਭੈਣੇਂ ਹੀਰੇ !
ਸਾਨੂੰ ਛੋੜ ਨਾ ਜਾਵੋ,
ਬਿਨ ਤੁਸਾਂ ਅਸੀਂ ਸੱਖਣੇ ।

ਤੇ ਦੇਖਾਂ ਮੁੜ ਇਸ਼ਕ ਦਾ ਬੀਅ ਅੰਗੂਰਦਾ,
ਵੇਖਾਂ ਨਵੀਆਂ ਕੌਂਪਲਾਂ ਲਾਲ ਲਾਲ ਵੋ,
ਤੇਰੇ ਅੰਦਰ ਦੇ ਲੱਖ ਸੁਹਣੱਪ ਵੇਖਾਂ,
ਤੇਰੇ ਦਿਲ ਦੀਆਂ ਤੜਪਾਂ ਬੇਸ਼ੁਮਾਰ ਵੋ ।

ਇਕ ਹੀਰ ਅੱਖਰ ਤੇਰੀ ਕੰਨੀਂ ਪਿਆ,
ਤੂੰ ਹੋ ਗਿਆ ਵੀਰਾ ! ਸ਼ਹੁ ਦਰਿਆ ਵੋ,
ਜਿਹਦਾ ਨਾ ਆਰ ਨਾ ਪਾਰ ਵੋ ।

ਤੇਰਾ ਕਦਮ ਮਿੱਟੀ ਪੰਜਾਬ 'ਤੇ ਮੁੜ ਪੈਂਦਾ ਦੇਖਾਂ,
ਤੇਰੇ ਦਿਲ ਦਾ ਉਛਾਲਾ ਸੁਣਾਂ ।
"ਮੈਂ ਲਿਆਸਾਂ ਚੰਨ ਸਿਆਲ ਨੂੰ !"

੨

ਝਨਾਂ ਦੇ ਕੰਢੇ ਖੜਾ ਵੇਖਾਂ ਤੈਨੂੰ,
ਮੋਢੇ ਤੇਰੇ ਕਮਲੀ ਤੇ ਜੱਟਾਂ ਵਾਲੀ ਡਾਂਗ,
ਹੱਥ ਵਿਚ ਬਾਂਸਰੀ,
ਤੇ 'ਹੀਰ' 'ਹੀਰ' ਬੋਲੇ ਤੇਰੀ ਬਾਂਸਰੀ,
ਟੁੱਟੇ ਸੁਣ ਤੇਰੀ ਬਾਂਸਰੀ ਜ਼ਮੀਨ ਅਸਮਾਨ ਵੋ !

ਤੇਰੀ ਬਾਂਸਰੀ ਦੀ ਸੱਦ ਉੱਠੇ,
ਹਿੱਲੇ ਸਾਰਾ ਜਹਾਨ ਵੋ,
ਦਰਿਆ ਦੌੜ ਆਵਣ ਤੇ ਠਹਿਰ ਪੁੱਛਦੇ ਤੈਨੂੰ,
'ਕੀ ਬੁਲਾਇਆ ਸਾਨੂੰ ਤੇਰੀ ਬਾਂਸਰੀ ?'
ਪੰਖੇਰੂ ਝੁੰਡਾਂ ਦੇ ਝੁੰਡ ਆਵਣ ਉੱਡਦੇ,

ਨੈਣਾਂ ਨਾਲ ਸੁਣਨਾ ਚਾਹਵਾਨ ਤੇਰੀ ਸੱਦ,
ਧਰੂੰਦੀ ਸਭ ਨੂੰ ਇਉਂ ਤੇਰੀ ਬਾਂਸਰੀ ।

ਸ਼ੇਰ ਆਵਣ ਦੌੜਦੇ, ਪੈਰ ਤੇਰੇ ਚੁੰਮਣ,
ਭੇਡ ਤੇ ਬਘਿਆੜ ਸਾਰੇ ਭੁੱਲ ਆਪਣੇ ਵੈਰ ਆਂਵਦੇ ।
ਪਹਾੜ ਉੱਠੇ, ਨੱਚੇ, ਉੱਛਲੇ,
ਆਖਣ ਕੂਕਦੇ—"ਕੀ ਲੋੜ ਪਈ ਸਾਡੀ ਤੈਨੂੰ ?
ਦੱਸ ਟੁਰ ਚੱਲੀਏ ਜਿਥੇ ਤੇਰੀ ਮਰਜ਼ੀ ।"

ਵਾਹ ! ਵਾਹ ! ਮਸਤ ਪੰਜਾਬੀਆ !
ਬਾਂਸਰੀ ਆਪਣੀ ਵਿਚ ਮਸਤ ਤੂੰ,
'ਹੀਰ' 'ਹੀਰ' ਬੋਲੇ ਤੇਰੀ ਬਾਂਸਰੀ ।

ਲੋਕਾਈਆਂ ਆਈਆਂ ਦਿਸਦੀਆਂ, ਅਣਦਿਸਦੀਆਂ,
ਬਾਂਸਰੀ ਸੁਣ ਤੇਰੀ ਰੱਜ ਰੱਜ ਗਈਆਂ,
ਜਿਵੇਂ ਆਣ ਲੱਖ ਹਜ਼ਾਰ ਘੜੇ ਵਾਲੀਆਂ,
ਭਰ ਭਰ ਜਾਵਣ ਸਾਰੀਆਂ ਦਰਿਆ ਝਨਾਂ ਦਾ ਪਾਣੀ ।
ਸੁਫ਼ਨੇ ਵਿਚ ਬੱਧਾ ਰਾਂਝਾ ਕਿੱਥੇ ਬੋਲਦਾ,
ਸਭ ਵੇਖ ਵੇਖ ਅਸੀਸਾਂ ਦਿੰਦੀਆਂ ਗਈਆਂ ਤੈਨੂੰ ।

ਤੇਰੀ ਬਾਂਸਰੀ ਦੀ ਸੱਦ,
ਅੱਗ ਪਈ ਲਾਉਂਦੀ ਹਵਾਵਾਂ ਨੂੰ, ਛਾਵਾਂ ਨੂੰ,
ਦਰੱਖਤ ਵੀ ਉਠ ਸਾਰੇ ਨੱਚਦੇ,
ਤੇਰੀ ਬਾਂਸਰੀ, ਇਕ ਮਨ ਸਾਰਾ, 'ਹੀਰ' 'ਹੀਰ' ਬੋਲਦੀ ।
ਆ ਹੀਰੇ ! ਦੇਖ ਤੇਰੇ ਪੱਤਣ ਆਣ ਅੱਜ ਉਤਰਿਆ,
ਇਕ ਪਾਤਸ਼ਾਹ ਦਿਲ ਦਾ;
ਜੋਗੀਆਂ ਵਾਲੇ ਰੇਖ ਉਸ ਦੇ,
ਕੁਝ ਅਗੰਮ ਦੇ ਲੇਖ ਉਸ ਦੇ,
ਇਕ ਸੁਹਣਾ ਰੱਬ ਜਿਹਾ ਆਦਮੀ ।

ਆ, ਧੀਏ ਸਿਆਲਾਂ ਦੀਏ !
ਪੈਰਾਂ ਵਿਚ ਪੰਜੇਬਾਂ ਤੇਰੇ,
ਸੁੱਥਣ ਤੇਰੀ ਊਦੀ, ਗੁਲਬਦਨ ਬੁਖ਼ਾਰੇ ਦੀ,
ਝੱਗਾ ਤੇਰਾ ਨੀਲਾ, ਅਸਮਾਨ ਸਾਰਾ,
ਜਿਸ ਉੱਤੇ ਗੋਟਾ ਕਿਨਾਰੀ ਚਮਕੇ ਵਾਂਗ ਬਿਜਲੀਆਂ,
ਗਲੇ ਵਿਚ ਤੇਰੇ ਕੋਈ ਮਾਂ—ਦਿਤੀ ਸੁਹਣੀ ਮੋਤੀਆਂ ਦੀ ਗਾਨੀ

ਤੇ ਕਲਾਈਆਂ ਵਿਚ ਕਿਰਕਿਟੀਆਂ ਵਾਂਗ ਚਮਕਣ ਜਵਾਹਰਾਤ ਦੀਆਂ ਪੌਂਚੀਆਂ ।
ਕੁਵਾਰੀਏ, ਸਾਰਾ ਸੁਹਜ ਸ਼ਿੰਗਾਰ ਹੋਵੇ,
ਤੇ ਸੋਭਾ ਪਾਵੇ ਤੇਰੀ ਬੇਖ਼ਬਰੀ ਦੀਆਂ ਜਵਾਨੀਆਂ ।

ਆ, ਝਨਾਂ ਦੇ ਪੱਤਣ ਮੁੜ ਬਾਹਰ ਖੇਡਦੀ,
ਤੈਨੂੰ ਦਮ ਬਦਮ ਰਾਂਝਾ ਕੂਕਦਾ,
ਰਾਂਜੇ ਦੀ ਬਾਂਸਰੀ 'ਹੀਰ' 'ਹੀਰ' ਬੋਲਦੀ,
ਰਾਂਜੇ ਦੀ ਹੱਡੀ ਹੱਡੀ 'ਹੀਰ' 'ਹੀਰ' ਖੜਕਦੀ ।
ਆ ਹੀਰੇ ਓਹੋ ਤੇਰਾ ਚਿਹਰਾ ਹੋਵੇ ।
ਚੰਨਾ ਕੋਲੋਂ ਸੁਥਰਾ,
ਤਾਰਿਆਂ ਕੋਲੋਂ ਤ੍ਰਿਖ਼ਾ,
ਚੜ੍ਹੇ ਓਹੋ ਮੁੜ ਇਕ ਵੇਰ ਪੰਜਾਬ 'ਤੇ,
ਸਿਆਲਾਂ ਵਾਲਾ ਓਹੋ ਸੁਹਣੱਪ ਦਾ ਸੂਰਜ,
ਜਿਸ ਦੀ ਝਨਾਂ ਦੀ ਛਾਤੀ ਹਾਲੇ ਤਕ ਮੂਰਤ ਲਟਕਦੀ ।
ਤੇ ਮੁੜ ਉਹ ਸੂਰਜ ਖਿੱਚੇ ਕੁਲ ਪਾਣੀਆਂ,
ਸਭ ਨੂੰ ਸੁਕਾਵੇ, ਲੋਕਾਈ ਸਾਰੀ ਤਰਸਾਵੇ,
ਉੱਚਾ ਹੋਵੇ ਗਗਨੀ !
ਤੂੰ ਧੀ ਪਾਤਸ਼ਾਹਾਂ ਦੀ,
ਇਕ ਅਸਗਾਹ ਨੀਲਾਣ ਹੋਵੇ,
ਇਕ ਹੋਵੇ ਅਸਮਾਨ 'ਤੇ ਤੇਰਾ ਝੱਗਾ,
ਅਰਸ਼ ਤੇ ਜ਼ਮੀਨ ਇਕੱਠੇ ਇਕ ਥਾਂ ਤੇਰੇ ਰੂਪ ਵਿਚ
ਤੇ ਖਿੱਚੀ ਤੇਰੇ ਰੂਪ ਵਿਚ, ਜਿੰਦ ਸਾਰੀ ਜਾਨ ਹੋਵੇ;
ਦੁਨੀਆਂ ਸਾਰੀ ਸੁੱਟੀ, ਪਰ ਪਿੱਛੇ ਇਕ ਕਾਲਖ਼ ਸਿਆਹ ਹੋਵੇ;
ਹੋਵੇ ਨਿਰੋਲ ਤੇਰੇ ਮੁਖੜੇ 'ਤੇ ਚਾਨਣ ਬੇਅੰਤ ।
ਹੀਰ ਹੋਵੇ ਸਾਡੇ ਪੰਜਾਬ ਦੀ,
ਰੱਬ ਦੀ ਸ਼ਾਨ ਸਾਰੀ ਆਨ ਉਥੇ ਉਤਰੇ,
ਇਕ ਵੇਰੀ ਫਿਰ ਮੁੜ ਮੁੱਢੋਂ ਸੁੱਢੋਂ ਉਹੋ ਦੀਦਾਰ ਹੋਵੇ,
ਤੇਰਾ ਚਿਹਰਾ ਸਾਰਾ ਨੂਰ-ਪੁਰ-ਨੂਰ ਹੋਵੇ,
ਨਿਸ਼ਾਨੀਆਂ ਸਭ ਮਿਲਣ ਰਾਂਝੇ ਨੂੰ ਹੀਰ ਦੀਆਂ !

ਉਧਰ ਰਾਂਝੇ ਜਿਹਾ ਆਦਮੀ,
ਸੱਤਾਂ ਪੱਤਣਾਂ ਦਾ ਤਾਰੂ,
ਸੁੱਤਾ ਹੋਵੇ ਬਿਨ ਪੁੱਛੇ ਆਣ ਤੇਰੀ ਕਿਸ਼ਤੀ,
ਜਿਥੇ ਕੋਈ ਨਹੀਂ ਉਹਨੂੰ ਜਾਣਦਾ,
ਬੇਨਿਸ਼ਾਨ ਜਿਹਾ, ਬੇ ਨਾਮ ਜਿਹਾ ਇਕ ਆਦਮੀ
ਝਨਾਂ ਦੀ ਰੁਮਕਦੀ ਹਵਾ ਆਵੇ,

ਪਟਿਆਂ ਨੂੰ ਰਾਂਝੇ ਦੇ ਨਰਮ ਨਰਮ ਹੱਥਾਂ ਨਾਲ ਛੇੜੇ,
ਖੋਹਲੇ ਤੇ ਮੋੜੇ, ਜੋੜੇ ਤੇ ਘੁੰਘਰਾਂ ਨੂੰ ਨਿਖੇੜੇ,
ਕਦੀ ਸੁੱਟੇ ਮੱਥੇ 'ਤੇ, ਕਦੀ ਸੁੱਤੇ ਹੋਏ ਰਾਂਝੇ ਦੀਆਂ ਅੱਖੀਆਂ ਉੱਤੇ,
ਕਦੀ ਚੁੱਕ ਚੁੱਕ ਕੇ ਰੱਖੇ ਅੰਦਾਜ਼ ਨਾਲ ਲਾਲ ਲਾਲ ਭਖ਼ਦੀਆਂ ਗਲ੍ਹਾਂ 'ਤੇ
ਤੇ ਉਹ ਨਸ਼ੀਲੀ ਜਿਹੀ ਮਸਤ ਹਵਾ ਖਲੋ ਖਲੋ ਤੱਕੇ,
ਤੇ ਨੈਣ ਬੰਦ ਕਰ ਕਰ ਤੱਕੇ, ਮੂਰਤ ਹੋਇਆ ਆਦਮੀ,
ਪੁੱਛੇ ਕਿੰਜ ਕਾਦਰ ਦੀ ਤਸਵੀਰ ਚੰਗੀ ਲੱਗਦੀ !

ਉਧਰੋਂ ਹੀਰ ਆਵੇ, ਤੱਕੇ ਖਲੋਵੇ;
ਦੰਦ ਪੀੜੇ ਆਪਣੇ, ਗੁੱਸੇ ਨਾਲ ਬਾਹਰੋਂ ਪਿਆਰ ਨਾਲ ਅੰਦਰੋ,

ਆਹਾ ! ਅੰਦਰ ਤੇ ਬਾਹਰ ਉਸ ਦੇ,
ਬਾਗ਼ ਖਿੜਿਆ ਹਮੇਸ਼ ਵਾਲਾ,
ਫੁੱਲਾਂ ਦੇ ਫੁੱਲ ਵੇਖਣ ਟੁਰਦੇ,
ਫੁੱਲ ਫੁੱਲ ਅੰਦਰ ਕਿਰਦੇ ਹੀਰ ਦੇ,
ਫੁੱਲਾਂ ਦੇ ਮੀਂਹਾਂ ਵਿਚ ਸੋਹਣੀ ਘਿਰ ਗਈ ।

ਹਵਾ ਨੂੰ ਜੀਭਾਂ ਲੱਗੀਆਂ,
ਦਿਨ ਦਿਹਾੜੀਂ ਤਾਰੇ ਬੋਲਦੇ,
ਝਨਾਂ ਦੀ ਲਹਿਰ ਛਾਲ ਮਾਰ ਆਈ ਉਹਦੀ ਝੋਲ ਵਿਚ,
ਵੱਟਾ ਵੱਟ, ਬੂਟਾ ਬੂਟਾ ਕੂਕਿਆ,
ਬਨ ਪੰਖੇਰੂ ਉਹਦਾ ਨਾਮ ਲੈਂਦੇ ।
ਜਿਸ ਹੀਰ ਦਾ ਰੂਹ ਭਰਿਆ ਆਪੇ ਨਾਲ,
ਸਦੀਆਂ ਦੀ ਚੁੱਪ ਟੁੱਟੀ,
ਬੋਲਿਆ ਉਹ ਬੇਬਸ ਹੋ,
ਰਗ ਰਗ ਹੀਰ ਦੀ ਚੀਖ਼ਦੀ, ਪੀੜ ਜਿਹੀ ਖ਼ੁਸ਼ੀ ਵਿਚ !

ਹੀਰ ਨੂੰ ਹੋਰ ਕੁਝ ਨਾ ਸੁੱਝਿਆ,
ਬੱਸ ਆਪਣੀ ਸੁਹਣੱਪ ਉਹ ਤੋੜ ਤੋੜ ਵਾਰਦੀ,
ਆਪਣੇ ਹੋਠਾਂ 'ਤੇ ਆਪ ਬੈਠ ਲੀਰਾਂ ਲੀਰਾਂ ਹੋ ਉਹ,
ਰਾਂਝੇ ਦੇ ਸੁਹਣੱਪ ਨੂੰ ਕੱਜਦੀ,
ਹਾਏ ! ਆਖਦੀ, ਇਹ ਮਾਲ ਰੱਬ ਨਾਂਹ ਚੁਰਾ ਲਏ ।

ਹੀਰ ਮੂੰਹੋਂ ਬੋਲਦੀ —
ਜਾਗ ਵੇ ਦਿਲਾ ਜਾਗ !
ਇਥੇ ਗੁਸਤਾਖ਼ਾਂ ਨੂੰ ਸੂਲੀਆਂ,

ਇਹ ਅੰਨਿਆਂ ਦਾ ਦੇਸ਼ ਹੈ,
ਨੱਸ, ਉੱਠ, ਓ ਲਾਲ ਵੇ ।
ਕਿੱਥੇ ਤੇਰਾ ਘਰ ਵੇ ?
ਇਥੇ ਕਿੰਜ ਆ ਗਿਉਂ ਵੇ ?
ਜਾਗ ਵੇ ਜਾਗ ਰੱਬ ਜਿਹਾ ।
ਦੱਸ ਤੂੰ ਕੌਣ ਹੈਂ ?
ਆ ਮੋੜ ਭੇਜਾਂ ਤੈਨੂੰ ਉਸ ਅਮੀਰ ਮਾਂ-ਝੋਲ ਵੇ, ਜਿੱਥੇ ਤੂੰ ਪਲ ਰਿਹੋਂ !
ਲਾਲ ਵੇ, ਲਾਲ ! ਇਹ ਕਿਹੀਆਂ ਬੇਪਰਵਾਹੀਆਂ ।
ਕਿਸ ਦੇਵੀ ਜਾਇਆ, ਪੂਰਾ ਕਮਾਲ ਤੇਰੇ ਜਿਹਾ ?
ਉਹ ਕਿਹੜੀ ਆਲੀਸ਼ਾਨ ਕੁੱਖ ਵੇ ?

ਸੁੱਤਾ ਰਾਂਝਾ ਜਾਗਿਆ,
ਅੱਖ ਖੋਹਲ ਜੂ ਵੇਖਿਆ, ਹੀਰ ਸੀ ।
ਹੀਰ ਬੇਹਦ ਬੇਹਾਲ ਖੜੀ ਸੀ,
ਰੂਹ ਟੁਕੜੇ ਟੁਕੜੇ ਕਰ ਵਾਰ ਚੁਕੀ ਸੀ,
ਲੀੜੇ ਸਭ ਪਿਆਰ ਦੀ ਕਚੀਚ ਵਿਚ ਲੀਰ ਲੀਰ ਕਰ ਚੁਕੀ ਸੀ ।
ਅਮੀਰਜ਼ਾਦੀ ਸਿਆਲਾਂ ਦੀ ਗ਼ਰੀਬ ਹੋ ਖੜੀ ਸੀ,
ਕੰਗਾਲ ਜਿਹੀ ਖੜੀ ਸੀ ਕਿਸੇ ਉੱਚੇ ਮਹਿਲ ਦੇ ਦਰੇ 'ਤੇ ।
ਖ਼ੈਰ ਮੰਗਦੀ ਸੀ ਕਿਸੇ ਪਾਸੋਂ, ਚੁੱਪ ਸੀ,
ਝੋਲੀ ਅੱਡੀ, ਭੁੱਖੀ ਭਾਣੀ ਖੜੀ ਸੀ,
ਖੜੀ, ਖੜੀ ਬੁੱਤ ਹੋ ।
ਚੁੱਪ ਉਹਦੀ ਇਉਂ ਅਰਜ਼ ਕਰੇ :-
ਸੁੱਤਾ ਜੇ ਹੈਂ, ਤਾਂ ਹੋਰ ਸੈਂ,
ਜੇ ਜਾਗਿਆ ਹੈਂ, ਤਾਂ ਉੱਠ ਨਾਂਹ,
ਉੱਠਿਆ ਹੈਂ, ਤਾਂ ਹਿੱਲ ਨਾਂਹ,
ਹਿੱਲਿਆ ਹੈਂ, ਤਾਂ ਬਹਿ ਨਾਂਹ,
ਬੈਠਿਆ ਹੈਂ, ਤਾਂ ਖਲੋ ਨਾਂਹ
ਖਲੋਤਾ ਹੈਂ, ਤਾਂ ਹੱਲ ਨਾਂਹ, ਚੱਲ ਨਾਂਹ,
ਗਹੁ ਸਦੀਵ ਮੇਰੇ ਸਾਹਮਣੇ ।
ਨੈਣਾਂ ਮੇਰੀ ਅਜ਼ਲ ਥੀਂ ਭੁੱਖੀਆਂ,
ਤੂੰ ਮੇਰੀ ਰੋਟੀ,
ਓ ਪਿਆਰ ਦੇ ਚਮਕਦੇ, ਡੁੱਲ੍ਹਦੇ ਸੋਮਿਆਂ !
ਮੈਂ ਹੋਵਾਂ ਤੂੰ ਹੋਵੇਂ,
ਹੋਰ ਨਾਂਹ ਕੋਈ ਜਹਾਨ ਹੋਵੇ ।
ਨੈਨ-ਬੱਧੀ, ਦਿਲ ਬੱਧੀ, ਜਿਸਮ ਤੇ ਜਾਨ-ਬੱਧੀ,
ਤੱਕਾਂ ਸਦਾ ਮੈਂ ਤੈਨੂੰ ਸਾਹਮਣੇ ।

ਅੱਖਾਂ ਨਾ ਝਮਕਣ ਮੂਲੋਂ,
ਦਿਲ ਦੀ ਚਾਲ ਬੇਮਲੂੰਮ, ਮੱਧਮ,
ਸਾਹ ਦਾ ਪਤਾ ਨਾਂਹ, ਆਵਾਜ਼ ਹੋਵੇ,
ਇਉਂ ਖੜੀ ਹੋਵਾਂ ਤੇਰੇ ਸਾਹਮਣੇ ।
ਮੈਂ ਤੇਰੇ ਸਾਹਮਣੇ,
ਤੇ ਚਾਰੇ ਨੈਣ ਗਾਂਦੇ ਪਿਆਰ ਹੋਵਨ ।

ਓਧਰ ਰਾਂਝਾ ਵੇਖਦੇ ਸਾਰ ਆਖਦਾ—
ਹੀਰ ਇਹ ਹੈ, ਇਸ ਵਿਚ ਸ਼ੱਕ ਨਹੀਂ,
ਅਣਡਿੱਠੀ ਨੂੰ ਪਛਾਣਦਾ, ਦਿਲ ਦੀ ਢੋ ਨਾਲ ।
ਰੂਪ ਤੱਕੇ ਹੀਰ ਦਾ ਖੜਾ ਨੰਗਾ,
ਤੇ ਬਿਜਲੀਆਂ ਦੇ ਫ਼ੀਤਿਆਂ ਦੇ ਫਟੇ ਜਿਹੇ ਕਪੜੇ,
ਲੀਰਾਂ ਲੀਰਾਂ, ਛੱਜ ਛੱਜ, ਨੂਰ ਦੀਆਂ ਲਮਕਦੀਆਂ ।
ਹਵਾ ਝਨਾਂ ਦੇ ਮਸਤ ਅਲਮਸਤ ਝੋਂਕਿਆਂ ਨਾਲ,
 ਮੁੜ ਮੁੜ ਹਿਲਦੀਆਂ ਉਹ ਸਾਰੀਆਂ,
ਕਦੀ ਕੋਈ ਹਿੱਸਾ ਨੰਗਾ ਕਰਨ ਜ਼ਰਾ ਜ਼ਰਾ,
ਅੱਧਾ ਦੱਸਣ, ਅੱਧਾ ਕੱਜਣ ਵਾਂਗ ਮੌਜ ਦਰਿਆਵਾਂ,
ਇਸ ਅਗੰਮ ਸਤੋਗੁਣੀ ਸੁਹਣੱਪ ਨੂੰ ।

ਖੇੜੇ ਲੈ ਗਏ,
ਕੁਰਲਾਉਂਦੀ ਹੀਰ ਸਿਆਲ ਨੂੰ,
ਵਿਛੜੀ ਰਸਣੀ ਹੰਸ ਥੀਂ
ਦੋਵੇਂ ਕੂਕਦੇ ਕੁਰਲਾਉਂਦੇ, ਅਸਗਾਹ ਬਣੀ ਅਕਲ ਵਿਚ,
ਹਨੇਰਾ ਹੋਇਆ ਜਗਤ ਸਾਰਾ,
ਸੂਰਜ ਡੁੱਬਿਆ ਦੋਹਾਂ ਲਈ,
ਤਾਰੇ ਹਿਸੇ, ਚੰਨ ਢਹਿ ਪਿਆ,
ਹਨੇਰੇ ਦੇ ਦੋ ਪਾਟ ਹੋਏ,
ਇਕ ਵਿਚ ਢੱਠੀ ਹੀਰ, ਹੱਥ ਪੈਰ ਮਾਰਦੀ,
ਦੂਜੇ ਵਿਚ ਡੁੱਬਾ ਰਾਂਝਾ ਤਰਨ ਦੀ ਕਰਦਾ ।
ਪਿਆਰ ਨਾਲ ਜਹਾਨ ਵੇ ।
ਪਿਆਰ ਥੀਂ ਵਿੱਛੜ ਮੌਤ ਇਹ ਜਹਾਨ ਵੇ,
ਆਸ ਬਚਾਉਂਦੀ ਦਿਲ ਨੂੰ ਧੜਕਾਉਂਦੀ ਚਲਾਉਂਦੀ,
ਨਹੀਂ ਦਿਲ ਜ਼ਰੂਰ ਖਲੋਂਦਾ ਇਸ ਥਾਂ,
ਉਸ ਘੜੀ ਹੀ ਜਦੋਂ ਵਿਛੋੜਾ ਲੁਹਾਰ-ਸੱਟ ਮਾਰਦਾ ।

ਜਗਤ ਸਾਰਾ ਖ਼ਾਲੀ,

ਹਨੇਰਾ ਇਕ ਸਾਗਰ ਜਿਹਾ ਅਨੰਤ ਹੈ,
ਡੂੰਘਾ ਤੇ ਕਾਲਾ, ਹੜ੍ਹਾਂ ਦੇ ਹੜ੍ਹ ਵੇ ।
ਕਿਰਨ ਇਕ ਨਾ ਦਿਸਦੀ, ਜਗਤ ਸਾਰੇ ਦੀ ਮੱਸਿਆ ।
ਹੱਥ ਪੈਰ ਕੋਲਾ ਜਾਪਦੇ,
ਜੁੱਸਾ ਇਕ ਕਾਲਖ਼ ਦਾ ਸਾਇਆ ਜਿਹਾ, ਹਿੱਲਦਾ, ਜੁਲਦਾ, ਕੰਬਦਾ ।
ਤੇ ਇਸ ਪਰਲੇ ਬੇਅੰਤ ਵਿਚ,
ਇਸ ਕੋਹਾਂ ਡੂੰਘੀ ਅਕਲ ਵਿਚ
ਇਸ ਮੌਤ ਵਰਗੀ ਚੁੱਪ ਵਿਚ,
ਦੋ ਬਿਰਹੋਂ ਦੀਆਂ ਕੂਕਾਂ,
ਪੁਲਾੜਾਂ ਨੂੰ ਫਾੜਦੀਆਂ ।
ਮਤੇ ਕਿਧਰੇ ਪ੍ਰਕਾਸ਼ ਫਟੇ,
ਵਿਛੜੀਆਂ ਡਾਰ ਦੀਆਂ ਕੂੰਜਾਂ ਨੂੰ ।

ਹੀਰ ਆਖਦੀ :
ਰਾਂਝਿਆ ! ਤੇਰੀਆਂ,
ਦਿੱਸੇ ਹੋਰ ਨਾ ਕੋਈ, ਮੈਨੂੰ,
ਨੈਨ ਮੇਰੇ ਕਮਲੇ,
ਬਾਹਾਂ ਤੇਰੀਆਂ, ਵੀਣੀਆਂ, ਉਂਗਲਾਂ,
ਹੱਥ ਤੇਰੇ ਤੇ ਅਰਕਾਂ ਮੋਢੇ ਤੇਰੇ, ਤੇਰੀਆਂ,
ਗਰਦਨ ਤੇਰੀ, ਮੁੜ ਮੁੜ ਚੱਕੇ ਸਿਰ ਇਹ,
ਉਠਾ ਕਰ ਉਤੇ ਪਾਣੀਆਂ ਦੇਖੇ, ਕਿਧਰੇ ਦਿੱਸੇਂ ਤੂੰ ਰਾਂਝਣਾ !
ਮੁੜ ਧੌਣ ਡਿੱਗੇ ਕਾਲੇ ਜਲਾਂ 'ਤੇ, ਹਨੇਰਿਆਂ ਉਪਰ ਤਰਦੀਆਂ,
ਧੌਣ ਇਹ ਤੇਰੀ ਕੂੰਜ ਦੀ, ਸਦਕੇ ਤੇਰੀਆਂ,
ਨੈਣ ਵਿਛਦੇ ਇਹ ਮੁੜ ਮੁੜ, ਆਖਣਾ ਅਸੀਂ ਰਾਹ ਤੇਰੇ,
ਸਿਰ ਪਿਆ ਆਖਦਾ, ਫ਼ਰਸ਼ ਤੇਰਾ, ਸਦਕੇ ਤੇਰੀਆਂ,
ਸਿਰ ਤੇਰਾ, ਧੌਣ ਤੇਰੀ, ਨੈਨ ਤੇਰੇ, ਭਰਵੱਟਿਆਂ,
ਇਹ ਰੁਖ਼ਸਾਰ ਤੇਰੇ, ਹੋਠ ਤੇਰੇ, ਕੰਨ ਤੇ ਵਾਲੀਆਂ,
ਮੱਥਾ ਤੇਰਾ, ਛਾਤੀ ਤੇਰੀ, ਤੇਰੇ ਇਹ ਜੋਬਨਾ;
ਪੈਰ ਤੇਰੇ, ਗੋਡੇ ਤੇਰੇ, ਤੇਰੀਆਂ ਇਹ ਵੀਣੀਆਂ,
ਤੇਰੇ ਇਹ ਗਿੱਟੇ ਤੇ ਪੱਸਲੀਆਂ ਤੇਰੀ ਕਮਰੀਆਂ,
ਤੇਰੀ ਇਹ ਕੰਡ ਸਾਰੀ, ਸਦਕੇ, ਸਦਕੇ, ਤੇਰੀਆਂ ।
ਵੱਖ ਵੱਖ ਤੇਰੀ, ਭੋਰੀ ਭੋਰੀ, ਜ਼ਰਾ ਜ਼ਰਾ, ਪੁਰਜ਼ਾ ਪੁਰਜ਼ਾ ਤੇਰੀਆਂ,
ਵਾਲ ਵਾਲ ਤੇਰੀ, ਕਤਰਾ ਕਤਰਾ, ਹਰ ਪਾਸਿਓਂ ਤੇਰੀਆਂ;
ਦਿਲ ਤੇਰਾ, ਰੂਹ ਤੇਰਾ, ਜਾਨ ਤੇਰੀ ਜਿੰਦੜੀਆਂ,
ਹੀਰ ਤੇਰੀ, ਸਦਾ ਤੇਰੀ, ਸਾਰੀ ਤੇਰੀਆਂ ਤੇਰੀ, ਤੇਰੀ, ਸੱਜਣੀਆਂ ।
ਰੋਜ਼ ਇਹ ਨਮਾਜ਼ ਹੀਰ ਦੇ,

ਖੇੜਿਆਂ ਦੀ ਮਸੀਤ ਵਿਚ,
ਬਿਰਹਾ ਦੀ ਕੂਕ ਇਹ,
ਵਾਰ ਵਾਰ ਸੁੱਟਦੀ,
ਮੁੜ ਮੁੜ ਗਿਣਦੀ ਸਵਾਸ ਰਾਂਝੇਟੜੇ ਵਾਲੇ,
ਮੁੜ ਮੁੜ ਫੂਕਦੀ ਪਿਆਰ ਨੂੰ ।

ਆ, ਮੇਰੇ ਰਾਂਝਾ ! ਹੱਥ ਪਾ ਕੰਙਣਾਂ,
ਹਾਲੇ ਨਿਕਾਹ ਹੱਕ ਹੋਣਾ ਜ਼ਰੂਰ ਹੈ ।
ਰੱਬ ਨੂੰ ਪੁਕਾਰਦੀ,
ਕਦੀ ਰੋਂਦੀ, ਕਦੀ ਹੱਸਦੀ,
ਕਦੇ ਕੱਪੜੇ ਉਹ ਫਾੜਦੀ,
ਕਦੀ ਪਹਿਨਦੀ ਬਾਦਲਾ ਜ਼ਰੀ,
ਤੇ ਲਾ ਲਾ, ਗਹਿਣੇ ਆਪ ਨੂੰ ਸੰਵਾਰਦੀ,
ਆਪ ਮੁਹਾਰੀ ਹੋਠਾਂ ਵਿਚ ਗੱਲਾਂ ਪਈ ਕਰਦੀ,
ਫੂਕ ਫੂਕ ਹੋਠਾਂ ਦੀ ਅੱਗ ਬਾਲਦੀ,
ਹੋਂਠ ਪਏ ਭਖ਼ਦੇ, ਹਿਲਦੇ ਪਾਗ਼ਲ ਜਿਹੀ ਹੀਰ ਉਹ ।
ਕਦੀ ਸੌਂਵਦੀ, ਜਾਗਦੀ,
ਠੰਢੇ ਸਵਾਸ ਆਣ,
ਕਦੀ ਲੱਖ ਲੱਖ ਸ਼ੁਕਰ ਗੁਜ਼ਾਰਦੀ,
ਕਦੇ ਗਾਲ੍ਹੀਆਂ ਕਢੇ ਉਹ ਸਭ ਨੂੰ,
ਕਦੀ ਅਸੀਸਾਂ ਦੇਵੇ ਵਿਛੁੜ ਜਾਣ ਨੂੰ,
ਕਦਮ ਕਦਮ ਚੁੰਮਦੀ,
ਰੂਹ ਪਈ ਪੱਕਦੀ,
ਪਿਆਰ ਨਾੜਾਂ ਪਈਆਂ ਖਿਚੀਂਦੀਆਂ,
ਪਿਆਰ-ਅਲਾਪ ਹੋਣ ਨੂੰ ।

ਜਿਧਰੋਂ ਰਾਂਝੇ ਦਾ ਵਾਂਝਲਾ ਦਿੱਸੇ,
ਉਧਰੋਂ ਜੇ ਵਗੇ ਹਵਾ ਸੁਹਣੀ ਖ਼ਾਸ ਕੋਈ ਹਵਾ ਨਾਮ ਭਰੀ,
ਹੀਰ ਦੀ ਰਗ ਰਗ, ਨਾੜ ਨਾੜ ਵੱਜਦੀ,
ਦਿਲ ਵਿਚ ਆਪ ਮੁਹਾਰਾ ਰਾਗ ਹੋਂਵਦਾ,
ਹੀਰ ਉਸ ਵੇਲੇ ਭਖ਼ਦੀ, ਅੱਗ ਦੀ ਦੇਵੀ ਦਿਸਦੀ ।

ਪਰ ਜੇ ਉਹ ਸ੍ਵਾਂਤੀ ਨਛੱਤਰ ਦਾ ਪੂਰਾ ਬੰਦ ਹੋਵੇ,
ਤੇ ਹਵਾ ਕੋਈ ਚਲੇ ਕਿਸੇ ਹੋਰ ਤਰਫ਼ ਦੀ,
ਪਿੰਡੇ ਲਗਦੇ ਹੀ ਉਹਦੇ, ਹੀਰ ਚੀਖ਼ਦੀ,

ਬੇਬਸ ਇਹ ਪੁਕਾਰਦੀ, ਇਹ ਸੁਰ ਉਹ ਨਹੀਂ,
ਬੰਦ ਹੋ, ਠਹਿਰ ਜਾ, ਇਹ ਮੇਰੀ ਹਵਾ ਨਹੀਂ
ਤੇ ਕੂਕਦੀ :
ਮੁੜ ਆ ਇਕ ਵੇਰ, ਫਿਰ ਸਦਕੇ,
ਤੂੰ ਹੇ ਹਵਾਵਾਂ ਦੀਏ ਸਿਰਦਾਰੇ ।
ਚਰਨ ਉਸ ਦੇ ਧੂੜ ਦੀ ਭਰੀ,
ਆ ਲਗ ਮੱਥੇ ਮੇਰੇ,
ਪਾ ਜੱਫੀਆਂ ।
ਇਹੋ ਛੁਹ ਤੇਰੀ,
ਇਸ ਰਾਤ ਦੀ ਸਵੇਰ ਮੇਰੀ,
ਇਹੋ ਇਸ ਹਨੇਰ ਦਾ ਚਾਨਣ ਮੇਰਾ,
ਆ ਲਗ ਪਿੰਡੇ ਤੱਤੇ ਨੂੰ,
ਆ ਅੰਗ ਲਾ ਮੈਨੂੰ,
ਛੇੜ ਉਹ ਸੁਰ ਤੂੰ ਇਸੇ ਪਿਆਰ ਵਾਲੀ,
ਹੋਰ ਛੇੜ ਨਾ ਕੋਈ ਸੁਰ ਤੂੰ, ਦਰਦ ਅਪਾਰ ਨੀ ਸਹੇਲੀਏ ।

ਮਿੱਠੀ ਤੇਰੀ ਛੁਹ ਸਦਕੇ,
ਮਿੱਠਾ ਉਹ ਬੋਲ ਜਿਹੜਾ ਤੂੰ ਛੇੜਦੀ,
ਨਿੱਕੀ ਨਿੱਕੀ, ਰੁਮਕਦੀ ਆ ਤੂੰ,
ਦਿਲ ਵਿਚ ਲਿਆ ਤੂੰ ਰਾਂਝੇ ਵਾਲਾ ਝਾਂਵਲਾ,
ਬਿਨ ਤੇਰੇ ਮੈਂ ਕੁਸਦੀ ਦਾ ਈਮਾਨ ਠੀਕ ਨਹੀਂ ਬੱਝਦਾ,
ਵੱਗੀ ਆ, ਤੂੰ, ਸਿੱਧੀ ਆ,
ਡਰ ਨਾਂਹ, ਝੁਲਦੀ ਆ,
ਖੁਲ੍ਹੀ ਆ, ਤੂੰ ਲਗ ਛਾਤੀਆਂ ਮੇਰੀਆਂ,
ਮੈਂ ਫੁਲੀ ਸਰਸੋਂ ਦੀ ਵਾੜੀ,
ਸਦਾ ਉਡੀਕਦੀ ਤੇਰੀ ਛੇੜ ਨੂੰ ।

ਮੈਂ ਵਿਛੜੀ ਉਡੀਕਦੀ,
ਨਿੱਕੀਆਂ ਨਿੱਕੀਆਂ ਨਿਸ਼ਾਨੀਆਂ,
ਰਾਂਝੇ ਦੇ ਓੜਕ ਪਿਆਰ ਦੀਆਂ ।
ਮੈਂ ਸ਼ਗਨ ਮਨਾਉਂਦੀ,
ਮੈਂ ਬਨੇਰੇ 'ਤੇ ਬੈਠ ਕਾਂ ਨੂੰ ਮੁੜ ਮੁੜ ਆਖਾਂ,
ਉਡ ਕਾਵਾਂ, ਤੈਨੂੰ ਚੂਰੀਆਂ ਪਾਵਾਂ;
ਦੱਸ ਨਾ ਅਜ ਕੌਣ ਮੇਰੇ ਦਿਲ-ਵਿਹੜੇ ਆਵਸੀ ।

ਮੈਂ ਸੁਨੇਹੇ ਦੇਂਦੀ ਵਗਦੇ ਝਨਾਂ ਨੂੰ,

ਮੈਂ ਕਬੂਤਰਾਂ ਦੇ ਗਲ ਦੀਆਂ ਗਾਨੀਆਂ ਵਿਚ, ਲਿਖ ਲਿਖ ਚਿੱਠੀਆਂ ਲਟਕਾਉਂਦੀ,
ਤੇ ਆਖਦੀ-ਜਾਹ ਉਠ ਸੱਜਣਾ ।
ਦੂਰ ਜਾਈਂ, ਜਿਥੇ ਸਾਈਂ
ਦੇਵੀਂ ਜਾ ਇਹ ਪਾਤੀਆਂ ।

ਕਬੂਤਰਾਂ ਦੀ ਉਡਾਰੀ ਮੰਗਾਂ,
ਹਿਰਨਾਂ ਥੀਂ ਚੋਕੜੀਆਂ,
ਖੁਲ੍ਹ ਮੰਗਾਂ, ਖੰਭ ਮੰਗਾਂ ਰੱਬ ਥੀਂ,
ਪੈਰਾਂ ਥੀਂ ਜਕੜੀਆਂ ।

ਬਾਹਾਂ ਨਾਲ ਮੁੜ ਮੁੜ ਹਟਾਵਾਂ ਮੈਂ,
ਇਹ ਅੰਨ੍ਹੀ ਹਨੇਰੀਆਂ,
ਪਛਾੜਾਂ ਮੈਂ ਕਾਲਖ਼ ਦੀਆਂ ਲਹਿਰਾਂ ਭਰ ਭਰ ਕਲਾਵੇ,
ਦੰਦਾਂ ਨਾਲ ਪਾੜਾਂ ਇਹ ਪੁਲਾੜ ਸਾਰਾ,
ਤੇ ਗੰਢਾਂ ਤੋੜਾਂ ਕਿਸਮਤ ਵਾਲੀਆਂ ਚੁਫੇਰੀਆਂ ।
ਲੋਚਾਂ ਦਿਲ ਆਪਣੇ ਦੇ ਤਖ਼ਤ 'ਤੇ,
ਉਸ ਪਾਤਸ਼ਾਹ ਦੀਆਂ ਸਵਾਰੀਆਂ ।

੩

ਹੀਰ ਜਦ ਖੇੜਿਆਂ ਨੂੰ ਵਿਆਹੀ ਗਈ,
ਰਾਂਝਾ ਮਹੀਆਂ ਹੀਰ ਦੀਆਂ ਦੇ ਗਲ ਲਗ ਲਗ ਰੋਂਵਦਾ ।
ਜਾਨਵਰ ਜਾਣਦੇ ਰਾਂਝੇ ਦੇ ਦਿਲ ਨੂੰ,
ਜਿਹੜਾ ਆਦਮੀ ਬਣ ਮਨੁੱਖ ਨਾ ਪਛਾਣ ਸਕੇ ।
ਮੱਝਾਂ ਦੀਆਂ ਅੱਖਾਂ ਵਿਚ ਅੱਥਰੂ ਆਏ,
ਸਿਰ ਸਾਰੇ ਆਪਣੇ ਮੁੜ ਮੁੜ ਉਹ,
ਰਾਂਝੇ ਦੀਆਂ ਬਾਹਾਂ ਵਿਚ ਸੁੱਟਦੀਆਂ,
ਚੁਪ ਬੇਜ਼ਬਾਨ ਉਹ ਦਿਲ ਦੀਆਂ ਦੱਸਦੀਆਂ :

ਬੇਲੇ ਸਿਆਲਾਂ ਦੇ ਸੱਖਣੇ ਅਜ ਥੀਂ ਮਾਲਕਾ ।
ਘਰੀਂ ਦੁੱਧ ਦਹੀਂ ਸੁੱਕਿਆਂ ਇਨ੍ਹਾਂ ਸਿਆਲਾਂ ਦੇ,
ਕੁਰਲਾਵਣਗੇ ਰਾਹ ਬਾਰ ਦੇ
ਸਭ ਬੂਟੇ ਰੋਵਸਣ ਜ਼ਾਰ ਜ਼ਾਰ,
ਰਾਂਝੇ—ਪਿਆਰ ਦੀ ਛੋਹ ਨੂੰ ਤਰਸਦਿਆਂ ।

ਗੱਲਾਂ ਕੁਝ ਮਹੀਆਂ ਨਾਲ ਕਰ,
ਇਸ ਤਰ੍ਹਾਂ ਬੇਜ਼ਬਾਨ ਜਿਹੀਆਂ,

ਪਤਾ ਨਹੀਂ ਕਿਥੇ ਟੁਰ ਗਿਆ ਰਾਂਝਾ,
ਮਹੀਆਂ ਕੁਰਲਾਉਂਦੀਆ ਆਉਂਦੀਆਂ,
ਅੜਾਂਦੀਆਂ ਪਿੱਛੇ ਪਿਆਰ ਦੇ ।

ਰਾਂਝਾ ਆਖਦਾ ਵੜਾਂਗੇ ਮੁੜ ਮੁਲਕ ਖੇੜਿਆਂ;
ਤੇ ਚੰਗੇ ਚੜ੍ਹੇ ਦਿਨ ਕਢ ਆਣਸਾਂ ਹੀਰ ਆਪਣੀ ਏ,
ਅਜੇ ਖੁਲ੍ਹੀ ਪਿਆਰ੍ਹੀ ਦੀ ਮੇਂਹਡੜੀ ਏ ।
ਧੜੀ ਲਾਹ ਸੁੱਟੀ, ਮੇਂਹਡੀ ਖੋਹਲ ਦਿਤੀ,
ਹੀਰ ਸਦਾ ਮੈਂਡੜੀ ਮੈਂਡੜੀ ਮੈਂਡੜੀ ਏ ।

ਜਿਹੜਾ ਹੱਥ ਲਾਏ ਉਹਦਾ ਹੱਥ ਸੜਸੀ,
ਉਹ ਸਾਲੂ ਪਿਆਰ ਦਾ—ਅੱਗ ਇਕ ਭੜਕਦੀ ਏ
ਸ਼ੁਅਲਾ ਪਿਆਰੀ ਦੇ ਹੱਥ ਵਿਚ, ਮਹਿੰਦੀ ਨਾਂਹ,
ਪੈਰ ਵਿਚ ਸ਼ੁਅਲਾ ਬਲਦਾ ਹੀਰ ਦੇ
ਅੱਗ ਬਾਲ ਚੁਫੇਰੇ ਅੰਦਰ ਸਤਰ ਘੱਤ ਬੈਠੀ,
ਹੀਰ ਪਿਆਰੜੀ ਏ ।
ਗ਼ਮ ਲੀਕ ਚੁਗਿਰਦੇ, ਰੱਖ ਰੱਬ ਦੀ ਉਹਨੂੰ,
ਕੰਡੀ ਪੀਰ, ਫ਼ਕੀਰ, ਗੁਰੂ ਸੱਚਾ,
ਹੀਰ ਅਰਸ਼ ਥੀਂ ਲੱਥੀ ਕੋਈ ਤਪਸ੍ਵਨੀ ਏ ।

ਕੌੜੇ ਘੁਟ ਵਾਂਗੂੰ ਵਕਤ ਲੰਘ ਜਾਸੀ,
ਖੇੜੇ ਪੈਰੀਂ ਪੈਸਨ, ਡੋਲਾ ਭੱਜ ਜਾਸੀ,
ਸਿਆਲਾਂ ਦੀ ਧੀ ਹੈ ਹੀਰ ਮੇਰੀ,
ਖੇੜਿਆ ਦੀ ਭੈਣ, ਹੁਣ ਉਹ ਫ਼ਕੀਰਨੀ ਏ ।

ਜੰਞ ਚਾੜ੍ਹ ਕੇ,
ਕੰਙਣਾਂ ਬੰਨ੍ਹ ਕੇ, ਮੈਂ ਜਾਸਾਂ
ਗੱਜ ਵੱਜ ਕੇ, ਸਜ ਧਜ ਨਾਲ,
ਪਿਆਰ-ਡੋਲੀ ਵਿਚ ਪਾ ਮੈਂ ਲਿਆਸਾਂ,
ਇਹ ਧੁਰਾਂ ਦੇ ਸੰਜੋਗ ਕਿਸ ਮੋੜਨੇ ਨੀ ?

'ਹੀਰ' 'ਹੀਰ' ਮੇਰੀ ਚਾਰ ਚੁਫੇਰੇ ਮੈਨੂੰ ਦਿੱਸਦੀ ਏ,
ਮੇਰੇ ਦਿਲ ਵਿਚ ਹਿਲਦੇ ਦਿਲ ਨੂੰ ਛੋਹ ਛੋਹ ਕੇ,
ਉਸ ਕੰਵਾਰੀ ਦੇ ਕੰਨਾਂ ਦੇ ਹਿਲਦੇ ਝੁਮਕੇ ।
ਪੰਜੇਬਾਂ ਦੀ ਛਣ ਛਣ ਪੈਂਦੀ ਮੇਰੇ ਰੂਹ ਵਿਚ,
ਉਹਦੇ ਕਪੜਿਆਂ ਦੀ ਖੜਾਕ ਲੱਗਦੀ ਮੇਰੇ ਦਿਲ ਦੀਆਂ ਕਿੰਗਰੀਂ ।

ਉਹਦੇ ਹੱਥ ਪੈਰ ਦਾ ਪਿਆਰ-ਨਾਚ ਮੈਂ ਵਿਚ ਥੰਮ ਥੰਮ, ਧਮ ਧਮ ਹੋਂਵਦਾ।
ਮੈਂ ਕੰਬ ਕੰਬ ਕੰਬਦਾ,
ਉਹਦੀ ਬਾਹਾਂ ਦਾ ਉਲਾਰ,
ਉਹਦੀਆਂ ਵੰਙਾਂ ਦੀ ਛਣਕਾਰ,
ਉਹਦੀ ਚਾਲ, ਉਹਦੇ ਸਿਰ ਦੀ ਸੁਹਣੀ ਝੂਮ ਝੂਮ,
ਉਹਦੇ ਨੈਣਾਂ ਦਾ ਰਾਗ ਮੈਂ ਵਿਚ ਸਾਰਾ ਗੂੰਜਦਾ।

ਕਦੀ ਹੱਥ ਮੇਰੇ ਹੀਰ ਦੇ ਹੱਥ ਨਾਲ ਵੱਟਦੇ।
ਕਦੀ ਪੈਰ ਮੇਰੇ ਉਹਦੇ ਪੈਰ ਹੋਂਵਦੇ,
ਕਦੀ ਮੁੱਖ ਮੇਰੇ ਵਿਚ ਹੀਰ ਦਾ ਮੁੱਖ ਦਿੱਸਦਾ,
ਮੈਂ ਮੁੜ ਮੁੜ ਹੀਰ ਹੀਰ ਹੋਂਵਦਾ,
ਉਹਦੇ ਗਹਿਣੇ ਮੇਰੇ ਹੱਥਾਂ ਪੈਰਾਂ ਵਿਚ ਪਏ ਦਿੱਸਦੇ।

ਦੂਰ ਗਈ ਹੀਰ ਖੇੜਿਆਂ ਦੇ ਕੋਲ,
ਪਰ ਕਈ ਨੇੜੇ ਨੇੜੇ ਦਿੱਸਦੀ,
ਭੁਲੇਖਾ ਪਿਆ ਪੈਂਦਾ,
ਹੀਰ ਗਈ ਖੇੜਿਆਂ ਪਾਸ,
ਜਾਂ ਮੈਂ ਉਠ ਗਿਆ ਉੱਥੇ,
ਮੈਂ ਤਾਂ ਹੀਰ ਹੀਰ ਹੋਂਵਦਾ।

ਕਦੀ ਕਦੀ ਸਭ ਕੁਝ ਹੀਰ ਦਾ,
ਮਨ, ਤਨ, ਜਾਨ ਵੀ, ਜਿਸਮ ਮੇਰਾ
ਹੀਰ ਦਾ ਬਣ ਜੀਉਂਦਾ,
ਮੈਂ ਪਤਾ ਨਹੀਂ ਕਿਥੇ ਗੁਆਚਾ ਜਿਹਾ ਹੋਂਵਦਾ;
ਇਹ ਕੀ ਪਿਆਰ ਦਾ ਗਡਵਡ ਹੋਂਵਦਾ ?
ਮਾਸ, ਕਿੰਜ ਤੇ ਹੱਡੀਆਂ ਵੀ ਅਦਲ ਬਦਲ ਹੋਂਵਦੀਆਂ,
ਹੀਰ ਦੀਆਂ ਹੱਡੀਆਂ ਮੇਰੀਆਂ ਹੱਡੀਆਂ ਨੂੰ ਵਜਦੀਆਂ,
ਖੜਕ ਹੁੰਦੀ ਰਲ ਮਿਲ ਜਾਂਦੀਆਂ,
ਇਹ ਰੂਹਾਨੀ ਖੜਾਕ ਪਿਆਰ ਦਾ ਆਉਂਦਾ।

ਜਵਾਨ ਪੰਜਾਬ

੧

ਇਹ ਬੇਪ੍ਰਵਾਹ ਪੰਜਾਬ ਦੇ,
ਮੌਤ ਨੂੰ ਮਖ਼ੌਲਾਂ ਕਰਨ,
ਮਰਨ ਥੀਂ ਨਹੀਂ ਡਰਦੇ।

ਪਿਆਰ ਨਾਲ ਇਹ ਕਰਨ ਗ਼ੁਲਾਮੀ,
ਜਾਨ ਕੋਹ ਆਪਣੀ ਵਾਰ ਦਿੰਦੇ :
ਪਰ ਟੈਂ ਨਾ ਮੰਨਣ ਕਿਸੇ ਦੀ,
ਖਲੋ ਜਾਣ ਡਾਂਗਾਂ ਮੋਢੇ 'ਤੇ ਉਲਾਰਦੇ ।
ਮੰਨਣ ਬਸ ਇਕ ਆਪਣੀ ਜਵਾਨੀ ਦੇ ਜ਼ੋਰ ਨੂੰ
ਅੱਖੜਖਾਂਦ, ਅਲਬੇਲੇ, ਧੁਰ ਥੀਂ ਸਤਿਗੁਰਾਂ ਦੇ,
ਆਜ਼ਾਦ ਕੀਤੇ ਇਹ ਬੰਦੇ ।
ਪੰਜਾਬ ਨਾ ਹਿੰਦੂ ਨਾ ਮੁਸਲਮਾਨ,
ਪੰਜਾਬ ਸਾਰਾ ਜੀਂਦਾ ਗੁਰੂ ਦੇ ਨਾਮ 'ਤੇ ।
ਜਵਾਨ ਖੁਲ੍ਹੇ ਖੋਲ੍ਹੇ ਪਿਆਰਿਆਂ,
ਆਜ਼ਾਦੀ ਦੇ ਪਿਆਰ ਵਿਚ,
ਦੁਨੀਆਂ ਥੀਂ ਵਿਹਲੇ,
ਦੀਨ* ਥੀਂ ਵੀ ਵਿਹਲੇ,
ਰਲੇ ਨਾ ਰਲੀਂਦੇ ਕਦੀ ਹੁਣ ਇਹ ਜਵਾਨ ਪੰਜਾਬ ਦੇ ।
ਮੰਨੇ ਨਾ ਮਨੀਂਦੇ ਕਦੀ, ਕੁੱਦ ਕੁੱਦ, ਉੱਛਲਦੇ ਡੁਲ੍ਹਦੇ,
ਮਰਜ਼ੀ ਦੇ ਮਾਲਕ ਇਹ,
ਦਿਲ ਦੇ ਚਾਅ ਉੱਤੇ ਉੱਲਰਦੇ ।
ਨਿੱਕੇ ਨਿੱਕੇ ਪਿਆਰ ਦੇ ਕਿਣਕਿਆਂ 'ਤੇ ਰੀਝਣ ਤੇ ਪਸੀਜਣ ਸਾਰੇ,
ਤੇ ਵਡੀਆਂ ਵਡੀਆਂ ਗੱਲਾਂ ਨੂੰ ਲੱਤ ਮਾਰ ਦੌੜ ਜਾਣ ।
ਇਨ੍ਹਾਂ ਦਾ ਕੁਝ ਥਹੁ ਨਹੀਂ ਲਗਦਾ ।
ਹੱਥਾਂ ਵਿਚ ਗੋਹਲੇ ਕੀਤੀ ਕਿਸੇ ਵੀ ਪਾਤਸ਼ਾਹ ਨੇ,
ਆਜ਼ਾਦੀ ਪਈ ਠਾਠਾਂ ਮਾਰਦੀ ਮੇਰੇ ਪੰਜਾਬ ਵਿਚ ।
ਪਿਆਰ ਦਾ ਨਾਮ ਇਨ੍ਹਾਂ ਸਿਖਿਆ,
ਦਿਲ ਜਾਨ ਵਾਰਨ ਇਹ ਪਿਆਰ 'ਤੇ,
ਸੱਚੇ ਪੰਜਾਬ ਦੇ ਵਾਸੀ ਦਾ ਇਹ ਈਮਾਨ ਹੈ,
ਰਾਂਝੇਟੜੇ ਦੇ ਨਿੱਕੇ ਵਡੇ ਭਰਾ ਸਾਰੇ,
ਬੇਲਿਆਂ ਤੇ ਰੱਖਾਂ ਵਿਚ ਕੂਕਾਂ ਮਾਰਦੇ ।
ਬਾਲ ਨਾਥ ਪਛਤਾਇਆ ਰਾਂਝੇ ਨੂੰ ਜੋਗ ਦੇ ਕੇ,
ਸਤਿਗੁਰਾਂ ਦੇ ਸਿੱਖ ਨੂੰ ਪਾ ਹੱਥ ਰੋਇਆ ।
ਇਹ ਜੱਟ-ਮਤ ਵਿਚ ਧੋਰਾਂ ਦਾ ਜੋਗ ਸੀ,
ਦੇਖ ਹੈਰਾਨ ਪਸ਼ੇਮਾਨ ਹੋਇਆ, ਬਖ਼ਸ਼ਿਆ,
ਟੋਰਿਆ ਟਿੱਲੇ ਥੀਂ ਅਸੀਸ ਦੇ, ਹਾਰਿਆ,
ਤੇ ਮਚਲਾ ਜੱਟ ਆਖੇ—

* ਤੁਅਸਬ

ਮੁੰਦਰਾਂ ਲੈ ਆਪਣੀਆਂ ਮੋੜ ਬਾਵਾ !
ਤੇ ਕੰਨ ਮੇਰੇ ਮੁੜ ਸਬੂਤ ਕਰ ਤੂੰ ਭਲੇ ਮਾਣਸਾ
ਕੰਨਾਂ ਨੂੰ ਕਾਹਨੂੰ ਚਾ ਪਾੜਿਆ ?
ਜੋਗ ਦੀ ਮੈਨੂੰ ਕੀ ਲੋੜ ਸੀ ? ਨਾਥ ਦੱਸ ਖਾਂ ?
ਮੈਂ ਸਿਖਿਆ ਸੀ ਨਾਮ ਪਿਆਰ ਦਾ
ਤੇ ਹੱਡਾਂ ਵਿਚ ਪਿਆਰ ਪਿਆ ਖੜਕਦਾ,
ਨਾਮ ਪਿਆ ਵੱਜਦਾ,
ਜੋਗ ਤੇਰਾ ਹੋੜਦਾ ਇਸ਼ਕ ਥੀਂ ਕਮਲਿਆ ।
ਮੋੜ ਮੇਰੇ ਕੰਨ, ਲੈ ਮੋੜ ਆਪਣੀਆਂ ਮੁੰਦਰਾਂ ।

ਇਹੋ ਜਿਹੀ ਜਿੰਦ ਤੇ ਖੁੱਲ੍ਹ ਦਾ ਸੁਭਾ,
ਜਿਹੜਾ ਚਾਬਕ ਨਹੀਂ ਸਹਾਰਦਾ,
ਕੋਤਲ ਘੋੜੇ ਵਾਂਗ ਸੰਵਾਰੇ ਕੋਈ ਨਿੱਤ ਨਵਾਂ,
ਤੇ ਵਹੇ ਇਨ੍ਹਾ ਜਵਾਨਾਂ ਦੀ ਮੌਜ ਨਾਲ,
ਤਦ ਤਾਂ ਪਲ ਛਿਣ, ਠੁਮਕ ਠੁਮਕ ਤੁਰਨ ਇਹ,
ਪਰ ਫਿਰ ਵੀ ਖ਼ਤਰਾ ਇਨ੍ਹਾਂ ਦੇ ਅੱਥਰੇਪਨ ਦੇ ਹਰਦਮ ਰਹਿੰਦਾ ।
ਬਾਂਕੇ ਛਬੀਲੇ ਪੰਜਾਬ-ਪਿਆਰ ਦੇ ਰਹਿਣ ਵਾਲੇ,
ਪੰਜਾਬੀ ਮਾਵਾਂ ਦੇ ਪੁੱਤਰ,
ਰਖਣ ਨਾ ਜਾਨ ਸੰਭਾਲ ਇਹ,
ਜਾਨ ਨੂੰ ਵਾਰਨ ਇਹ ਜਾਣਦੇ,
ਲਹੂ ਵੀਟਣ ਥੀਂ ਨਾ ਡਰਨ ਇਹ,
ਤੇ ਜੰਗ ਮੈਦਾਨ ਵਿਚ ਨਸਣਾ ਨਾ ਪਛਾਣਦੇ ।
ਕਰਨ ਕੀ ਇਹ ?
ਓੜਕ ਦੀ ਰੂਹ ਜ਼ੋਰ ਆਇਆ ਪੰਜਾਬ ਵਿਚ,
ਸਤਿਗੁਰਾਂ ਦੇ ਕਦਮਾਂ ਤੇ ਰਾਹਾਂ ਦੇ ਸਦਕੇ,
ਹੜ੍ਹ ਆਏ ਰੱਬ ਦੇ ਪ੍ਰਕਾਸ਼ ਦੇ,
ਤੇ ਠਿੱਲ੍ਹਣ ਨਾ ਇਹ ਪੰਜਾਬੀ, ਇਹ ਵਸ ਕਿਸ ਦੇ ?
ਇਹ ਜੀਣ, ਥੀਣ ਜ਼ੋਰ ਲਾ ਲਾ, ਕੁਝ ਵਸ ਨਾਂਹ ਕਿਸੇ ਦੇ,
ਪੰਜਾਬ ਵਿਚ ਸਤਿਗੁਰਾਂ ਦੀ ਨਿਗਾਹ ਵਿਚੋਂ
ਜੀਵਨ-ਬਿਜਲੀਆਂ ਦੇ ਅਸਗਾਹ ਦਰਿਆ ਵਗ ਉੱਠੇ,
ਝਨਾਂ ਤੇ ਰਾਵੀ ਤੇ ਸਤਲੁਜ ਤੇ ਬਿਆਸ ਤੇ
ਜੇਹਲਮ ਤੇ ਕਟਕ ਸਭ ਬਲ ਉੱਠੇ;
ਗੁਰੂ ਦਾ ਜਪੁ ਸਾਹਿਬ ਗਾਉਂਦੇ ।
ਇਉਂ ਅਥਾਹ ਪ੍ਰਵਾਹ ਹੋਇਆ,
ਸੁੱਕਾ ਨਾਂਹ ਰਿਹਾ ਕੋਈ ਥਾਂ ।
ਹਿੰਦੂ, ਮੁਸਲਮਾਨ, ਪੰਛੀ, ਪਸ਼ੂ, ਆਦਮੀ ਸਭ ਭਿੱਜਿਆ,

ਡੁੱਬਿਆ ਅੰਮ੍ਰਿਤ ਉਸ ਨਿਗਾਹ ਵਿਚ ।
ਇਥੇ ਜਾਨ ਆਈ, ਰੂਹ ਆਇਆ, ਰੱਬ ਆਇਆ,
ਗੀਤ ਅਸਮਾਨੀ ਆਇਆ, ਦਿਲ ਆਇਆ ਬਖਸ਼ ਦਾ;
ਇਥੇ ਚਾਅ ਦੇ ਅਸਮਾਨ ਟੁੱਟੇ,
ਇਥੇ ਹੁਸਨ ਖ਼ੁਦਾਈ ਦਾ ਅਵਤਾਰ ਆਇਆ,
ਇਥੇ ਦਿਲ ਚੁਭਵੀਆਂ ਮੂਰਤਾਂ,
ਨਿਗਾਹਾਂ ਦੇ ਤੀਰਾਂ ਦੇ ਮੀਂਹ ।

ਇਥੇ ਦਾਤੇ ਬਲਕਾਰ ਆਏ,
ਇਥੇ ਸਾਈਂ ਦੇ ਪਿਆਰੇ ਆਏ,
ਇਸ ਧਰਤੀ ਵਿਚ ਕਲਗੀ ਵਾਲੇ ਦੇ ਘੋੜੇ ਦੇ ਸੁੰਮਾਂ ਦੀ ਟਾਪ ਲੱਗੀ,
ਇਥੇ ਸਤਿਗੁਰਾਂ, ਸੱਚੇ ਪਾਤਸ਼ਾਹਾਂ ਦਾ ਨਿਵਾਸ ਹੈ ।

੨

ਗਾਓ ਢੋਲੇ ਯਾਰੋ ਖੁਲ੍ਹ ਵਿਚ ਬੇਸ਼ੱਕ ਹੁਣ,
ਵਜਾਓ ਅਲਗੋਜ਼ੇ ਪੋਠੋਹਾਰ ਦੇ ।
ਬਣਨ ਬੈਂਤ, ਉੱਡਣ ਰੰਗ ਗੁਲਾਬ ਦੇ,
ਦਿਲ ਦੀਆਂ ਮੌਜਾਂ ਰੱਬੀ ਜਵਾਨੀਆਂ, ਪੀੜਾਂ ਮੁੱਢ ਕਦੀਮ ਦੀਆਂ ।
ਹਾਂ ! ਐਵੇਂ ਜਦ ਦਿਲ ਅੱਕੇ,
ਉੱਠ ਡਾਂਗਾਂ ਵਰਸਾਓ ਵਾਂਗ ਆਂਧੀਆਂ,
ਇਹ ਤੁਸਾਂ ਦੇ ਡੌਲਿਆਂ ਨੂੰ ਵਰਜਸ਼ ਜ਼ਰੂਰ ਹੈ ।
ਖੁੱਲ੍ਹੇ ਖੇਤ ਤੇ ਹਵਾਵਾਂ,
ਵਾਟਾਂ ਲੰਮੀਆਂ ਦੇ ਸੈਰ,
ਪੈਰ ਵਾਹਣਿਆਂ ਟੁਰਨਾ,
ਸ਼ਾਮ ਵੇਲੇ ਘਰ ਆਵਣਾ, ਪੰਜਾਹ ਕੋਹ ਮਾਰ ਕੇ ।
ਵਾਹ ਸ਼ੇਰ ਜਵਾਨੀਏ ! ਕੰਮ ਕੁਝ ਨਾਂਹ,
ਪੈਂਡਾ ਮਾਰਨਾ, ਜ਼ਰਾ ਲੱਤਾਂ ਹਿਲਾਣ ਨੂੰ ।

ਰੌਣਕ ਬਜ਼ਾਰ ਦੀ

(ਅੰਮ੍ਰਿਤਸਰ ਹਾਲ ਬਜ਼ਾਰ ਦਾ ਇਕ ਝਾਕਾ)

੧

ਰੂਪ ਰੰਗ ਵੰਨ ਵੰਨ ਦਾ ਮੈਨੂੰ ਹਲਾਲ ਪਿਆ ਕਰਦਾ,
ਮਿੱਠੀ ਮਿੱਠੀ ਗੱਲ ਮੈਨੂੰ ਰੱਸੇ ਪਈ ਪਾਉਂਦੀ,
ਨਿੱਕੀ ਨਿੱਕੀ ਰੁਮਕਦੀ ਹੱਸੀ ਕਿਸੇ ਦੀ ਜ਼ੰਜੀਰਾਂ ਪਈ ਸੱਟਦੀ,
ਸੱਚੀਂ ਉਹ ਜ਼ੰਜੀਰਾਂ ਦਾ ਖੜਕ ਪਿਆ ਆਉਂਦਾ,

ਮੇਰੇ ਬੰਨ੍ਹਣ ਦਾ ਸਾਮਾਨ ਹੈ।
ਪਰ ਮੈਨੂੰ ਮੇਰੀ ਖੁੱਲ੍ਹ ਦਾ ਸ਼ੌਕ ਪਿਆ ਬਚਾਉਂਦਾ,
ਜਿਸ ਨੂੰ ਰੱਖੇ ਸਾਹਿਬ ਸੱਚਾ, ਉਹਨੂੰ ਕੌਣ ਬੰਨ੍ਹੇ ?

੨

ਰੌਣਕ ਬਾਜ਼ਾਰ ਦੀ ਧਰੂੰਦੀ ਮੈਨੂੰ।
ਆਦਮੀਆਂ ਦੇ ਇੱਕਠ ਵਿਚ ਇਕ ਖ਼ੁਸ਼ੀ,
ਇਕੱਠ ਵਿਚ ਇਕ ਜਿੰਦ ਜਿਹੀ ਦਿੱਸਦੀ,
ਆਦਮੀਆਂ ਦਾ ਦੌੜਦਾ ਹੜ੍ਹ ਪਿਆ ਵਗਦਾ ਬਜ਼ਾਰ ਵਿਚ,
ਰੰਗ ਦਾ ਜਲੌ ਪਿਆ ਆਉਂਦਾ;
ਚਿਹਰਿਆਂ, ਸਿਰਾਂ, ਹੱਥਾਂ, ਪੈਰਾਂ, ਲੱਤਾਂ ਦਾ ਇਕ ਝੁਰਮਟ ਪਿਆ ਪੈਂਦਾ !
ਇਹ ਕਿਸ ਫੁੱਲ ਉੱਤੇ ਮਖੋਰੀਆ ਦੀ ਡਾਰ ਹੈ ?

੩

ਕਿਸੇ ਰੂਮੀ ਟੋਪੀ ਲਾਲ ਬੂੰਬਲ ਕਾਲੇ ਵਾਲੀ ਪਾਈ ਹੈ,
ਇਹ ਕੋਈ ਈਰਾਨ ਦਾ, ਟਰਕੀ ਦਾ ਫ਼ੌਜ ਵਾਲਾ।
ਕਿਸੇ ਮਲਮਲ ਦਾ ਸਾਰਾ ਥਾਨ, ਵਾਂਗ ਚਿੱਟੀਆਂ ਲਹਿਰਾਂ ਸਿਰ 'ਤੇ ਲਪੇਟਿਆ,
ਇਹ ਕੋਈ ਪੁਰਾਣੇ ਵੇਲੇ ਦਾ ਸ਼ਰੀਫ਼ ਮੁਸਲਮਾਨ ਜ਼ਿਮੀਂਦਾਰ ਹੈ !
ਕਿਸੇ ਦਾ ਬਨਾਰਸੀ ਦੁਪੱਟਾ ਮਾਰੇ ਗੋਟੇ ਦੀ ਝਲਕ,
ਨਵਾਂ ਮਾਹਾਰਾਜ ਚਲਿਆ ਮੱਥਾ ਟੇਕਨ ਸਤਿਗੁਰੂ ਰਾਮਦਾਸ ਨੂੰ, ਧੰਨ ਗੁਰੂ ਰਾਮਦਾਸ ਨੂੰ !
ਕਿਧਰੇ ਸੁਹਣੀ ਸਿੱਖ ਪਗੜੀ ਸਿੱਧੀ ਬੱਧੀ ਦਿੱਸ ਆਉਂਦੀ।

੪

ਨਵੀਆਂ ਨਵੀਆਂ ਕੁਤਰੀਆਂ ਤੇ ਮੁੰਨੀਆਂ ਦਾਹੜੀਆਂ ਦਿੱਸਦੀਆਂ।
ਹਿੰਦੂਆਂ ਤੇ ਮੁਸਲਮਾਨ ਦੇ ਸ਼ਰੀਫ਼ ਚਿਹਰੇ, ਬੁੱਢੇ ਤੇ ਜਵਾਨ ਤੇ ਅੱਧਖੜ ਜਿਹੇ।
ਬਜ਼ਾਰ ਵਿਚ ਗਡਵਡ ਆਪੇ ਵਿਚ ਛੋਂਹਦੇ, ਖੜਕਦੇ, ਲੱਗਦੇ।
ਸੁਹਣੇ ਨੱਕ, ਕਾਬਲੀ ਤੇ ਚੀਨੀ, ਤੇ ਹੂਨੀ ਤੇ ਈਰਾਨੀ ਯੂਨਾਨੀ ਸਾਰੇ ਮਿਲੇ ਜੁਲੇ,
ਸਭ ਗਡਵਡ ਹੁੰਦੇ ਇਸ ਚਲਦੇ ਸਮਾਜ ਵਿਚ।

ਤਹਿਮਤਾਂ ਤੇ ਪਜਾਮੇਂ ਸਾਰੇ ਰੰਗ ਰੰਗ ਦੇ, ਵੱਖਰੇ, ਵੱਖਰੇ ਢੰਗ ਦੇ,
ਪੈਰ ਨੰਗੇ, ਜਾਂ ਗਾਮੇਂ ਸਾਹੀ ਲਾਲ ਲਾਲ ਜੁੱਤੀਆਂ,
ਨਵੀਆਂ ਤਿੱਲੇ ਵਾਲੀਆਂ ਹੋਰ ਹੋਰ ਦਿੱਸਦੀਆਂ,
ਝਗੇ ਮੈਲੇ ਤੇ ਕੋਰੇ, ਦੁੱਧ ਚਿੱਟੇ ਨੈਨ ਸੁਖ ਮਾਇਆ ਲੱਗੀ ਹੁਣੇ ਪਏ ਖੜਕਦੇ,
ਜਿੰਦ ਜੁੱਸਿਆਂ ਅਨੇਕਾਂ ਵਿਚ ਆਈ, ਵਾਂਗ ਜਾਨਵਰਾਂ ਨੱਸਦੀ ਤੇ ਸ਼ੂਕਦੀ।

ਉਹ ਤੁਰੀ ਜਾਂਦੀ ਇਸ ਇੱਕਠ ਵਿਚ,
ਨਵੀਂ ਵਿਆਹੀ ਨੂੰਹ ਧੀ, ਭੈਣ ਕਿਸੇ ਦੀ,
ਰੇਸ਼ਮ ਦੇ ਕੱਪੜੇ, ਗੋਟੇ ਨਾਲ ਚਮਕਦੇ,
ਸੱਸ ਨਾਲ ਚੱਲੀ ਹੈ ਜ਼ਮੀਨਦਾਰ ਤੱਕਦੀ,
ਹਰੀ ਮੰਦਰ ਨੂੰ ਸੀਸ ਨਿਵਾਣ ਨੂੰ, ਸ਼ਗਨ ਮਨਾਣ ਨੂੰ ।

੫

ਟੂਰਨ ਤੇ ਟਹਿਲਣ ਤੇ ਦੌੜਨ ਕਿਸੇ ਕਾਹਲ ਵਿਚ, ਸਭ ਤਰਜ਼ਾਂ ਵਿਚ,
ਸਭ ਵੇਸ, ਭੇਸ ਵਿਚ, ਇਕ ਮਸਤ ਅਲਗਰਜ਼ੀ, ਬੇ-ਪਰਵਾਹੀ ਟਪਕਦੀ ।
ਮੈਲੇ ਵੀ ਸੋਭਦੇ ਗ਼ਰੀਬ, ਚਿੱਟੇ ਵੀ ਸੋਭਦੇ ਅਮੀਰ ਗ਼ਰੀਬਾਂ ਨਾਲ ।
ਮੁਸਲਮਾਨ, ਸਿੱਖ, ਹਿੰਦੂ, ਕੋਈ ਵੀ ਹੋਵੇ,
ਪੰਜਾਬ-ਗਲੀ ਦੀ ਸੱਚੀ ਸਜ ਸਾਰੀ, ਇਹ ਰਲੀ ਮਿਲੀ, ਮਿਲੀ ਜੁਲੀ ।

੬

ਪੰਜਾਬ ਦਾ ਮੁੱਢ ਕਦੀਮੀ ਸੁਭਾ,
ਤੇ ਚੀਜ਼ਾਂ ਵੇਖਣ ਦਾ ਚਾਅ,
ਇਹ ਇਨ੍ਹਾਂ ਦਾ ਪੁਰਾਣਾ, ਖੁੱਲ੍ਹਾ ਦਿਲ ਦਰਿਆ.
ਲੁਟਾਂਦੇ ਤੇ ਗਾਂਦੇ ਜਾਂਦੇ ਇਹ ।
ਲਾ ਦਿਤੇ, ਲਾ ਦਿਤੇ, ਪੈਸੇ ਦੇ ਸੇਰ,
ਧੇਲੇ ਦੇ ਢੇਰ, ਪਸ਼ੌਰ ਦੇ ਪੇੜੇ ।
ਲਾ ਦਿੱਤੇ ਦੋ ਆਨੇ ਸੇਰ,
ਪੈਸੇ ਦੇ ਢੇਰ ।
ਕਾਬਲ ਦੇ ਸਰਧੇ,
ਚੀਰ ਚੀਰ ਧਰੇ, ਬਰਫ਼ ਦੀਆਂ ਡਲੀਆਂ ।
ਆ ਗਿਆ ਜੇ ਕਾਬਲ ਤੇ ਕੰਧਾਰ,
ਪੈਰਾਂ ਭਾਰ ਚੱਲ ਅੰਮ੍ਰਿਤਸਰ ਵਿਚ;
ਕੋਇਟਾ ਤੇ ਨਾਗਪੁਰ ਬੂਹੇ ਆਇਆ ਅੱਜ,
ਸੰਗਤਰੇ, ਸੰਗਤਰੇ,
ਲਾਲ ਭਖਦੇ ।
ਗੁੱਛੇ ਕਾਬਲੀ ਅੰਗੂਰਾਂ ਦੇ ਲਟਕਣ ਬੂਹੇ ਮਹਾਰਾਜ ਤੇਰੇ !
ਗੁਲਾਬੀ ਗੰਡੇਰੀਆਂ,
ਬਰਫ਼ ਦੀਆਂ ਡਲੀਆਂ,
ਧੁੱਪ ਦੀਆਂ ਪਲੀਆਂ,
ਪੈਸੇ ਦੀਆਂ ਚਾਰ ਚਾਰ,
ਲੁੱਟ ਪਾ ਦਿਤੇ ਜੇ,
ਲਾ ਦਿਤੇ ਜੇ ਢੇਰ,

ਢੇਰਾਂ ਦੇ ਢੇਰ, ਗੁਲਾਬੀ ਗੰਡੇਰੀਆਂ ।
ਅੱਧੀ ਰਾਤ ਜਵਾਨ ਖੜੇ,
ਛਾਬੜੀ ਵਿਚ ਅੰਗੂਰ ਧਰੇ,
ਮੁੜ ਮੁੜ ਦਾਣੇ ਚੱਕ ਚੱਕ, ਆਪਣੇ ਮੂੰਹ ਪਾ ਪਾ ਵੇਖਦੇ,
ਚੱਖਦੇ ਤੇ ਆਖਦੇ, ਮਿੱਠੀ ਖੰਡ ਸ਼ਰਾਬ ਦੇ ਪਿਆਲੇ,
ਹੋਕਾ ਦਿੰਦੇ ਤੇ ਖਾਂਦੇ ਆਪ ਉਹ ਜਾਂਦੇ ਜਵਾਨ ਵੇਚਦੇ ।

੨

ਓਏ ਦੀਨਿਆਂ ! ਓਏ ਦੀਨਿਆਂ ।
ਉੱਠ ਚਲੀਏ ਘਰ, ਅੱਜ ਨਹੀਉਂ ਕੁਝ ਵਿਕਣਾ ।
ਠਹਿਰੀਂ ਭਰਾਵੇ ਜਾਦੂ ਮਾਰੀਏ,
ਲੁੱਟ ਪਾ ਗਾਵੀਏ, ਅਸਾਂ ਵੇਚ ਕੇ ਜਾਣਾ,
ਦੇਖੀਂ ਹੁਣ ਲੋਕੀਂ ਕਿੰਜ ਆਣ ਡਿੱਗਦੇ;
ਗੰਨੇ ਸਹਾਰਨੀ, ਪੌਂਡੇ ਤੇ ਖਸਤੇ ਚੂਪਣ ਲੋਕੀਂ ਰਜ ਰਜ :
ਕਾਹਨੂੰ ਘਰ ਮੋੜ ਲੈ ਜਾਵਣੇ ?
ਪੈਸੇ ਦੇ ਲੱਖ ਲੱਖ,
ਲਾ ਦਿੱਤੇ ਜੇ,
ਗੰਨੇ ਸਹਾਰਨੀ ।
ਅਹੁ ਗਏ ਲੋਕੀਂ ਹੱਥੋ ਹੱਥ ਲੈ ।
ਵਹੁਟੀਆਂ ਨੂੰ ਕਹਿੰਦੇ ਕਿਹੇ ਸਸਤੇ ਅੱਜ ਗੰਨੇ ਹਾਲ ਬਜ਼ਾਰ ਵਿਕਦੇ ।
ਜ਼ਰੂਰ ਮਾਲ ਆਪਣਾ ਨਹੀਂ ਸੂ,
ਸ਼ਰਾਬੀ ਹੋਸੀ, ਟੋਟ ਵਿਚ ਵੇਚ ਗਿਆ;
ਹੱਥ ਲੱਡ ਗਏ ਗੰਨੇ ਸਹਾਰਨੀ ਅੱਜ ਪੈਸੇ ਦੇ ਲੱਖ ਲੱਖ ।

ਦੋਵੇਂ ਭਰਾ ਟੁਰ ਗਏ ਮੌਜਾਂ ਮਾਣਦੇ,
ਡੌਲਿਆਂ ਵਿਚ ਜ਼ੋਰ ਕੀ ਘਾਟੇ ਨੂੰ ਗਿਣਦੇ ?
ਜੁੱਸੇ ਵਿਚ ਖ਼ੂਬ ਗੇੜੇ ਲਾਉਂਦਾ, ਹੱਥ ਸੱਜਣਾਂ ਦੇ ਕਮਾਉਂਦੇ ।
ਰੱਬ ਦਿੰਦਾ ਉਨ੍ਹਾਂ ਹੋਰ ਜਿੰਨੇ ਦੇਂਦੇ, ਹੱਥ ਖ਼ਾਲੀ ਹੁੰਦੇ ।
ਕਮਾਊ ਹੱਥ, ਹਲ ਵਾਹੂ ਹੱਥ, ਦੇਣ ਦੇਣ ਸਿਖੇ ਪੰਜਾਬ ਦੇ ।
ਦਰਿਆ ਮਜ਼ੂਰੀ ਮਿਹਨਤ ਦਾ ਵਗਦਾ,
ਸਭ ਦੁਨੀਆਂ ਇਥੇ ਹੱਥ ਪੈਰ ਧੋਂਵਦੀ ।
ਮਿਹਨਤ ਆਪਣੀ ਦਾ ਫ਼ਖ਼ਰ ਇਨ੍ਹਾਂ ਨੂੰ,
ਰੁਪਏ ਦੱਬੇ, ਰੁਪਏ ਰਾਤ ਰੱਖਿਆਂ ਦਾ ਨਾ ਜੋਸ਼ ਇਹ,
ਜਵਾਨ ਆਪਣੇ ਤਣੇ ਪੱਠਿਆਂ ਨੂੰ ਹੱਥ ਲਾ ਲਾ ਜੋਖਦੇ,
ਮਿਲਦੇ ਤੇ ਘੁਲਦੇ, ਜੱਫੀਆਂ ਪਾਂਦੇ ਗਏ ਘਰ ਅੱਧੀ ਰਾਤ ।

ਪੁਰਾਣੇ ਪੰਜਾਬ ਨੂੰ ਆਵਾਜ਼ਾਂ

ਉਹ ਪੁਰਾਣਾ ਅਦਬ ਤੇ ਹਿਰਸ ਨਾਂਹ !
ਉਹ ਪ੍ਰੀਤ ਦੀਆਂ ਪੀਡੀਆਂ ਗੰਢਾਂ ।
ਉਹ ਕੁੜੀਆਂ ਦੇ ਚਾਅ, ਤ੍ਰਿੰਵਣਾਂ ਦੇ ਗਾਵਨ ਕਿਥੇ,
ਉਹ ਸ਼ਰੀਕਾਂ ਦੇ ਆਬ ਵਾਲੀ ਗੱਲ ਸਾਰੀ ਗਈ ਆਈ,
ਉਹ ਖ਼ਾਤਰਾਂ ਤੇ ਸੇਵਾਵਾਂ, ਕੁਰਬਾਨੀਆਂ ਤੇ ਜਰਨੇ, ਜਿਗਰੇ ਤੇ ਹੌਂਸਲੇ,
ਉਹ ਰੋਟੀਆਂ ਤੇ ਮਹਿਫ਼ਲਾਂ, ਉਹ ਡੂੰਘੀ ਡੂੰਘੀ ਸ਼ਰਮਾਂ, ਸ਼ਰਾਫ਼ਤਾਂ,
ਉਹ ਕਿੱਥੇ ?

ਇਕ ਪੜ੍ਹੇ ਨੌਜਵਾਨ ਨੂੰ ਮੈਂ ਪੁੱਛਿਆ,
ਉਹ ਸਾਡੇ ਅਨਪੜ੍ਹਾਂ ਦਾ ਪੁਰਾਣਾ, ਗਠੀਲਾ, ਅਣਟੁੱਟ ਜਿਹਾ ਭਾਈਚਾਰਾ ਕਿਥੇ ?
ਹਿਤ ਕਿਥੇ ? ਪਿਆਰ ਕਿਥੇ ? ਉਹ ਸਾਡਾ ਹੱਸ ਬੋਲਣਾ ਗੁਆਚ ਗਿਆ ਕਿਥੇ ?
ਦਿਲ, ਜ਼ੋਰ, ਮਿੱਠਤ ਕਿਥੇ ? ਮਿੱਲਤ ਕਿੱਥੇ, ਉਹ ਬਾਹਾਂ ਦਾ ਮਾਣ, ਜ਼ੋਰ ਸਾਰਾ ?
ਸੱਸਾਂ ਦੇ ਉਹ ਸਮੁੰਦਰਾਂ ਵਰਗੇ ਦਿਲ ਕਿੱਥੇ ?
ਨੂੰਹਾਂ, ਧੀਆਂ ਦੀ ਉਹ ਲਿਹਾਜ਼ ਦੀ ਸੱਭਿਅਤਾ,
ਜਵਾਈਆਂ ਦੀ ਪੁਰਾਣੀ ਮੋਤੀਆਂ ਵਰਗੀ ਆਬ ਕਿਥੇ ?
ਸੱਜ-ਵਿਆਹੀਆਂ ਦਾ ਉਹ ਆਦਰ, ਭਾ, ਸ਼ਿੰਗਾਰ ਤੇ ਸੰਭਾਰ ਕਿੱਥੇ,
ਲਾਡ ਤੇ ਮੁਰਾਦਾਂ ?
ਸਾਲੂ ਕਿੱਥੇ, ਬਾਗ਼ ਤੇ ਫੁਲਕਾਰੀਆਂ,
ਉਹ ਮਹਿੰਦੀ ਦਾ ਰੰਗ ਸੁਹਾਗ ਦਾ,
ਉਹ ਹੱਥ ਪੈਰ ਰੰਗੇ, ਉਹ ਤਿੱਲੇਦਾਰ ਜੁੱਤੀਆਂ ।

ਭਰਾਵਾ ! ਇਹ ਪੁਰਾਣੀ ਬੁੱਢੀ ਜਿਹੀ ਸਾਡੀ ਸਭਿਅਤਾ,
ਦਰਿਆਵਾਂ ਝਨਾਵਾਂ ਦੇ ਫੇਰ ਵਾਲੀ, ਦੂਰੋਂ ਆਈ, ਦੂਰੋਂ ਜਾਂਦੀ;
ਬਿਰਾਦਰੀਆਂ ਮਿਲ ਮਿਲ ਜੀਣਾ ਕਿਥੇ ?
ਉਹ ਸਦੀਆਂ ਦੀ ਬੋਹੜ ਕਿਸ ਵੱਢੀ,
ਉਹ ਪੁਰਾਣਾ ਪਿੱਪਲ ਕਿੱਥੇ ਉੱਡ ਗਿਆ ?
ਹਵਾ ਆਈ, ਝੱਖੜ ਆਇਆ ਉਹ ਕਿਸ ਗੇਰਿਆ ?
ਉਹ ਜੰਗਲ ਜ਼ਰੂਰ ਸੀ, ਪੁਰਾਣਾ ਦਦ-ਕਢਿਆ, ਗੰਭੀਰ ਸੀ,
ਮੰਨਿਆਂ ਭਾਂਤ ਭਾਂਤ ਬੋਲੀਆਂ ਤੇ ਖ਼ਿਆਲ ਸੀ, ਅਸੀਂ ਅਨਜਾਣ ਸੀ,
ਇਕੋ ਜਿਹੇ ਸਿੱਧੇ ਸਾਧੇ, ਕੰਮ ਕਰਨ ਵਾਲੇ ਹੱਡ ਸੀ,
ਤੇ ਇਕ ਅੱਧ ਖ਼ਿਆਲ ਕੋਈ ਸੁਣਿਆ, ਮੰਨਿਆਂ ਅਸਾਂ ਲਈ ਬੱਸ ਸੀ,
ਉਸੇ ਵਿਚ ਬਹਿੰਦੇ, ਉੱਠਦੇ, ਜੀਂਦੇ, ਜਾਗਦੇ, ਉਹੋ, ਇਕ ਖ਼ਿਆਲ

ਸਾਡੀ ਜਿੰਦ ਜਾਨ ਸੀ ।

ਵਪਾਰ ਅਸੀਂ ਕਰਦੇ ਸੀ ਸੁੱਚਾ ਸੁਥਰਾ,
ਕਾਹਲੀ ਵਿਚ ਅਮੀਰ ਹੋਣ ਨੂੰ ਨਿੰਦਦੇ,
ਇਕ ਰੱਬੀ ਜੋੜ ਮੇਲ ਜਾਣ ਕੁੱਲ ਦੁਨੀਆਂ ਦੀ ਸੇਵਾ ਕਰਦੇ
ਇਹ ਚਾਂਦੀ ਦੀਆਂ ਠੀਕਰਾਂ ਕਦੀ ਨਾਂਹ ਸਾਡਾ ਰੱਬ ਸੀ ।
ਵਲਾਇਤਾਂ ਜਾਂਦੇ, ਕਾਬਲ, ਕੰਧਾਰ, ਬੁਖ਼ਾਰੇ,
ਸਫ਼ਰ ਝਾਗਦੇ, ਜਫ਼ਰ ਜਾਲਦੇ, ਸਫ਼ਰ ਸਾਡਾ ਦਿਨ ਰਾਤ ਸੀ,
ਸੁਹਣੇ ਉਨਰਾਂ ਦੇ ਕੰਮ ਬਣੇ ਦੇਸ ਆਪਣੇ ਨੂੰ ਆਉਣ ਦੇ ।
ਪਹਿਨਣ ਵਾਲਿਆਂ ਤੇ ਬਨਾਣ ਵਾਲਿਆਂ, ਦੋਹਾਂ ਦੇ ਸ਼ਗਨ ਮਨਾਂਦੇ;
ਦੋਏ ਧਿਰਾਂ ਜੀਣ, ਵਧਣ ਤੇ ਥੀਣ, ਅਸੀਂ ਰੋਟੀਆਂ ਪਏ ਖਾਂਵਦੇ,
ਲੱਦੇ ਜਾਂਦੇ ਲੱਦੇ ਆਉਂਦੇ, ਕਿਹਾ ਸੁਹਣਾ ਉਹ ਵਪਾਰ ਸੀ ?

ਸੁਹਣਿਆਂ ! ਤੂੰ ਦੱਸ ਨਾ, ਉਹ ਵੇਲੇ ਕਿਉਂ ਲੱਦ ਗਏ ?
ਵਹਿਮ ਸਨ ਸਾਡੇ ਠੀਕ, ਪਰ ਤੁਸਾਡੇ ਕੀ ਘਟ ਹਨ ?
ਨਾਮ ਬਦਲੇ, ਰੂਪ ਬਦਲੇ, ਤੱਕੇ ਨੀਝ ਲਾ, ਹੈਨ ਸਭ ਉਹੋ ਜਿਹੇ
ਵਹਿਮ ਅੱਜ ਵੀ ?
ਆਦਮੀ ਦੀ ਪੂਜਾ ਵੱਡੀ, ਮੰਨਿਆਂ ਗੁਨਾਹ ਸੀ,
ਪਰ ਠੀਕਰੀਆਂ ਦੀ ਪੂਜਾ ਅੱਜ ਦੀ ਕਥਾਈਂ ਦਾ ਪੁੰਨ ਸੀ ?
ਸੇਵਾ ਕਰਨੀ, ਮਜੂਰੀ ਮੰਗਣੀ ਨਾਂਹ; ਕੁਝ ਜਹਲ ਸੀ;
ਪਰ ਮੁਰਦਿਆਂ ਦੇ ਜੇਬੇ ਫੋਲਣੇ ਖਾਣ ਪੀਣ ਨੂੰ, ਕਿਹੜਾ ਇਲਮ ਹੈ ?
ਅਸੀਂ ਗ਼ਰੀਬ ਸਾਂ, ਸੰਤੋਖ ਸਾਡਾ ਕਾਤਲ ਜ਼ਹਿਰ ਸੀ,
ਕੂੜਾ ਪਾਪ ਕਰ ਅਮੀਰ ਹੋਣਾ, ਵਿਹੁਲਾ ਵਿਹੁਲਾ, ਇਹ ਬੇਸਬਰੀ ਕਦ
ਅੰਮ੍ਰਿਤ ਬਣੀ ਸੀ ?

ਸੁਹਣਿਆਂ ! ਦੱਸ ਨਾ, ਉਹ ਵੇਲੇ ਕਿਧਰੇ ਲੰਘ ਗਏ ?
ਉਹ ਪਿੱਪਲਾਂ ਦੇ ਪੱਤਿਆਂ ਦੀ ਝੂਮ ਝੂਮ,
ਜਿਹੜੀ ਸਾਡੇ ਗੁੰਗੇ ਦਿਲਾਂ ਨੂੰ ਵਲੂੰਦਰਦੀ ਸੀ;
ਉਹ ਖੜਕਦੇ ਕਿਉਂ ਨਿੰਮੂਝਣੇ ਹੋ ਅੱਜ,
ਕੋਈ ਨਾਚ ਉਨ੍ਹਾਂ ਦਾ ਨਾਂਹ ਹੁਣ ਦੇਖਣੇ ਆਉਂਦਾ,
ਭੱਠ ਪਈ ਅੱਜ ਦੀ ਸੱਭਿਅਤਾ,
ਜਿਹੜੀ ਦੌੜਦੀ, ਹਫ਼ਦੀ, ਦੌੜ ਦੌੜ ਆਰਾਮ ਚਾਹੇ ਲੈਣਾ;
ਇਕੋ ਵਾਰੀ, ਇਕੋ ਦਿਨ ਦੋਹਾਂ ਹੱਥਾਂ ਨਾਲ ।

ਅੰਬਾਂ ਦੇ ਬੂਰ ਪਏ ਕਿਰਦੇ ਬੇਬੱਸ ਹੋ,
ਕੋਈ ਸੁਹਣੀਆਂ ਪੀਂਘਾਂ ਹੁਣ ਨਾ ਝੂਟਦੀਆਂ,

ਇਹ ਕੀ ਹੈ ਮੁਰਦਿਹਾਣ ਜਿਹੀ ?
ਉਹ ਹੁਣ ਪੁਰਾਣੇ ਵਿਆਹ ਦੇ ਰੰਗ ਨਹੀਂ, ਢੰਗ ਨਹੀਂ,
ਕੁਝ ਉਧਲਣ, ਉਧਾਲਣ ਜਿਹਾ ਬਸ ਲੱਗਦਾ।
ਉਹ ਜੰਞਾਂ ਕਿਥੇ ? ਉਹ ਵਿਹਲ, ਉਹ ਖੁੱਲ੍ਹ, ਉਹ ਚਾਅ,
ਦੱਸੋ ਨਾ, ਕਿੱਥੇ ਟੁਰ ਗਿਆ ਸਾਰਾ ?
ਉਹ ਸ਼ਗਨ ਮਨਾਵਣੇ,
ਉਹ ਢੋਲਕੀਆਂ ਦੇ ਗੀਤ ਜਿਹੜੇ ਰਾਤ ਦੀ ਰਗ ਰਗ ਛੇੜਦੇ,
ਉਹ ਕੁੜੀਆਂ ਕੰਵਾਰੀਆਂ ਦੇ ਮਨ ਦੇ ਚਾਅ ਦੇ ਟੱਪੇ,
ਨਿੱਕੇ ਨਿੱਕੇ ਕੋਇਲਾਂ ਦੀਆਂ ਭਾਂਤ ਭਾਂਤ ਬੋਲੀਆਂ;
ਉਹ ਰਾਗ ਨਵੇਂ ਨਵੇਂ, ਸੱਜਰੇ, ਸਿੱਜੇ ਸਿੱਜੇ, ਭਿੱਜੇ ਭਿੱਜੇ, ਰੂਹਾਂ ਵਿਚ
ਜਿਹੜੇ ਨਿਕਲਦੇ,
ਉਹ ਘੋੜੀਆਂ, ਉਹ ਸੁਹਾਗ,
ਉਹ ਦੋ ਦੋ ਗੱਲਾਂ ਤੇ ਹਾਸੇ,
ਉਹ ਮਖ਼ੌਲੀ ਤਬੀਅਤਾਂ ਖ਼ੁਸ਼ੀ ਭਰਨ ਵਾਲੀਆਂ,
ਉਹ ਦਾਤੇ, ਉਹ ਭੰਡਾਰੀ : ਉਹ ਜਾਂਞੀ, ਉਹ ਮਾਂਞੀ;
ਉਹ ਜੰਞਾਂ ਜਗਮਗ ਕਿੱਥੇ, ਕੇਸਰ ਦੀਆਂ ਰੰਗੀਆਂ ?
ਉਹ ਲਾੜੇ ਦਾ ਘੋੜੀ 'ਤੇ ਚੜ੍ਹਨਾ,
ਉਹ ਭੈਣਾਂ ਲਾੜੇ ਦੀਆਂ ਗਾ ਗਾ, ਵਾਗਾਂ ਦਾ ਗੁੰਦਣਾਂ,
ਉਹ ਘੋੜੀ ਚਿੱਟੀ ਦਾ ਨਾਜ਼ ਤੇ ਚਾਅ ਵਿਚ,
ਲਾੜੇ ਨੂੰ ਚੱਕ ਮੋਢੇ ਖ਼ੁਸ਼ੀ ਥੀਣਾਂ,
ਉਹਦੇ ਗਲ ਦੀਆਂ ਗਾਨੀਆਂ ਦਾ ਭੈਣਾਂ ਨਾਲ ਰਲ ਮਿਲ ਗਾਵਣਾ।

ਉਹ ਨੇਜ਼ੇ-ਬਾਜੀਆਂ ਵਿਆਹਾਂ 'ਤੇ,
ਉਹ ਰੰਗ-ਬਰੰਗੀਆਂ ਚੋਚਲਾਂ,
ਉਹ ਖੇਡਾਂ ਉਹ ਕੌਡੀਆਂ, ਉਹ ਖੁੱਲ੍ਹੇ ਖੇਤਾਂ ਵਿਚ ਦੌੜਾਂ ਖ਼ੁਸ਼ੀ ਦੀਆਂ।
ਉਹ ਦਰਿਆਵਾਂ ਦਾ ਨਹਾਣ ਜਾਣਾ ਢੋਲਕੀਆਂ ਵੱਜਦੇ,
ਉਹ ਸੈਂਚੀਆਂ ਉਹ ਕਿਸ਼ਤੀਆਂ ਅਖਾੜੇ ਤੇ ਕਬੱਡੀਆਂ।

ਸਭ ਜੀਅ ਦਾ ਚਾਅ ਹੋਣ ਦਾ ਮਾਣ, ਥੀਂਣ ਦਾ ਨਸ਼ਾ ਕਿਥੇ ?
ਉਹ ਪਿਆਰੀ ਬਸੰਤ ਦੀਆਂ ਫੁੱਲਾਂ ਦੀਆਂ ਹੋਲੀਆਂ,
ਬਾਗ਼, ਬਾਗ਼ ਭਰ ਪਿਚਕਾਰੀਆਂ, ਰੂਪਾਂ ਦਾ ਖੇਡਣਾ।
ਉਹ ਲੋਹੀਆਂ ਦੀ ਲੱਕੜਾਂ ਦੀ ਮੰਗ ਬੂਹੇ ਬੂਹੇ,
ਉਹ ਕੁੜੀਆਂ ਦਾ ਜੁੜਨਾ ਅੱਗ ਦੇ ਚੁਫੇਰੇ ਤੇ ਗਿੱਧੇ ਪਾ ਪਾ ਗਾਉਣਾ।

ਵਹਿਮ ਜੇ ਉੱਡੇ ਤਾਂ ਉੱਡੇ ਸਦਕੇ,
ਵਹਿਮਾਂ ਦਾ ਉੱਡਣਾ ਜ਼ਰੂਰ ਸੀ,

ਪਰ ਸਾਡੀਆਂ ਸਾਰੀਆਂ ਖ਼ੁਸ਼ੀਆਂ ਨਾਲੇ ਗਈਆਂ,
ਜਿੰਦ ਕਿੱਥੇ ਟੁਰ ਗਈ, ਨਾਲੇ ਰੂਹ ਕਿੱਥੇ ਟੁਰ ਗਿਆ ?
ਔਖਾ ਹੈ ਜਿੰਦਾਂ ਫਸਣੀਆਂ ਨੂੰ ਕੱਢਣਾ;
ਕੰਡੇ ਨਾਲੋਂ ਫੁੱਲ ਨੂੰ ਤੋੜਨਾ, ਫੁੱਲ ਨੂੰ ਮਾਰਨਾ ਹੈ।
ਦੱਸ ਨਾ, ਇਹ ਕੀ ਹੋਇਆ ?
ਕਿਸ ਲਈ ਸਭ ਕੁਝ ਖੋਇਆ ?
ਦਵਾਈ ਖਾ ਮਰੀਜ਼ ਹੀ ਮੋਇਆ, ਸਾਡੇ ਹੱਥ ਕੀ ਆਇਆ ?
ਦਿਲ ਸਾਡੇ ਸੱਖਣੇ, ਲਾਟ ਬੁਝ ਗਈ।

ਪੰਜਾਬ ਨੂੰ ਕੂਕਾਂ ਮੈਂ

ਆ ਪੰਜਾਬ-ਪਿਆਰ ਤੂੰ ਮੁੜ ਆ !
ਆ ਸਿੱਖ-ਪੰਜਾਬ ਤੂੰ ਘਰ ਆ !
ਤੇਰੇ ਤੂਤ ਦਿਸਣ ਮੁੜ ਸਾਵੇ,
ਮੁੜ ਆਵਣ ਬੂਟਿਆਂ ਨਾਲ ਤੇਰੀ ਦੋਸਤੀਆਂ।
ਤੇਰੇ ਪਿੱਪਲਾਂ ਹੇਠ ਹੋਣ ਮੁੜ ਮੇਲੇ,
ਤੇਰੇ ਅੰਬਾਂ 'ਤੇ ਪੀਂਘਾਂ ਉੱਲਰਦੀਆਂ।
ਕੁੜੀਆਂ, ਨੱਢੇ ਮੁੜ ਖੇਡਣ ਅਡੱਕ ਹੋ ਕੇ,
ਰਲ ਮਿਲ ਉਨ੍ਹਾਂ ਚੰਨੇ ਦੀਆਂ ਚਾਨਣੀਆਂ,
ਕਿਰਕਿਲੀਆਂ ਪਾਣ ਰਲ ਮਿਲ ਕੇ, ਖੇਡਣ ਛੁਪਣ ਲੁਕੀਆਂ।
ਉਹੋ ਰਾਤਾਂ ਮੁੜ ਆਵਣ, ਨਿਰਵੈਰ, ਨਿਰਦ੍ਵੈਖ, ਪਵਿੱਤਰ, ਅਬੋਝ, ਬਇਲਮ,
ਨਿਸ਼ਪਾਪ ਸੁਹਣੀਆਂ ਸਵਾਦਲੀਆਂ;
ਉਹੋ ਗਿੱਧੇ ਉਹ ਧੂੜਾਂ ਦਾ ਉਠਾਉਣਾ ਰਲ ਮਿਲ,
ਉਪਰ ਚੰਨ, ਹੇਠ ਚੰਨੀਆਂ, ਬੰਨੇ ਤੇ ਬੰਨੀਆਂ,
ਨੱਚ ਨੱਚ, ਧਮ ਧਮ, ਥੰਮ ਥੰਮ, ਆਖ਼ਰ ਆਵਨ ਮੁੜ ਉਹੋ।
ਖਿੱਚਾਂ ਖਿਲੀਆਂ ਪੁਰਾਣੀਆਂ।
ਤ੍ਰਿੰਝਣਾਂ ਵਿਚ ਮੁੜ ਗਾਣ ਕੁੜੀਆਂ,
ਆਪੇ ਜਿਹੀਆਂ ਸਭ ਇਕ ਥਾਂ ਇਕੱਠੀਆਂ,
ਇਕ ਚਾਹ ਵਾਲੀਆਂ, ਦਿਲਾਂ ਦੇ ਭੇਤ ਸਾਂਝੇ ਵਾਲੀਆਂ,
ਤੇ ਮੁੜ ਬਾਗ਼ ਗੂੰਜਣ ਇਨ੍ਹਾਂ ਕੋਇਲਾਂ ਦੀਆਂ ਤੀਖਣ ਬੋਲੀਆਂ,
ਤੇ ਤੋਤਿਆਂ ਪਿੱਛੇ ਨੱਸਣ, ਤਾੜੀਆਂ ਮਾਰਦੀਆਂ ਉਨ੍ਹਾਂ ਨੂੰ ਟਹਿਣੀ ਟਹਿਣੀ
ਉਡਾਂਵਦੀਆਂ।
ਸੁਹਣੀਆਂ ਛਾਤੀਆਂ ਮੁੜ ਉਭਰਨ, ਧੜਕਣ, ਕੰਬਣ, ਉਨ੍ਹਾਂ ਗੁਝੇ ਗੁਝੇ ਪਿਆਰਾਂ
ਅਣਦਸਿਆਂ।

ਕੰਧਾਂ ਸਾਰੀਆਂ ਢਾਹਵੋ ਹੁਣ, ਬੂਹੇ ਸਾਰੇ ਖੋਲ੍ਹ ਦੇਵੋ,

ਮਿਲੋ ਬਸੰਤ ਨੂੰ ਪਾ ਪਾ ਜੱਫੀਆਂ ।

ਬੋਲਣਾ ਤਾਂ ਘਟ ਹੋਵੇ, ਨੱਸਣਾ ਹੱਦੋਂ ਵਧ ਹੋਵੇ
ਭਾਅ ਹੋਣ, ਚਾਅ ਹੋਣ, ਮੁੜ ਉਹੋ ਪੁਰਾਣੇ,
ਖੁੱਲ੍ਹ ਹੋਵੇ, ਡੁੱਲ੍ਹ ਹੋਵੇ,
ਇਕ ਦੂਜੇ ਪਿੱਛੇ ਮਰਨਾ,
ਘਰ, ਘਰ ਇਕੱਠ ਹੋਵੇ,
ਉਹੋ ਪੁਰਾਣੀਆਂ ਮਿਲਤਾਂ,
ਗਹਿਮਾ ਗਹਿਮ ਹੋਵੇ, ਚਹਿਲ ਬਹਿਲ, ਗੁਰੂ ਦੀਆਂ ਬਰਕਤਾਂ ।
ਸੁਹਾਗ, ਭਾਗ, ਜਰਨਾ, ਨਿਵ ਚਲਣਾ, ਉਹੋ ਪੁਰਾਣੀ ਧਾਰਨਾ ।

ਦੁੱਧ, ਦਹੀਂ ਅਮਿੱਤ ਹੋਣ,
ਸਭ ਕੱਜ ਕੱਜ, ਢਕ ਢਕ ਰਖਣਾ ।
ਮਰਨ ਜੀਣ ਸਭ ਸਾਂਝੇ ਹੋਣ,
ਦਰਦ ਜੀਅ ਦਾ ਹੋਵੇ ਦਿਲ ਵਿਚ,
ਦਰਦ, ਦੁੱਖ ਸਭ ਕਿਸੇ ਦੇ, ਹੋਣ ਆਪਣੇ;
ਜਾਤ ਪਾਤ ਛੱਡਣਾ ।
ਦਿਲ ਦਰਿਆ ਹੋਣ ਰੱਬ ਦੀ ਜੋਤ ਵਾਲੇ,
ਰੱਬ ਵਾਲੀ ਦਇਆ ਹੋਵੇ, ਰੱਬ ਵਰਗਾ ਬਖ਼ਸ਼ਣਾ
ਭੁੱਲ ਚੁਕ ਬੁਰਦ ਦਰਿਆ ਸਭ ਦੀ,
ਰੱਬ ਪਾਸੋਂ ਡਰਨਾ,
ਸਭ ਦੇ ਕਰਮ ਖੋਟੇ ਖਰੇ, ਜਾਣ ਆਪਣੇ ।
ਭੁੱਲਣਾ, ਬਖ਼ਸ਼ਣਾ, ਯਾਦ ਕਰਨਾ ਰੱਬ ਦੀਆਂ ਮਿਹਰਾਂ ।
ਕੋਈ ਨਾ ਹਿਸਾਬ ਹੋਵੇ,
ਪਿਆਰ ਹੀ ਪਿਆਰ ਚੱਖਣਾ,
ਰੂਪ ਹੀ ਰੂਪ ਤੱਕਣਾ,
ਸੁਗੰਧੀ ਜਿਹੀ ਲਖਣਾ ਹਰ ਥਾਂ ਉਚੀ,
ਉੱਚਾ ਸਦਾ ਹੋਵੇ; ਪਿਆਰ-ਗਗਨਾ ਉੱਡਣਾ ।

ਧੀ ਭੈਣ ਦਾ ਆਦਰ ਹੋਵੇ,
ਨਾਲ ਮੁਹੱਬਤਾਂ ਪਾਲਣਾ ।
ਬੱਚੇ ਬੱਚੀ ਦੀ ਗ਼ੌਰ ਹੋਵੇ,
ਗੁਰਾਂ ਵਾਲੇ ਸਾਂਚੇ ਢਾਲਣਾ ।
ਦਿਨ ਰਾਤ, ਰਾਤ ਰਾਤ, ਜਾਗ ਜਾਗ,
'ਅਗੇ' ਉਪਰ ਆਪ ਗਾਲਣਾ ।
ਨੈਣਾਂ ਵਿਚ ਜਲ ਹੋਵੇ, ਸਦਾ ਸੇਜਲ ਜਿਹੀ,

ਹੱਸ ਮਿਲਣਾ, ਮਿਲਾਉਣਾ ।
ਦਿਲ ਵਿਚ ਦਰਦ ਹੋਵੇ,
ਇਕ ਪੀੜ ਜਿਹੀ ਵਿਚ ਜੀਵਣਾ ।

ਲਹਿਰਾਂ ਵਾਂਗ ਗੁੱਛੇ ਹੋਈਏ,
ਤੇ ਲਹਿਰਾਂ ਵਾਂਗ ਆਵੀਏ;
ਮਿਲੀਏ, ਲੜੀਏ, ਪਛਾੜੀਏ,
ਉੱਠੀਏ, ਜਿੱਤੀਏ, ਹਾਰੀਏ, ਘੁਲੀਏ, ਲਤਾੜੀਏ,
ਪਰ ਘੜੀ ਘੜੀ, ਸਦਾ ਸਦਾ ਪਾਣੀ ਪਾਣੀ ਹੋਵੀਏ,
ਮੁੜ ਆਪੇ ਵਿਚ ਪਿਆਰ ਪਿਆਰ, ਠੰਢ ਠੰਢ ਢੋਵੀਏ,
ਇਕ ਦੂਜੇ ਦੇ ਬਾਲ ਵਿਚ ।

ਆ ! ਪੰਜਾਬ, ਤੂੰ ਮੁੜ ਆ ! ਖਿੜੇ ਖਿੜੇ ਮੱਥੇ ਲਾ,
ਕਰੋੜਾਂ ਪੰਜਾਬ ਆ, ਇਕ ਆ, ਹਜ਼ਾਰ ਆ ।
ਦਿਲ ਦੇ ਵਿਚਕਾਰ ਆ ! ਰੂਹ ਦੀ ਖੁੱਲ੍ਹੀ ਟੰਕਾਰ ਆ ।
ਭੌਰਿਆਂ ਦੀ ਗੁੰਜਾਰ ਆ ! ਫੁੱਲਾਂ ਦੀ ਗੁਲਜ਼ਾਰ ਆ ।
ਧੁਰ ਦੀ ਫੁੰਕਾਰ ਆ ! ਆ ਪਿਆਰ ਪੰਜਾਬ ਸਦਕੇ,
ਤੂੰ ਮੁੜ, ਫਿਰ ਆ ।

ਸੋਹਣੀ ਦਾ ਬੁੱਤ

੧

ਆ-ਪਿਆਰ-ਪੰਜਾਬ ਤੂੰ ਮੁੜ ਆ ।
ਸੋਹਣੀ ਜਿਹੀ ਮੁੜ ਕੱਢ ਇਕ ਹੋਰ ਤੂੰ ।
ਕਰੀ ਬੁਖ਼ਾਰੇ ਦੇ ਦੇਸ ਦੇ ਮੁੜ ਚਾਕਰ,
ਪਿਆਰ ਆਪਣੇ ਦਾ ਮੁੜ ਇਕ ਵਾਰ ਮੁੱਲ ਦੱਸੀਂ ।
ਸਲਤਨਤਾਂ ਨੂੰ ਤੂੰ ਵਾਰ ਦੱਸ ਪਿਆਰ ਦੀ ਛਣਕਾਰ ਤੂੰ ।
ਦੁਨੀਆਂ ਦੀਆਂ ਵਡਿਆਈਆਂ ਸਾੜ ਤੂੰ,
ਸਾਦੇ ਮਿਲਦੇ ਸੁਹਣੇ ਸ਼ਿੰਗਾਰ ਤੂੰ ।
ਦੀਨ ਨੂੰ ਵੀ ਤੂੰ ਸੁਟ ਪਰੇ, ਦਇਆ ਪਿਆਰ ਵਾਲੀ ਧਾਰ ਤੂੰ ।
ਆਪਾ ਮੁੜ ਮੁੜ ਵਾਰ ਤੂੰ,
ਨੰਗਾ ਹੋ ਤੂੰ ਕੰਗਾਲ ਭਾਵੇਂ,
ਭਰੋਸਾ ਰਖ ਤੂੰ ਮੁੜ ਓਸ ਪਿਆਰ ਤੂੰ,
ਲੁਟਾ ਗੱਜ ਵੱਜ ਕੇ ਘਰ ਬਾਰ ਤੂੰ,
ਹਾਰ, ਜਾਣ ਜਾਣ ਤੂੰ,
ਸੁਹਣੀ ਮੁੜ ਆਈ ਤੇਰੀ, ਦੇਖ ਛਾਣ ਛਾਣ ਤੂੰ ।

ਮੁੜ ਆ ! ਪਿਆਰ-ਪੰਜਾਬ ਤੂੰ,
ਤੇਰੀ ਗਲੀ ਮੁੜ ਆਏ ਕੋਈ ਡਾਢੇ ਬਨਜਾਰੇ ਪਿਆਰ ਦੇ ।
ਸੋਹਣੀ ਤੇਰੀ ਨੂੰ ਦੇਖਣ ਉਹ ਗਲੀ ਗਲੀ ਪੁਕਾਰਦੇ,
ਬਿਨ ਦੇਖੇ ਤੇਰੀ ਸੋਹਣੀ, ਉਨ੍ਹਾਂ ਦਾ ਹਾਲ ਹੁਣੇ ਹੁਣੇ ਹੀ ਮਹੀਵਾਲ ਵਾਲਾ,
ਕੰਢੀ ਝਨਾਂ 'ਤੇ ਮੁੜ ਉਹ ਫੇਰੇ ਪਾਂਦੇ,
ਤੇਰੇ ਮੁੜ ਆਉਣ ਦੀ ਆਸ ਵਿਚ ।

੨

ਕੱਢ ਮੁੜ ਤੂੰ ਜੀਂਦਾ, ਜਾਗਦਾ, ਹਿੱਲਦਾ, ਚਲਦਾ, ਬੋਲਦਾ,
ਬੁੱਤ ਉਸੇ ਪਿਆਰ ਦਾ,
ਦੱਸ ਮੁੜ ਤੂੰ ਝਲਕਾ ਓਸ ਗੁਜਰਾਤ ਦਾ
ਆਪਣੇ ਬੁੱਤਖ਼ਾਨੇ ਨੂੰ ਤੂੰ ਹੁਣ ।
ਹੱਭ ਕਿਸੇ ਨੂੰ ਪਿਆਰ ਦੇ ਦੇ ਸੱਦਿਆ,
ਸਭ ਆਣ ਵੱਸੇ ਇਥੇ, ਚੀਨ, ਈਰਾਨ ਥੀਂ,
ਸਭ ਨੂੰ ਪਿਆਰਿਆ ਤੇ ਬਖ਼ਸ਼ਿਆ,
ਅੰਮ੍ਰਿਤ ਉਹ ਰੂਪ ਵਾਲੇ ਪਿਲਾ ਪਿਲਾ ਕੇ ।

ਸੋਹਣੀ-ਬੁੱਤ ਤੇਰਾ ਕੌਮੀ ਨਿਸ਼ਾਨ ਹੈ,
ਅਸਾਂ ਲੀਰਾਂ ਤੇ ਚੀਥੜਿਆਂ ਦੇ ਵਹਿਮਾਂ ਨੂੰ ਕਦ ਸਲਾਮ ਕਰਨਾ ?
ਸੋਹਣੀ ਮੁੜ ਕੱਢ ਤੂੰ, ਦੱਸ ਖਾਂ ਇਕ ਵਾਰੀ,
ਤੇ ਦੇਖ ਮੁੜ ਤੂੰ ਸਾਡੀ ਫਿਰ ਆਈ ਸ਼ਾਨ ਨੂੰ ।
ਧੌਣ ਨੀਵੀਂ ਸਾਡੀ,
ਦਿਲ ਵਿਚ,
ਮਹੀਂ ਮੁੜ ਚਾਰਾਂਗੇ ਤੇਰੀਆਂ,
ਭਾਵੇਂ ਪਾਤਸ਼ਾਹਾਂ ਦੇ ਪੁੱਤ ਅਸੀਂ,
ਫਿਰਾਂਗੇ ਬੇਲਿਆਂ ਤੇਰਿਆਂ ਵਿਚ,
ਵਾਜਾਂ ਮਾਰਦੇ ਉਸ ਕਲਗੀਆਂ ਵਾਲੇ ਸਰਦਾਰ ਨੂੰ ਅਸੀਂ ।

ਧੂੜ ਬੇਸ਼ੱਕ ਪਵੇ ਮੂੰਹ 'ਤੇ,
ਪਾਣੀ ਵੱਗੇ ਬੇਸ਼ਕ ਫਟੀ ਜੁੱਤੀ ਮੇਰੀ ਵਿਚ,
ਪਰ ਤਾਰੇ ਲਟਕਣਗੇ ਮੇਰੇ ਸਿਰ ਵਿਚ,
ਇਕ ਮਿੱਠੀ ਸਦਾ ਦੀ ਲੋਅ ਮੈਨੂੰ ਦੇਂਵਦੇ ।

ਸੁਹਣੇ ਉੱਚੇ ਪਿਆਰ ਵਿਚ ਆ,
ਸੰਭਾਲੀਏ ਮੁੜ ਪੁਰਾਣੀਆਂ ਕਮਾਈਆਂ ਨੂੰ,

ਦਿਲ ਭੇਟ ਕਰੀਏ, ਮੁੜ ਤੇਰੀਆਂ ਜਾਈਆਂ ਨੂੰ ।

ਆਣ ਇਥੇ ਤੇਰੇ ਸੁਹਣੀ-ਬੁੱਤ ਨੂੰ ਜਿਹੜਾ ਨਾਂਹ ਪੂਜੇ,
ਵੱਡਾ ਕਾਫ਼ਰ ਉਹ ਭਾਵੇਂ ਮੁਸਲਮਾਨ ਹੋਵੇ,
ਗਵਾਹੀ ਦਿਵਾਸਾਂ ਮੈਂ ਉਹਨੂੰ ਹਜ਼ਰਤ ਬੱਕਮਾਲ ਦੀ ।

ਇਉਂ ਬਣ ਤਣ ਕੇ ਨਿਕਲ ਮੁੜ ਤੂੰ,
ਚਾਰ ਚਾਰ ਸੂਰਜਾਂ ਅੱਠ ਅੱਠ ਚੰਨਾਂ ਨਾਲ ਜੜਿਆ,
ਉਹ ਜੰਗਲਾਂ ਤੇ ਬਾਗ਼ਾਂ ਤੇ ਬੇਲਿਆਂ ਦਿਆ ਮਾਲਕਾ ।
ਸੋਹਣੀ ਤੇ ਹੀਰ ਜਿਹੀਆਂ ਦਿਆ ਖ਼ਾਲਕਾ ।
ਤੇਰੇ ਦਰਸ਼ਨਾ ਨੂੰ ਜਹਾਨ ਆਉਣਾ,
ਤੂੰ ਸਾਨੂੰ ਛੱਡ ਕੇ ਕਿਹੜੇ ਰਾਹ ਆ ਗਿਆ ?
ਮੁੜ ਆ ! ਪੰਜਾਬ ਤੂੰ ਮੁੜ ਆ,
ਤੇਰੇ ਰੂਪ ਪਿਆਰ ਨੂੰ ਉਡੀਕਦੇ ਮੁਲਕ ਸਾਰੇ,
ਤੇਰੇ ਵੱਖਰੇਪਨ, ਤੇਰੇ ਅੱਥਰੇਪਨ ਦੀ ਚਾਹ ਹਾਰੇ ।

ਤੂੰ ਦੌੜਦਾ ਦੌੜਦਾ ਆਈਂ ਪਿਆਰਾ ।
ਹਨੇਰਾ ਘੁੱਪ ਸਾਰਾ ਤੂੰ ਹਟਾਈਂ ਪਿਆਰਾ ।
ਕਰੀਂ ਸੁਥਰਾ ਪਿੜ ਪਿਆਰਾ ਵਾਲਾ,
ਵੱਜਣ ਮੁੜ ਦਿਲ ਦੀਆਂ ਢੂੰਬਕ ਢੇਰੀਆਂ ।

ਗਗਨਾਂ ਦੀ ਡਾਚੀ 'ਤੇ ਚੜ੍ਹ ਆ ਪਿਆਰਾ ।
ਟੱਲੀਆਂ ਤੇ ਡਾਚੀ ਦੇ ਗਲ ਲਟਕਦੀਆਂ ।
ਆ ਟੱਲੀਆਂ ਦੇ ਰੰਗ ਵਿਚ ਗਾਉਂਦਾ ।

ਆ ਚਾਨਣੀ ਦੀ ਨੀਲੀ ਘੋੜੀ 'ਤੇ ਚੜ੍ਹ ਆ,
ਸੁਹਣਿਆਂ ! ਰਵਾਲ ਚਾਲ ਚਲਦੀ ਤੁਰੀ ਤੇਰੀ ।
ਆ, ਇਕ ਇਕਬਾਲ ਦਾ ਰੂਪ ਤੂੰ ।
ਆ, ਤਾਰੇ ਖਿਲਾਰਦਾ, ਅੱਧੀ ਅੱਧੀ ਰਾਤ ਨੂੰ ।
ਬੂਹੇ ਠਕੋਰ ਸਾਡੇ ਮੁੜ ਤੂੰ, ਆ, ਵਾਜਾਂ ਮਾਰਦਾ ।

ਇਹ ਸੁਨੇਹਾ ਕਿਹਾ ਪਿਆਰਾ

"ਉਹ ਤੈਨੂੰ ਪਿਆਰ ਕਰਦਾ"
ਮੁੜ ਆਖੀਂ ਵੀਰਾ !
ਮੁੜ ਆਖੀਂ ਇਕ ਵੇਰੀ ਹੋਰ,
ਮੁੜ ਮੁੜ ਮੇਰੇ ਕੰਨੀਂ ਪਾ ਵੀਰਾ
"ਉਹ ਤੈਨੂੰ ਪਿਆਰ ਕਰਦਾ"

ਮੈਂ ਤਾਂ ਬੂਹੇ ਬਾਰੀਆਂ ਖੋਲ੍ਹ ਖੜੀ,
ਸਾਰੇ ਰੂਹ ਦੀਆਂ, ਲੱਖਾਂ ਬਾਰੀਆਂ ਵਾਲਾ ਰੂਹ ਮੇਰਾ,
ਤੇ ਰਖ ਸਿਰ ਆਪਣਾ ਹਰ ਬਾਰੀ ਵਿਚ,
ਕੰਨ ਬਾਹਰ ਨੂੰ ਲਾ,
ਲੱਖਾਂ ਕੰਨਾਂ ਨਾਲ ਮੈਂ ਸੁਣਨਾ ਚਾਹਾਂ—
"ਉਹ ਤੈਨੂੰ ਪਿਆਰ ਕਰਦਾ"

ਜਾਵੀਂ ਨਾ ਤਾਵਲਾ ਲੰਘ ਵੀਰਾ ।
ਖਲੋਵੀਂ ਇਸ ਗਲੀ, ਇਥੇ ਮੈਂ ਸੁਣਨ ਦੀ ਚਾਹ ਰਹਿੰਦੀ,
ਚਲੀਂ ਨਾ ਚਲਣ ਵਾਂਗ, ਹੌਲੀ ਹੌਲੀ ਗਾਂਦਾ ਜਾਵੀਂ,
ਮੁੜ ਮੁੜ ਉਹ ਤੂੰ ਆਪਣਾ ਮਿੱਠਾ ਬੋਲ—
"ਉਹ ਤੈਨੂੰ ਪਿਆਰ ਕਰਦਾ"

ਗਾਵੀਂ ਨਾ ਹੋਰ ਗੀਤ ਕੋਈ
ਛੇੜੀਂ ਨਾ ਹੋਰ ਸੁਰ ਕੋਈ,
ਬੱਸ ! ਇਹੋ ਇਕ,
ਮੁੜ ਮੁੜ ਕੰਨੀਂ ਪਾ ਮੇਰੀ—
"ਉਹ ਤੈਨੂੰ ਪਿਆਰ ਕਰਦਾ"
ਤੂੰ ਆਖੇਂ—"ਉਹ ਤੈਨੂੰ ਪਿਆਰ ਕਰਦਾ"
ਉਹ ਆਖਦਾ-"ਕਦੀ ਨਾਂਹ ।"

ਸਦੀਆਂ ਪਿਛੇ ਆਵੇ ਇਕ ਦਿਨ, ਇਕ ਘੜੀ ਕਦੀ,
ਪਲ ਦੀ ਪਲ, ਖਲੋਵੇ ਸਾਹਮਣੇ,
ਹੱਸੇ ਇਕ ਡੂੰਘੇ ਅਰਥ ਵਾਲੀ ਹੱਸੀ ਨਿੱਕੀ ਜਿਹੀ;
ਹੱਸੇ, ਆਖੇ ਕੁਝ ਨਾਂਹ
ਤੱਕੇ ਉਹ, ਮੈਂ ਤੱਕਾਂ ਉਤੋਂ,
ਮੈਂ ਸ਼ਰਮਾਂ ਦੀ ਮਾਰੀ,
ਮੂੰਹ ਆਪਣਾ ਹੇਠਾਂ ਨੂੰ ਕਰ
ਤੇ ਨੈਨਾਂ ਨੂੰ ਉੱਚਾ ਜਿਹਾ ਖਿਚ ਮੈਂ ਦੇਖਾਂ ਇਸ ਵੱਲ,
ਉਹ ਟੁਰ ਜਾਂਦਾ ਹੱਸੀ ਦੀ ਛੋਹ ਦਾ ਪ੍ਰਕਾਸ਼ ਜਿਹਾ ਸੁੱਟ ਕੇ,
ਉਹ ਜਾਂਦਾ ਪਲਕ ਦੀ ਪਲਕ ਵਿਚ,
ਪਿੱਛੇ ਮੁੜ ਤੱਕਦਾ ਮੈਨੂੰ ਖਿੜਿਆ,
ਮੈਂ ਖੜੀ, ਅੱਖਾਂ ਮੇਰੀਆਂ ਦੌੜਦੀਆਂ,
ਖੜੀ ਸਿੱਜੀ, ਘੁਲੀ, ਰੰਗੀ,
ਮੈਂ ਚੁੱਪ, ਅੰਦਰ ਨਾਚ ਕਰੇ, ਇਕ ਮਾਣ ਮੈਂ ਵਿਚ—
"ਉਹ ਤੈਨੂੰ ਪਿਆਰ ਕਰਦਾ"
ਪਰ ਉਹ ਕਦੀ ਨਾ ਆਖਦਾ ।

ਓ ਕੁੜੀਓ ! ਸਹੇਲੀਓ ! ਆਉ ਨਾ,
ਮੁੜ ਮੁੜ, ਦੌੜ ਦੌੜ ਆਵੋ,
ਆਖੋ ਘੜੀ ਘੜੀ, ਪਲ ਪਲ, ਛਿਣ ਛਿਣ—
"ਉਹ ਤੈਨੂੰ ਪਿਆਰ ਕਰਦਾ"

ਮੇਰਾ ਦਿਲ ਨਿੱਕਾ ਜਿਹਾ,
ਇਹ ਮੁੜ ਮੁੜ ਬੇਸਬਰਾ ਧੜਕੇ, ਸਿਸਕੇ;
ਜਦ ਇਹ ਆਸਾਂ ਬੰਨ੍ਹਣ ਵਾਲਾ ਅਵਾਜ਼ ਆਂਦਾ,
ਇਹ ਦਿਲ ਜੀ ਜਾਂਦਾ, ਹੁੰਦਾ ਝਟ ਦੇ ਝਟ ਅਕਾਸ਼ ਵਿਚ;
ਸਹੇਲੀਓ ! ਮੈਨੂੰ ਤੜਫਦੀ ਜਿੰਦ ਨੂੰ ਨਾ ਛੱਡੀਓ, ਅੜੀਓ ।
ਮੈਨੂੰ ਘੜੀ ਘੜੀ ਖ਼ਬਰ ਦੇਣੀ ਜੇ—
"ਉਹ ਤੈਨੂੰ ਪਿਆਰ ਕਰਦਾ"

ਇਹ ਖ਼ਬਰ ਹੀ ਮੇਰੀ ਜਿੰਦ ਜੇ,
ਇਹ ਖ਼ਬਰ ਹੀ ਮੇਰੇ ਦਿਨ ਤੇ ਰਾਤ ਦੀ ਰੌਸ਼ਨੀ,
ਇਹ ਆਸ ਮੇਰੀ, ਇਹ ਮੇਰੀ ਮੁਰਾਦ ਜੇ,
ਇਹੋ ਖ਼ਬਰ ਸੁਖ ਦੀ ਸੁਨਾਣੀ,
ਤੇ ਜੀਂਦੋ ਨੂੰ ਇਸ ਸਹੇਲਪੁਣੇ ਨਾਲ ਪਾਲਣਾ—
"ਉਹ ਤੈਨੂੰ ਪਿਆਰ ਕਰਦਾ"

ਓ ਪੰਡਤੋ ! ਓ ਪ੍ਰੋਹਤੋ ! ਮੁੱਲਾਂ ਮੁਲਾਣਿਓਂ !
ਦੀਨ ਈਮਾਨ ਦਾ ਹੋਰ ਭੇਦ ਨਾ ਸਿੱਖਣਾ ਮੈਂ,
ਨਾ ਤੁਸਾਂ ਮੈਨੂੰ ਵਹਜ਼ ਕਰ ਕਰ ਦੱਸਣਾ,
ਚੋਰੀ ਚੋਰੀ ਮੈਨੂੰ ਤੁਸਾਂ ਆਣ ਦੱਸਣਾ—
"ਉਹ ਤੈਨੂੰ ਪਿਆਰ ਕਰਦਾ"

ਆਵੀਂ ਤੂੰ ਰੱਬ ਮੇਰਿਆ

ਆਵੀਂ ਤੂੰ ਰੱਬ ਮੇਰਿਆ,
ਵਹਿਲਾ ਵਹਿਲਾ ਆਵੀਂ,
ਤਾਵਲਾ ਤਾਵਲਾ,
ਤੇ ਸਟੀਂ ਪਰੇ ਹੱਥ ਮੇਰੇ ਵਿਚੋਂ ਖੋਹ ਕੇ,
ਇਹ ਘੰਟੀਆਂ, ਟੱਲੀਆਂ,
ਜਿਹੜੀਆਂ ਮੈਂ ਹੱਥ ਵਿਚ ਫੜੀਆਂ, ਤੇਰੀ ਪੂਜਾ ਲਈ,
ਤੇ ਆਵੀਂ ਬੁਝਾਵੀਂ ਆਪ ਤੂੰ ਆਪਣੇ ਹੱਥ ਨਾਲ,
ਇਹ ਦੀਵੇ ਥਾਲ ਵਿਚ ਪਾਏ ਮੈਂ,
ਤੇਰੀ ਆਰਤੀ ਕਰਨ ਨੂੰ ।
ਤੇ ਪਕੜੀਂ ਹੱਥ ਮੇਰੇ,
ਸੰਭਾਲੀਂ ਮੈਨੂੰ ਤੇਰੇ ਦਰਸ਼ਨਾਂ ਦੀ ਖ਼ੁਸ਼ੀ ਵਿਚ ਡਿੱਗਦੀ ਨੂੰ
ਤੇ ਰਖੀਂ ਦੋਵੇਂ ਹੱਥ ਆਪਣੇ ਮੇਰੇ ਪੀਲੇ ਪੀਲੇ ਮੂੰਹ 'ਤੇ,
ਤੇ ਚੁਕੀਂ ਚੁਕੀਂ ਰੱਬਾ ਅੱਪਣੇ ਹੱਥੀਂ,
ਮੇਰਾ ਮੁਖ ਉਤਾਹਾਂ ਨੂੰ,
ਉਨ੍ਹਾਂ ਆਪ ਕੀਤਿਆਂ ਹਨੇਰਿਆਂ ਵਿਚ,
ਉਸ ਘੁੱਪ ਹਨੇਰੇ ਵਿਚ ਦੱਸੀਂ,
ਚੁੱਕ ਮੇਰੇ ਨੈਨ ਉਤਾਹਾਂ ਨੂੰ, ਦੱਸ ਰੱਬਾ !
ਆਪਣੀ ਝੋਲੀ ਵਿਚ ਬਿਠਾ ਕੇ ਰੱਬਾ ਮੈਨੂੰ,
ਆਪਣਾ ਮੁੱਖੜਾ ਚੋਰੀ ਚੋਰੀਆਂ,
ਤੇ ਇਉਂ ਪੜ੍ਹਾਈ ਰੱਬਾ !
ਆਪਣੀ ਅਨਪੜ੍ਹ ਜਿਹੀ, ਝਲੀ ਜਿਹੀ ਬਰਦੀਆਂ,
ਇਹ ਧੁਰ ਅੰਦਰ ਦੀ ਭੇਤ ਵਾਲੀ ਵਿੱਦਿਆ ਸੱਚ ਦੀ ।
ਹਾਂ, ਰੱਬਾ ! ਉਥੇ ਮੇਰੇ ਨੈਨਾਂ ਵਿਚ ਈਦ ਦਾ ਚੰਨ੍ਹ ਚਾੜ੍ਹ ਕੇ,
ਦੱਸੀਂ ਵਿੱਦਿਆ ਦੀ ਅਵਿੱਦਿਆ, ਉਥੇ,
ਤੇ ਚਾਨਣ ਸਾਰੇ ਦਾ ਘੁੱਪ ਹਨੇਰਾ ਤੇ ਹਨੇਰੇ ਦਾ ਚਾਨਣ ਦੱਸੀਂ,
ਦੱਸੀਂ, ਸਭ ਕੁਝ ਨਾ ਕੁਝ ਦਸਦਾ ਹੋਰ ।

ਲੋਕੀਂ ਕਹਿਣ ਰੱਬ ਸਭ ਵਿਚ ਹੈ, ਸਭ ਕੁਝ ਹੈ

੧

ਲੋਕੀਂ ਕਹਿਣ ਰੱਬ ਸਭ ਵਿਚ ਹੈ, ਸਭ ਕੁਝ ਉਹੋ,
ਹਰ ਥਾਂ ਹੈ, ਹਰ ਸ਼ੈ ਹੈ, ਜਿਧਰ ਦੇਖੋ ਰੱਬ ਹੀ ਰੱਬ,
ਪਰ ਮੇਰੀਆਂ ਅੱਖੀਆਂ ਹਾਲੇ,
ਕੁਝ ਠੀਕ ਸੁਜਾਖੀਆਂ ਨਹੀਂ ਜਾਪਦੀਆਂ,
ਮੈਨੂੰ ਰੱਬ ਇਉਂ ਹਰ ਥਾਂ ਨਹੀਂ ਦਿਸਦਾ।

ਕਦੀ ਕਿਸੇ ਚੰਗੀ ਘੜੀ, ਕਿਸੇ ਛਿਣ, ਪਲ,
ਪਤਾ ਨਹੀਂ ਕੱਦ ਬੇਵਸ ਜਿਹਾ ਸਮਾਂ ਸ੍ਵਾਂਤੀ ਨਛੱਤਰ ਦਾ ਕੋਈ,
ਕੁਝ ਪਤਾ ਨਹੀਂ, ਆਵੇ ਅਜ ਨਾ ਆਵੇ ਸਦੀਆਂ।
ਜਦ ਕਿਧਰੇ ਕਿਸੇ ਰੰਗ ਵਿਚ ਡੁੱਬ
ਜੇ ਅੱਖ ਮੇਰੀ ਵੱਜੇ ਜਾ ਕਦੀ, ਗੱਲ ਵਸ ਦੀ ਨਾਂਹ,
ਭਾਵੇਂ ਵੱਜੇ ਜਾਂ ਕਿਸੇ ਪਹਾੜ ਦੇ ਬਰਫ਼ਾਨੀ ਕਿੰਗਰੇ 'ਤੇ,
ਉਹੋ ਦਿਸੇ ਉਸ ਨਛੱਤਰ ਵਿਚ ਕਦੀ ਰੱਬ ਦੀ ਸ਼ੋਭਾ ਵਿਚ ਝਲਕਦੀ,
ਉਸ ਪਹਾੜ ਦੀ ਡਲ੍ਹਦੀ ਕਿੰਗਰੀ ਵੜੇ ਦਿਲ ਮੇਰੇ ਵਿਚ ਵਾਂਗ ਸਾਧ ਤੇ
ਫ਼ਕੀਰ ਦੇ, ਹੋ ਜੀਂਦੀ ਜਾਗਦੀ, ਮਨੁੱਖ ਵਰਗੀ,
ਤਾਂ ਬੇਹੋਸ਼ ਦੁਨੀਆਂ ਤੇ ਦੀਨ ਥੀਂ ਹੋ ਮੈਂ ਕੂਕਾਂ—ਉਹ ਰੱਬ।
ਲੂੰ ਲੂੰ ਠੰਢਾ ਹੁੰਦਾ ਵੇਖ ਕੇ,
ਨਸ਼ਾ ਅਟੁੱਟ ਆਵੇ, ਨੈਨਾਂ ਥੀਂ ਅੰਮ੍ਰਿਤ ਬੂੰਦ ਪਈ ਵੱਸਦੀ,
ਸੁਹਣੱਪ ਦਾ ਮੀਂਹ ਵੱਸੇ ਮੇਰੇ ਚਾਰ ਚੁਫੇਰੀਂ।
ਦਿਲ ਖੁਸ਼ ਕੀਤਾ ਬਰਫ਼ਾਨੀ ਜੋਤ ਨੇ,
ਪਰ ਉਹ ਸ੍ਵਾਂਤੀ ਨਛੱਤਰ, ਪਤਾ ਨਹੀਂ ਕਿਸ ਦੇ ਵਸ ਹੈ ?
ਇਉਂ ਕਦੀ ਕਦੀ ਮੈਂ ਰੱਬ ਦੇਖਦਾ, ਕਿਧਰੇ ਕਿਧਰੇ।

੨

ਕਦੀ ਕਿਸੇ ਤਰ੍ਹਾਂ ਕੋਈ ਜਨਾਨੀ ਦਿੱਸੇ ਜਾਂਦੀ,
ਏਵੇਂ ਤਾਂ ਰੋਜ਼ ਲੱਖਾਂ ਜ਼ਨਾਨੀਆਂ,
ਪਰ ਕਦੇ ਕੋਈ, ਮੁੜ ਜਦ ਉਹੋ ਵੇਲਾ ਆਉਂਦਾ,
ਵੇਲਾ ਮੈਨੂੰ ਜਿਹੜਾ ਉਂਜ ਆਉਂਦਾ,
ਜਿਵੇਂ ਦੁਨੀਆਂ ਵਾਲਿਆਂ ਨੂੰ ਕੋਈ ਹੀਰਾ ਲੱਭਣ ਦਾ, ਭਾਰ ਵਾਲਾ
ਕੋਈ ਮਿੱਤਰ ਮਿਲਣ ਦਾ, ਇਕ ਵੇਰੀ ਜੀਵਨ ਸਾਰੇ ਵਿਚ,
ਕੰਗਾਲ ਨੂੰ ਜਿਵੇਂ ਅਚਾਨਕ ਤਖ਼ਤ ਮਿਲਣ ਦਾ।
ਇਉਂ ਜਦ ਭਾਰਾ ਸਮਾਂ ਸੰਜੋਗ ਦਾ ਆਉਂਦਾ,

ਕੋਈ ਲੱਖਾਂ ਵਿਚੋਂ ਹੀ ਇਕ ਕੋਈ,
ਲੱਖਾਂ ਜਿਹੀ ਦਿਸਦੀ, ਪਰ ਹੋਰ ਜਿਹੀ, ਵੱਖਰੀ ਸਭ ਥਾਂ, ਉਸ ਘੜੀ ਲਈ,
ਅਚੰਭਾ ਜਿਹਾ, ਅਰੂਪ ਕੋਈ, ਰੂਪ ਉਹਦੇ ਵਿਚ ਝਲਕਾਂ ਮਾਰਦੇ।
ਉਹ ਜ਼ਨਾਨੀ; ਨੈਣਾਂ ਰਾਹੀਂ ਪਾਂਦੀ ਮੇਰੇ ਰੂਹ ਵਿਚ
ਉਹ ਚੀਜ਼ ਜਿਸ ਲਈ ਮੈਂ ਸਦੀਆਂ ਰੁਲਿਆ,
ਜਿਸ ਨੂੰ ਮੈਂ ਟੋਲਦਾ ਆਇਆ ਕਈ ਜਨਮਾਂ ਦੇ ਰਾਹੀਂ,
ਪਰ ਕਦੀ ਨਾ ਮਿਲੀ ਸੀ ਜਿਹੜੀ,
ਉਹ ਆਪ ਮੁਹਾਰੀ ਰੂਹ ਮੇਰੇ ਵਿਚ ਜਾ ਵਸੀ ਰੱਬ ਦੇ ਦਰਸ਼ਨ ਵਾਂਗ
ਤੇ ਮੈਨੂੰ ਠਾਰਿਆ।
ਉਹੋ ਠੰਢ, ਉਹੋ ਸੁਹਣੱਪ, ਉਹੋ ਪਿਆਰ ਸਾਂ,
ਜਿਹੜਾ ਰੱਬ ਦੀਆਂ ਛੋਹਾਂ ਵਿਚ ਹੈ।
ਮੈਨੂੰ ਮਿਲੀ ਉਹ ਕੌਣ ਸੀ ?
ਨਾਮ ਨਾ ਪਤਾ, ਪਛਾਣਦਾ ਮੈਂ ਨਹੀਂ ਸਾਂ,
ਉਹ ਗਈ ਮੈਨੂੰ ਦਿਸਦੀ : ਰੱਬ ਹੈ।
ਰੱਬ ਇਉਂ ਮਿਲਦਾ,
ਰੱਬ ਮੈਂ ਤੱਕਿਆ।

ੜ

ਲੋਕੀਂ ਆਖਦੇ ਰੱਬ ਸਭ ਕੁਝ ਹੈ, ਸਭ ਥਾਂ ਹੈ, ਸਭ ਵਿਚ ਹੈ,
ਪਰ ਮੇਰੀਆਂ ਅੱਖਾਂ ਹਾਲੇ ਠੀਕ ਨਹੀਂ ਹਨ ਸੁਜਾਖੀਆਂ।
ਮੇਰੀ ਮਾੜੀ ਨਿਕੀ ਜਿਹੀ ਨਦਰ ਹੈ,
ਮੈਂ ਤਾਂ ਸਦੀਆਂ ਪਿਛੇ,
ਕਦੀ ਕਦੀ ਤਰਸਦਿਆਂ, ਕੁੱਸਦਿਆਂ, ਤਨ ਫਟਿਆਂ, ਫਰਫਰਾਂਦਿਆਂ ਫਟਕਦਿਆਂ,
ਪਲਕ, ਝਲਕ ਜਿਹੀ ਉਹ ਰੱਬੀ ਝਾਤ ਪਾਈ ਹੈ,
ਕਦੀ ਕਿਸੇ ਅੱਖ ਦੀ ਹੱਸੀ ਜਿਹੀ ਵਿਚ,
ਕਦੀ ਚਮਕਦੇ ਖੁੱਲ੍ਹੇ ਮੱਥੇ ਪਿਆਰ ਦੇ,
ਕਦੀ ਕਿਸੇ ਸੁਹਣੀ ਦੇ ਬਾਹਾਂ ਦੀ ਉਲਾਰ ਵਿਚ,
ਕਦੀ ਸਾਧ ਦੇ ਤਿਆਗ ਵਿਚ,
ਕਦੀ ਰਾਜੇ ਦੇ ਫੌਜੀ ਸਾਮਾਨ ਵਿਚ,
ਕਦੀ ਜੰਗ ਦੇ ਕਤਲਾਮ ਦੇ ਮੈਦਾਨ ਵਿਚ,
ਕਦੀ ਫੁੱਲਾਂ 'ਤੇ ਲੇਟੇ ਕਿਸੇ ਜਵਾਨ ਵਿਚ,
ਕਦੀ ਮਸਜਿਦ, ਕਦੀ ਮੰਦਰ, ਕਦੀ ਘੰਟੀ, ਕਦੀ ਅਜ਼ਾਨ ਵਿਚ,
ਕਦੀ ਦੁੱਖ ਕਦੀ, ਕਦੀ ਆਰਾਮ ਵਿਚ,
ਕਦੀ ਦੇਣ ਵਿਚ, ਕਦੀ ਲੈਣ ਵਿਚ,
ਕਦੀ ਜੀਣ ਵਿਚ, ਕਦੀ ਮੌਤ ਮਹਾਨ ਵਿਚ।
ਪਤਾ ਨਹੀਂ ਕੀ ਹੁੰਦਾ ?

ਮੈਂ ਤਾਂ ਕਦੀ, ਕਦੀ ਰੱਬ ਤੱਕਦਾ !

੪

ਪਰ ਹਾਲੇ ਮੇਰੀਆਂ ਅੱਖਾਂ ਪੂਰੀਆਂ ਸੁਜਾਖੀਆਂ ਨਾਂਹ,
ਮੈਨੂੰ ਰੱਬ ਨਾ ਦਿੱਸਦਾ, ਹਰ ਥਾਂ ਹਰ ਕਿਸੇ ਚੀਜ਼ ਵਿਚ ।
ਰੱਬ ਮੈਨੂੰ ਲੱਖਾਂ ਪਰਦਿਆਂ ਵਿਚ ਛੁਪਿਆ ਲੱਗਦਾ ।
ਕਦੀ ਕੋਈ ਬਿਜਲੀ ਜ਼ਰਾ ਕਿਨਾਰਾ ਕੋਈ ਚੁੱਕਦੀ,
ਕਦੀ ਕੋਈ ਲਿਸ਼ਕ ਬਾਰੀ ਜਿਹੀ ਖੋਲ੍ਹਦੀ,
ਮੈਨੂੰ ਤਾਂ ਰੱਬ ਕਦੀ ਕਦੀ ਦਿੱਸਦਾ;
ਮੇਰੀ ਹਾਲਤ ਕੁਝ ਤਰਸਯੋਗ ਹੈ ।

ਮੱਥਾ ਸੰਤਾਂ ਨੂੰ ਟੇਕਣਾ

ਦੇਖੀਂ ਬੱਚੀ ! ਮੱਥਾ ਸੰਤਾਂ ਨੂੰ ਟੇਕਣਾ ।
ਸੰਤ ਗਏ ਹਨ ਟੁਰ ਅੱਜ ਪਹਾੜ ਵਲ,
ਜਾਵੀਂ ਤੂੰ ਵੀ, ਨਾ ਪੂਰਬ, ਨਾ ਪੱਛਮ,
ਸਿੱਧੀ ਟੁਰੀ ਜਾਹ ਤੂੰ ਪਹਾੜ ਵਲ ।
ਉਧਰ ਗਏ ਨੀ ਉਹ ਸੰਤ
ਜਿਹੜੇ ਮਨੁੱਖ ਦੇ ਰੂਪ ਤੇ ਜਾਮੇਂ ਵਿਚ
ਛੁਪੇ ਲੁਕੇ ਰੱਬ ਦਾ ਨਾਮ ਹਨ ।

ਮਿਲਣਗੇ ਤਾਂ ਨਹੀਂ ਤੈਨੂੰ ਬੱਚੀ
ਢੂੰਡਿਆਂ ਕਦੀ ਨਾ ਮਿਲਣ ਉਹ,
ਪਰ ਉਸ ਸਿਮਤ ਵਲ ਮੂੰਹ ਕਰੀਂ,
ਘਾਹ ਉੱਤੇ ਢਹਿ ਪਈਂ ਤੂੰ
ਮੱਥਾ ਰੱਖ ਦੇਈਂ ਘਾਹ 'ਤੇ
ਰੱਬ ਰੱਬ ਕਰਦੀ ।
ਮੂੰਹ ਭਰੀ ਅਰਦਾਸ ਨਾਲ,
ਦਿਲ ਭਰੀਂ ਪਿਆਰ ਨਾਲ, ਚਾਅ ਨਾਲ,
ਦਿਮਾਗ਼ ਭਰੀਂ ਅਕਾਸ਼ ਦੀ ਉਚਾਈ ਨਾਲ,
ਅੱਖਾਂ ਵਿਚ ਤਰੇਲ ਮਿੱਠੀ ਯਾਦ ਦੀ,
ਦਸਾਂ ਪਾਤਸ਼ਾਹੀਆਂ ਦੇ ਨਾਮ ਵਿਚ,
ਪਾਵੀਂ ਇਉਂ ਤੂੰ ਰੋਮ ਰੋਮ ।
ਫਿਰ ਹਿੱਲੀ ਨਾਂਹ,
ਰਹੀ ਅਡੋਲ ਤੂੰ ਉਪਰੋਂ ਆਏ ਸਵਾਦ ਵਿਚ ।

ਸੰਤ ਆਖਦੇ : ਇਹ ਚੁੱਪ ਜਿਹਾ ਗਾਂਦਾ ਰਸ ਹੀ ਰੱਬ ਹੈ ।
ਉਥੇ ਦੇਖੀਂ, ਖੜੇ ਮਿਲਣਗੇ,
ਉਸ ਸਾਈਂ ਲੋਕ ਸਤਿਗੁਰਾਂ ਘੱਲੇ ਸੰਤ ਸੁੱਚੇ ਹੀਰੇ ।
ਤੇਰੇ ਸਿਰ 'ਤੇ ਬੱਚੀ ! ਹੱਥ ਸੰਤਾਂ ਦਾ ਆਣ ਵੱਜਸੀ,
ਅਸੀਸ ਦੇਸਣ,
ਤੇ ਖੜੇ ਦਿੱਸਣ ਕੋਲ ਕੋਲ ਤੈਨੂੰ
ਮੱਥਾ ਚੱਕੀਂ ਨਾਂ, ਤੱਕੀਂ, ਹਿਠਾਹਾਂ ਨੂੰ ਘਾਹ 'ਤੇ
ਘਾਹ ਸਾਵਾਂ ਉਤੇ ਭਾਲੀਂ ਨੀਝ ਲਾ,
ਦੇਖ ਸਿਰ ਤੇਰਾ ਹੈ ਸੰਤਾਂ ਦੇ ਚਰਨ 'ਤੇ,
ਖੜੇ ਹਨ ਤੇਰੀ ਕੰਡੀ ਹੱਥ ਫੇਰਦੇ ।

ਲੋਕੀਂ ਕਹਿਣ ਮਰ ਗਿਆ ਮੈਂ

ਲੋਕੀਂ ਕਹਿਣ ਮਰ ਗਿਆ ਹਾਂ ਮੈਂ ।
ਮੈਂ ਮੋਇਆ ਤਾਂ ਨਹੀਂ ਸਾਂ,
ਇਹ ਭੁਲੇਖਾ !
ਕਟੋਰਾ ਲਾਲ ਲਾਲ, ਗੁਰਾਂ ਵਾਲਾ,
ਜਿਸ ਵਿਚ ਉਨ੍ਹਾਂ ਦਾ ਅੰਮ੍ਰਿਤ ਨਾਮ ਸੀ,
ਹੱਥੋਂ ਮੇਰੇ ਢਹਿ ਪਿਆ ਸੀ ਆਪ ਮੁਹਾਰਾ ।
ਕਟੋਰਾ ਭੱਜਿਆ, ਅੰਮ੍ਰਿਤ ਭੋਂ 'ਤੇ ਵੀਟਿਆ ਗਿਆ ਮੈਥੀਂ,
ਮੇਰਾ ਹੋਠਾਂ ਦਾ ਕਟੋਰਾ ਢਹਿ ਗਿਆ ਮੈਥੀਂ,
ਹੋਠ ਮੇਰੇ ਬੰਦ ਹੋਏ, ਠੀਕ ਹੈ ।
ਪਰ ਇਕ ਇਸ ਮਰਨ ਦਾ ਅਚੰਭਾ ਤੱਕਿਆ,
ਮਿੱਟੀ ਕੂਕ ਪਈ ਉੱਚੀ ਉੱਚੀ,
ਜਿਹੜਾ ਨਾਮ ਸੀ ਮੇਰੇ ਹੋਠਾਂ ਵਿਚ,
ਤੇ ਉੱਥੇ ਹੌਲੇ ਹੌਲੇ ਇਕ ਲਾਲ ਅੱਗ ਬਾਲਦਾ ।

ਲੋਕੀਂ ਆਖਣ ਮੈਂ ਜੀ ਪਿਆ
ਲੋਕੀਂ ਆਖਣ ਮੈਂ ਜੀ ਪਿਆ ।
ਹੋਇਆ ਕੀ ਸੀ ?
ਲਹੂ ਮੇਰੇ ਵਿਚ ਘੋਲਿਆ
ਸੁਹਣੇ ਸਾਈਂ ਮੇਰੇ ਸੱਚਿਆ,
ਇਕ ਲਾਲ ਲਾਲ, ਬੋਲਦਾ, ਜੀਂਦਾ ਗੱਲਾਂ ਕਰਦਾ, ਹਿਲਦਾ ਜੁਲਦਾ,
ਇਕ ਗੀਤ ਸੀ ।
ਉਹ ਗੀਤ ਹੱਡੀ ਹੱਡੀ ਮੇਰੀ ਵਿਚ ਧੱਸਿਆ,
ਗਾਂਦਾ ਗਾਂਦਾ ਮੈਂ ਵਗਿਆ ।

ਜਾਂਦਾ ਮੈਂ ਅੱਗ ਵਿਚ, ਜਲ ਵਿਚ,
ਘੋਲਦਾ ਜਾਂਦਾ ਮੁੜ ਸਭ ਕੁਝ ਮੈਂ ਆਪਣੇ ਆਪ ਵਿਚ,
ਤੇ ਜਾਂਦਾ ਆਪਾ ਮੁੜ ਸਭ ਕੁਝ ਮੈਂ ਸਾਰੇ ਜੱਗ ਵਿਚ,
ਇਸ ਵਿਚ, ਉਸ ਵਿਚ, ਮਿੱਟੀ ਵਿਚ, ਰਾਗ ਵਿਚ, ਰੰਗ ਵਿਚ,
ਜੀਣ ਵਿਚ ਮੌਤ ਵਿਚ ।
ਮੈਂ ਤਾਂ ਡੁਲ੍ਹਦਾ ਹੀ ਜਾਂਦਾ ਸਭ ਕਿਸੇ ਵਿਚ,
ਗਾਂਦਾ ਉਹ ਗੀਤ ਜਿਹੜਾ ਪਿਆਰ-ਵਾਂਗ ਰਲਾਇਆ ਸਾਈਆਂ ਪਿਆਰਿਆਂ,
ਮੇਰੀ ਰਗ ਰਗ,
ਤੇ ਪੌੜਿਆ ਮੇਰੇ ਲੂੰ ਲੂੰ ।

ਇਕ ਵੇਰੀ ਅਚਨਚੇਤ

ਇਕ ਵੇਰੀ ਅਚਨਚੇਤ,
ਮੈਂ ਢਹਿ ਪਈ ਸਾਂ ।
ਢੱਠੀ ਸਾਂ ਮੈਂ ਟੁਰਦੀ ਟੁਰਦੀ,
ਪਤਾ ਨਹੀਂ ਕਿੰਜ ਹੋਇਆ, ਠੇਡਾ ਜਿਹਾ ਵੱਜਾ,
ਮੈਂ ਢੱਠੀ ਧੈਂ ਦੇ ਕੇ,
ਪਰ ਮੈਨੂੰ ਪੜੁਛਿਆ,
ਉਸ ਨੇ ਆਪਣੀ ਬਾਹਾਂ ਵਿਚ,
ਦੂਰੋਂ ਬਾਹਾਂ ਖੋਲ੍ਹ ਕੇ ਆਇਆ ।
ਮੈਂ ਤਾਂ ਲੱਗ ਉਹਦੀ ਛਾਤੀ ਫੜਕਦੀ ਸਾਂ,
ਵਾਂਗ ਅਚਨਚੇਤ ਫੜੀ ਕਿਸੇ ਹੈਰਾਨ ਪਸ਼ੇਮਾਨ ਹੋਈ ਘੁੱਗੀ ਦੇ,
ਤੇ ਡਰ ਘੁੱਗੀ ਵਾਂਗ ਲੱਗ ਉਹਦੀ ਛਾਤੀ, ਮੇਰਾ ਨਿੱਕਾ ਜਿਹਾ ਸੀਨਾ ਕੰਬਦਾ,
ਫੜਕਦਾ, ਧੜਕਦਾ ।
ਮੈਂ ਤਾਂ ਉਲਝ ਗਈ ਉਥੇ ਫੜੀ ਜਾਲ ਜਿਹੇ ਵਿਚ ।
ਮੈਂ ਤਾਂ ਇਕ ਵੇਰੀ ਉਹਨੂੰ ਇਉਂ ਮਿਲੀ ਸਾਂ ।

ਟੁਰ ਗਿਆ ਸੀ ਉਹ

ਟੁਰ ਗਿਆ ਸੀ ਉਹ ਮੈਨੂੰ 'ਕੱਲੀ ਨੂੰ ਛੱਡ ਕੇ ।
ਘੋੜੇ ਚੜ੍ਹੇ ਨੀਲੇ 'ਤੇ ਮੈਂ ਜਾਂਦਾ ਤੱਕਿਆ ਉਹ ਸਵਾਰ ਸੀ ।
ਮੈਂ ਸੋਚਾਂ ਵਿਚ ਡੁੱਬੀ,
ਪਤਾ ਨਹੀਂ ਉਹ ਪਿਆਰਾ ਹੁਣ ਕਦ ਮੁੜਸੀ ?
ਮੈਨੂੰ 'ਕੱਲਾ ਉਹ ਛੱਡ ਟੁਰ ਗਿਆ,
ਮੈਂ ਨਿੰਮੋਝੂਣ ਜਿਹੀ ਹੋ ਕੇ
ਸਿਰ ਆਪਣੇ ਗੋਡਿਆਂ ਵਿਚ ਸੁੱਟ ਬੈਠੀ ਨਿਰਾਸ ਜਿਹੀ,

ਮੈਨੂੰ ਚੁੱਪ ਜਿਹੀ ਲੱਗ ਗਈ ।
ਗੋਡਿਆਂ ਵਿਚ ਪਿਆ ਸਿਰ,
ਮੈਂ ਕੀ ਦੇਖਦੀ ?
ਉਹ ਮੇਰਾ ਸਾਈਂ ਨੀਲੇ ਘੋੜੇ ਵਾਲਾ,
ਚੜ੍ਹਿਆ ਚੜ੍ਹਾਇਆ ਆ ਰਿਹਾ ਹੈ ਘੋੜੇ 'ਤੇ ਸਵਾਰ ਹੋ ਮੇਰੇ ਦਿਲ ਦੇ ਸ਼ਹਿਰ ਨੂੰ ।
ਉਹਦੇ ਸੁੰਮਾਂ ਦੀ ਖੜਾਕ ਹੋਈ, ਮੇਰੇ ਰੂਹ ਦਾ ਅੰਦਰਲਾ ਗੀਤ ਸੀ ।

ਇੰਨੇ ਚਿਰ ਵਿਚ ਉਹ ਸਾਈਂ ਮੇਰਾ,
ਦਿਲ ਮੇਰੇ ਵਿਚ ਵੜ ਕੇ, ਘੋੜੇ ਸਮੇਤ
ਮੇਰੇ ਕੋਲ ਆਣ ਖੜਾ ਸੀ;
ਤੇ ਮੈਨੂੰ ਝੂਣ ਆਖਦਾ;
ਮੇਰੇ ਅੰਦਰ ਬੈਠਿਆਂ,
ਮੇਰੇ ਮਹਿਲ ਵਸਦਿਆਂ,
ਇਹ ਕਾਹਦੀ ਅਕਲ ਹੈ ?
ਤੇ ਕੀ ਸੀ ਇਹ ਤੌਖ਼ਲਾ ?

ਕਈ ਰਾਤਾਂ ਹੋਸਨ

ਕਈ ਰਾਤਾਂ ਹੋਸਨ,
ਕਈ ਮੀਂਹ ਵੱਸਸਨ ਮੁੜ,
ਪਰ ਉਹੋ ਜਿਹੀ ਨਾ ਰਾਤ ਕੋਈ,
ਨਾ ਉਹੋ ਜਿਹਾ ਮੀਂਹ ਮੁੜ ਵੱਸਸੀ,
ਜਦ ਉਹ ਸੀ ਮੇਰੇ ਕੋਲ,
ਦਿਲ ਮੇਰੇ ਵਿਚ ਵੱਸਦਾ ਦਰਸ਼ਨ ਪੂਰਾ,
ਰੂਹ ਮੇਰਾ ਮਿੱਠੇ ਵਚਨਾਂ ਨਾਲ ਭਰਿਆ ।
ਇਕ ਉਹ ਰਾਤ ਸੀ,
ਇਕ ਉਹ ਸੀ ਉਸ ਵੇਲੇ ਮੀਂਹ ਪਿਆ ਵੱਸਣਾ ।

ਮੈਂ ਕੁਝ ਸਦੀਆਂ ਦੀ ਨੀਂਦਰ ਵਿਚ

ਮੈਂ ਕੁਝ ਸਦੀਆਂ ਦੀ ਨੀਂਦਰ ਵਿਚ,
ਟੁਰਦੀ ਸਾਂ ਜ਼ਰੂਰ ਜਾਂਦੀ,
ਪਰ ਚੇਤੇ ਕੁਝ ਨਹੀਂ ਸੀ ।
ਇਕ ਗੱਭਰੂ ਕੇਸਾਂ ਵਾਲਾ ਮਿਲਿਆ,
ਉਸ ਤੱਕਿਆ ਤੇ ਤੱਕ ਵਿਚ ਮੈਨੂੰ ਇਕ ਪਿਆਲਾ ਦਿਤਾ ਪੀਣ ਨੂੰ ।
ਮੈਂ ਜੀ ਪਈ ਉਹਦਾ ਅੰਮ੍ਰਿਤ ਦਾ ਪਿਆਲਾ ਪੀ ਕੇ,

ਪਰ ਮੈਂ ਪਛਾਣ ਨਾ ਸਕੀ, ਉਹ ਕੌਣ ਸੀ ?
ਉਹ ਸਦੀਆਂ ਦੀ ਨੀਂਦਰ ਜਿਹੀ ਵਿਚ ਵਾਂਗ ਕਿਸੇ ਸੁਫ਼ਨੇ ਲੰਘ ਗਿਆ,
ਮੈਨੂੰ ਜੀਵਾਣ ਵਾਲਾ ।

ਬਸੰਤ ਆਈ ਸਭ ਲਈ, ਮੇਰੀ ਬਸੰਤ ਕਿਥੇ ਗਈ ?

੧

ਬਸੰਤ ਆਈ ਸਭ ਲਈ,
ਮੇਰੀ ਬਸੰਤ ਕਿਥੇ ਗਈ ?

ਬੇਲ ਬੇਲ ਬੂਟਾ ਭਰਿਆ ਸ਼ਗੂਫ਼ਿਆਂ,
ਆੜੂ ਦੇ ਊਦੇ ਫੁੱਲ,
ਹਾੜੀਆਂ ਦੇ ਗੁਲਾਬੀ ਚਿੱਟੇ, ਨਾਲ ਮਿਲੇ ਸਾਵੇ ਨਵੇਂ ਨਿੱਕੇ ਪੱਤੇ ।
ਪੱਤੇ ਡਾਲੀਆਂ ਦੇ ਕੋਈ ਨਾਂਹ, ਫੁੱਲ ਫੁੱਲ ਸਾਰੇ,
ਪਏ ਵਾਂਗ ਬਰਫ਼ ਦੇ ਫੂਲ ਉਹ ।
ਫੁੱਲਾਂ ਦਾ ਇਕੱਠ ਲਗੇ ਜਿਵੇਂ ਟੰਗੇ ਕਿਸੇ ਆਣ ਉਥੇ ਬੱਦਲ ਚਿੱਟੇ, ਜਿਹੜੇ
ਲਾਲ ਕੀਤੇ ਸਵੇਰ ਸਾਰ ਦੀਆਂ ਗੁਲਾਬੀ ਲਾਲੀਆਂ ।

੨

ਹਵਾਵਾਂ ਨਸ਼ੇ ਪੀਤੇ, ਭਰ ਭਰ ਪਿਆਲੀਆਂ,
ਝੂਮਦੀਆਂ ਨਸ਼ੀਲੀਆਂ, ਟੰਗਾਂ ਉਨ੍ਹਾਂ ਦੀਆਂ ਲੜਖੜਾਂਦੀਆਂ ।
ਫੁੱਲਾਂ ਨੂੰ ਛੂਹ ਛੂਹ, ਚੁੰਮ ਚੁੰਮ, ਨੱਸਣ ਇਧਰ ਉਧਰ, ਬੇ-ਮੁਹਾਰੀ ਅਲਬੇਲੀਆਂ,
ਤੇ ਮਸਤੀ ਦੇ ਜੋਸ਼ ਵਿਚ ਪਿਆਰ ਦੀ ਕਚੀਚ ਵਿਚ,
ਉਹ ਫੁੱਲਾਂ ਦੀਆਂ ਪੰਖੜੀਆਂ ਖੋਹ ਖੋਹ, ਝੋਲਾਂ ਭਰ ਭਰ, ਇਧਰ ਉਧਰ, ਹਰ
ਥਾਂ ਬਿਨ ਮਤਲਬ ਖਲੇਰਦੀਆਂ ।
ਫੁੱਲਾਂ ਦੀਆਂ ਫੱਕਣੀਆਂ ਪੁਲਾੜ ਨੀਲੇ ਵਿਚ ਉੱਡਣ ਜਿਵੇਂ ਫੰਘਾਂ ਵਾਲੀਆਂ
ਤਿਤਲੀਆਂ,
ਉੱਡਣ ਮਸਤ ਕੀਤਿਆਂ ਜਿਵੇਂ ਕਿਸੇ ਪਿਆਰ-ਕੁੱਠੇ ਦੇ ਦਿਲ ਦੀਆਂ ਉਡਾਰੂ ਜਿਹੀਆਂ,
ਅੱਗ ਦੀਆਂ ਕਿਣਕੀਆਂ ।
ਮਿੱਠੀ ਮਿੱਠੀ ਲਾਲੀਆਂ,
ਰੂਹ ਨੂੰ ਬੁਲਾਂਦੀਆਂ ਭਾਹਾਂ, ਭਖਾਂ ਤੇ ਰੌਣਕਾਂ ਬਸੰਤ ਦੀਆਂ,
ਅੰਬਾਂ ਦੇ ਬੂਰ, ਝੂ ਜੂ ਝੂ ਲਟਕਣ ਤੇ ਝੂਮਣ ਜਿਵੇਂ ਸੁਹਣੀਆਂ ਸਵਾਣੀਆਂ ਦੇ ਕੰਨਾਂ ਦੇ
ਲਟਕਣ ਸਿਰ 'ਤੇ ਨਾਜ਼ ਨਾਲ ਹਿੱਲਣ ਵਾਲੇ ।
ਅੰਬਾਂ ਦੇ ਬੂਰ ਦੀਆਂ ਸੁਗੰਧੀਆਂ,

ਤੇ ਆੜੂ ਤੇ ਸ਼ਗੂਫ਼ਿਆਂ ਦੀ ਮੱਧਮ ਖ਼ੁਸ਼ਬੋ ਦੀਆਂ ਸੁਰਾਂ ਨਾਲ ਮਿਲਦੀਆਂ,
ਸਪਤਮ ਤੇ ਸਰਗਮ ਅਨੇਕ ਸੁਗੰਧੀਆਂ ਬਸੰਤ ਦੀਆਂ ਦੇ;
ਮਖੋਰੀਆਂ ਉੱਡਦੀਆਂ ਤੇ ਬੈਠੀਆਂ ਤੇ ਸ਼ਹਿਦ ਚੂਸਦੀਆਂ,
ਨਾਲ ਨਾਲ ਗਾਣ ਸੁਗੰਧੀਆਂ ਵਿਚ ਤਾਲ ਦਿੰਦੀਆਂ ।
ਇਹ ਸਰਗਮ ਤੇ ਰਾਗ ਮਨੁੱਖ ਦੇ ਗਲੇ ਥੀਂ ਹੇਠ ਹਿਠਾਹਾਂ ਦੇ, ਜਾਂ ਭਾਵੇਂ ਉਸ
ਥੀਂ ਉਤਾਂਹ, ਪਰੇ ਦੇ ਸਰਗਮ ਵੱਜਦੇ ।
ਮਖੋਰੀਆਂ ਤੇ ਭੌਰੀਆਂ ਦਾ ਪਿਆਰ ਡਾਢਾ,
ਬੂਰਾਂ ਤੇ ਫੁੱਲਾਂ 'ਤੇ ਉਹ ਸਾਰਾ ਭਾਰ ਆਪਣੀ ਜੱਫੀ ਦਾ ਪਾਂਦੇ;
ਲਿਪਟ, ਲਿਪਟ, ਕੋਮਲ ਅੰਗ ਵਾਲੇ ਫੁੱਲਾਂ ਨੂੰ ਤੰਗ ਪਏ ਕਰਦੇ;
ਪੀੜ ਦਿੰਦੇ ਉਹ ਅਸਹਿ ਜਿਹੇ ਪਿਆਰ ਦੀ,
ਬਸੰਤ ਆਈ ਸਭ ਲਈ,
ਮੇਰੀ ਬਸੰਤ ਕਿਥੇ ਗਈ ?

੩

ਪੀਂਘਾਂ ਪਈਆਂ ਉੱਚੀਆਂ ਅੰਬਾਂ 'ਤੇ,
ਕੁੜੀਆਂ ਬਹਿ ਬਹਿ, ਉਠ ਉਠ, ਛਾਤੀਆਂ ਉਭਾਰ ਕੇ ਚਾੜ੍ਹਦੀਆਂ;
ਪੀਂਘਾਂ 'ਤੇ ਚੜ੍ਹੀਆਂ ਸਵਾਣੀਆਂ ਤੇ ਕੁੜੀਆਂ ਦਾ ਚਾਅ ਅਮਿਟ ਹੈ,
ਸੱਚੀ ਆਜ਼ਾਦੀ ਇਨ੍ਹਾਂ ਨੂੰ ਪੀਂਘ ਚੜ੍ਹ ਆਉਂਦੀ ।

ਤੇ ਸ਼ਗੂਫ਼ਿਆਂ ਤਲੇ ਬੈਠੇ ਲੋਕੀਂ ਸ਼ਰਬਤ ਘੋਲਣ ਪਿਆਰ ਦੇ ।
ਤੇ ਮੇਲੇ ਬਸੰਤ ਵਿਚ ਬੈਠੀਆਂ, ਸਜ ਵਿਆਹੀਆਂ ਜਵਾਨੀ ਦੇ ਆਲਸ ਵਿਚ,
ਬੈਠੀਆਂ ਅੱਧੀ ਜਾਗਦੀਆਂ, ਅੱਧੀ ਨਿੰਦਰਾ ਵਾਲੀਆਂ,
ਹੱਥ ਉਨ੍ਹਾਂ ਦੇ ਨਿੱਕੀ ਨਿੱਕੀ ਲਾਲ ਡੰਨੀ ਵਾਲੀਆਂ ਪੱਖੀਆਂ ਪਸ਼ੌਰੀ,
ਲਾਲ ਚੂੜੇ ਵਾਲੀਆਂ, ਮਹਿੰਦੀ ਰੰਗੇ, ਦੋਵੇਂ ਹੱਥ ਤੇ ਪੈਰ,
ਸੋਨੇ ਦੀਆਂ ਅਨੇਕ ਰੰਗ ਦੇ ਥੇਵੇ ਵਾਲੀਆਂ ਛਾਪਾਂ ਹੱਥਾਂ ਵਿਚ,
ਮੁੜ ਮੁੜ ਆਪਣਿਆਂ ਕੋਲੋਂ ਝੁੰਡ ਕਢਦੀਆਂ,
ਤੇ ਬੇਗਾਨਿਆਂ ਸਾਹਮਣੇ ਝੁੰਡ ਚੁਕ ਚੁਕ, ਰੌਣਕ ਮੇਲੇ ਦੀ ਤੱਕਦੀਆਂ,
ਤੇ ਨਿੱਕੀਆਂ ਨਿੱਕੀਆਂ ਪੱਖੀਆਂ ਬਿਨ ਮਤਲਬ ਆਪਣੇ ਆਪ ਨੂੰ ਝੋਲਦੀਆਂ ।
ਹੱਸਣ ਖੇਡਣ ਲੋਕੀਂ ਸਾਰੇ,
ਫੁੱਲ ਤੋੜ ਤੋੜ ਸੁੱਟਣ ਮਖ਼ੌਲਾਂ, ਮਜ਼ਾਖਾਂ ਵਿਚ,
ਪੀਣ ਸ਼ਰਬਤ ਤੇ ਖਿੜਕੱਲੀਆਂ ਠੰਢੀ ਛਾਵਾਂ ਹੇਠ ।
ਖ਼ੁਸ਼ੀਆਂ ਕਿਹਾ ਚੜ੍ਹੀਆਂ ।
ਜਿਉਂ ਜਿਉਂ ਹੱਸਣ ਤੇ ਖੇਡਣ ਇਹ
ਮੈਨੂੰ ਡਰ ਜਿਹਾ ਲਗਦਾ,
ਇਹ ਖ਼ੁਸ਼ੀ ਕਿਹੀ ਹੈ ?
ਮੇਰਾ ਦਿਲ ਕਿਉਂ ਕੰਬਦਾ ?

ਕੀ ਇਹ ਨਵੀਆਂ ਜਵਾਨੀ ਦੀਆਂ ਖ਼ੁਸ਼ੀਆਂ ?
ਜਾਂ ਇਹ ਨਵੇਂ ਵਿਆਹ ਦੀ ?
ਕੀ ਭੇਤ ਇਸ ਖ਼ੁਸ਼ੀ ਦਾ ਹੈ ਸ਼ਰਬਤ ਦਾ ਪੀਣਾ ?
ਕੀ ਬਸੰਤ ਰੁੱਤ ਦਾ ਇਹ ਚਾਅ ਆਣ ਲਗਾ ਹੈ ?
ਕੀ ਮੌਤ ਮਗਰੋਂ ਮੁੜ ਆ ਇਹ ਵਿਛੜਿਆਂ ਦੇ ਨਵੇਂ ਮੇਲੇ ਹਨ ?
ਬਸੰਤ ਆਈ ਸਭ ਲਈ,
ਮੇਰੀ ਬਸੰਤ ਕਿਥੇ ਗਈ ਹੈ ?

ਕੁੜੀਆਂ ਦਾ ਸੀ ਤ੍ਰਿੰਵਣ ਦਾ ਤ੍ਰਿੰਵਣ

ਕੁੜੀਆਂ ਦਾ ਸੀ ਤ੍ਰਿਵੰਣ ਦਾ ਤ੍ਰਿਵੰਣ ਸੀ, ਜਾਂਦਾ, ਗਾਂਦਾ,
ਮੈਂ ਪਤਾ ਨਹੀਂ ਕਿਉਂ, ਟੁਰ ਪਿਆ ਨਾਲ ਨਾਲ, ਪਿਛੇ ਪਿਛੇ।
ਉਨ੍ਹਾਂ ਦੇ ਗਲੇ ਦੀਆਂ ਨਾੜਾਂ ਨੀਲੀਆਂ ਉਠਦੀਆਂ,
ਉਨ੍ਹਾਂ ਦੀਆਂ ਚਿੱਟੀਆਂ ਚਿੱਟੀਆਂ ਲੰਮੀਆਂ ਲੰਮੀਆਂ,
ਹੰਸ-ਗਰਦਨਾਂ, ਸੁਰ ਨਾਲ ਹਿਲਦੀਆਂ।
ਕੋਈ ਕੋਈ ਪਿਛੇ ਮੁੜ ਮੁੜ ਦੇਖਦੀ,
ਇਹ ਕੌਣ ਹੈ ਜੋ ਪਿੱਛੇ ਲੱਗਾ ਆਉਂਦਾ ?
ਤੇ ਕੋਈ ਦੇਖ ਮੈਨੂੰ ਹੱਸਦੀ,
ਕਿਹਾ ਜਵਾਨ ਜਿਹਾ ਬੇਵਕੂਫ ਹੈ।
ਅਸਾਂ ਸਾਰੀਆਂ ਕੋਲੋਂ ਸੁਹਣਾ ਇਹ,
ਕਿਆ ਪਿੱਛੇ ਪਿੱਛੇ ਖਿੱਚੀ ਆਉਂਦਾ ?

ਪਤਾ ਨਹੀਂ ਕਿਉਂ ਮੈਂ ਮਗਰ ਮਗਰ ਟੁਰੀ ਜਾਂਦਾ ?
ਉਹ ਮੁੜ ਮੁੜ ਤੱਕਣ, ਮੁੜ ਮੁੜ ਹੱਸਣ
ਉਨ੍ਹਾਂ ਦੀਆਂ ਹੰਸ-ਗਰਦਨਾਂ ਦੇ ਮੋੜ ਤੋੜ ਚੰਗੇ ਲੱਗਦੇ।
ਜਿਵੇਂ ਨੀਲੇ ਸਰਬ ਦੇ ਪਾਣੀ ਦੇ ਸਰ ਵਿਚ,
ਕੋਈ ਨਿੱਕੇ ਨਿੱਕੇ ਗੀਟੇ ਮਾਰ ਉਹਦਾ ਪਾਣੀ ਹਿਲਾਵੇ,
ਤਿਵੇਂ ਇਨ੍ਹਾਂ ਕੁੜੀਆਂ ਅਲਮਸਤਾਂ ਦੇ ਡਾਰ ਦੀ ਗੱਲ।
ਇਨ੍ਹਾਂ ਦੀਆਂ ਗਾਂਦੀਆਂ ਹੱਸਦੀਆਂ ਤੇ ਅੱਖਾਂ,
ਕਦੇ ਸਨ ਸੁੱਟਦੀਆਂ ਮੇਰੇ ਠਹਿਰੇ ਦਿਲ 'ਤੇ।
ਦਿਲ ਮੇਰੇ ਹੌਲੇ ਹੌਲੇ ਹੌਲਿਆ,
ਰਿਵੀ ਨਿੱਕੀ ਨਿੱਕੀ ਪਈ ਮੇਰੇ ਪਾਣੀਆਂ,
ਪਈ ਜ਼ਰੂਰ ਸੀ, ਮੈਂ ਵੀ ਸਾਂ ਨਵਾਂ,
ਤੇ ਉਹ ਸਾਰੀਆਂ ਨਵੀਆਂ,
ਪਿੱਛੇ ਪਿੱਛੇ ਲਗ ਗਿਆ।
ਦਿਲ ਕੁਝ ਕੁਝ ਡੋਲਦਾ,

ਨਜ਼ਰ ਮੈਂ ਕਈ ਵੇਰੀ ਹਿਠਾਹਾਂ ਕੀਤੀ,
ਪਰ ਆਪ ਮੁਹਾਰੀਆਂ ਮੁੜ ਮੁੜ ਉੱਪਰ ਉੱਠਣ ਮੇਰੀਆਂ ਅੱਖੀਆਂ
ਪਲਕਾਂ ਦੇ ਪਰਦੇ ਚੁਕ ਚੁਕ, ਮੁੜ ਮੁੜ ਵੇਖਣ ਉਹ ਬੇ-ਮੁਹਾਰੀਆਂ ।

ਕੰਨ ਮੇਰੇ ਭਰ ਗਏ, ਉਨ੍ਹਾਂ ਤ੍ਰਿੰਵਨਾਂ ਦੀਆਂ ਮਿਲਵੀਆਂ ਸੁਰਾਂ ਦੀ ਗੂੰਜ ਨਾਲ
ਮੈਂ ਕੁਝ ਕੁਝ ਵਿਗੜ ਗਿਆ,
ਆਖਾਂ—ਇਹ ਕਿਹੀ ਅਨੋਖੀ, ਖਿੱਚਦੀ ਸੁਹਣੀ ਕੋਈ ਚੀਜ਼ ਹੈ !
ਭਾਵੇਂ ਮਨ ਮੇਰਾ ਚੰਗੀ ਤਰ੍ਹਾਂ ਜਾਣਦਾ, ਅਨਪੜ੍ਹ ਜਿਹੀਆਂ ਕੁੜੀਆਂ
ਗਿਰਾਂ ਕਿਸੇ ਦੀਆਂ,
ਤੇ ਆਖਾਂ ਇਨ੍ਹਾਂ ਪਿੱਛੇ ਹੌਲੇ ਹੌਲੇ ਜਾਣਾ ਕਿਹਾ ਸੁਹਣਾ ।

ਗੱਲਾਂ ਜਦ ਇਉਂ ਹੋਈਆਂ,
ਕੁੜੀਆਂ ਛਾਈਂ ਮਾਈਂ ਸਨ
ਉਹ ਖੜੇ ਸਾਹਮਣੇ ਸਾਈਂ ਮੇਰੇ ਦਿਲ ਦੇ,
ਹੱਸਦੇ ਤੇ ਖੇਡਦੇ ਤੇ ਆਖਦੇ :
ਕਿਹਾ ਭੁੱਲਾ ਨਿੱਕਾ ਸਾਡਾ ਬੁੱਚੜਾ !
ਦੇਖੋ, ਮਿਣੋ, ਹੋਰ ਕੋਈ ਨਹੀਂ,
ਅਸੀਂ ਖੜੇ, ਅਸੀਂ ਖਿੜੇ,
ਹਰ ਖਿੱਚ ਵਿਚ ਅਸੀਂ ਤੈਨੂੰ ਖਿੱਚਦੇ,
ਕਦੀ ਨਾ ਭੁੱਲਣਾ ।
ਸੁਹਣੱਪ ਨਾ ਸੋਹਣੀ ਕੋਈ,
ਜਨਾਨੀ ਨਾ ਮਰਦ ਕੋਈ,
ਇਹ ਬੇਲ ਨਾ ਬੂਟੇ ਜਿਹੜੇ ਤੈਨੂੰ ਖਿੱਚਦੇ,
ਇਹ ਮੈਂ ਖੜਾ, ਇਹ ਮੈਂ ਖਿੜਿਆ ।
ਹੱਸ ਤੈਨੂੰ ਮੈਂ ਬੁਲਾਉਂਦਾ ਉੱਚਾਈ ਨੂੰ,
ਥਾਈਂ ਥਾਈਂ ਖੜਾ, ਰਾਹੀਂ ਰਾਹੀਂ ਖੜਾ,
ਚੁਰਾਹਿਆਂ ਤੇ, ਜੰਗਲਾਂ ਮੈਦਾਨਾਂ ਵਿਚ,
ਛੁਪਾ ਖਲੋਤਾ ਤੇ ਸਾਹਮਣੇ ਖੜਾ ਤੈਨੂੰ ਸਦਾ ਸੱਦਦਾ ।
ਖਿੱਚ ਕੋਈ ਚੀਜ਼ ਨਾਂਹ,
ਸੁਹਣੱਪ ਕੋਈ ਫੜਨ ਵਾਲੀ, ਗਲ ਲਾਣ ਵਾਲੀ ਸ਼ੈ ਨਾਂਹ,
ਇਹ ਤਾਂ ਸੂਖਮ, ਅਰੂਪ ਜਿਹਾ ਮੈਂ ਹਾਂ ।
ਦੇਖ ਮੈਨੂੰ, ਮੈਂ ਤੈਨੂੰ ਸਦਾ ਖਿੱਚ ਪਾਉਂਦਾ ।
ਰਸ ਮੈਂ ਤੇਰਾ, ਤੇਰਾ ਰੂਹ ਰਸ ਨਾਲ ਭਰਦਾ,
ਰਸ ਤੇਰੇ ਨੈਣਾਂ ਥੀਂ ਡੁੱਲ੍ਹਦਾ ਬਸ ਇਹ ਸੁਹਣੱਪ ਹੈ ।
ਤੇ ਮੁੜ ਮੁੜ ਭੁੱਲਦਾ, ਸੁਹਣਾ, ਕੋਈ ਹੋਰ ਹੈ,
ਮੈਂ ਮੁੜ ਮੁੜ ਦੱਸਦਾ, ਵਲਾਂ ਨਾਲ, ਛਲਾਂ ਨਾਲ, ਸਾਹਮਣੇ,

ਦੇਖ ਬੱਚਾ ! ਇਹ ਮੈਂ ਤੈਨੂੰ ਸੱਦਦਾ ਉਚਾਈ ਨੂੰ।

ਹਰ ਘੜੀ ਨਵਾਂ

ਹਰ ਘੜੀ ਹਰ ਪਲ ਛਿਣ ਨਵਾਂ
ਉਹ ਰੰਗ ਤੇ ਨੁਹਾਰ ਦੇ ਰਸ ਬਦਲਦਾ।
ਨਵਾਂ ਨਵਾਂ, ਸੁਹਣਾ ਸੁਹਣਾ, ਓਪਰਾ ਜਿਹਾ ਸਦਾ,
ਅਗ ਥੀਂ ਵੱਧ ਸਵਾਦਲਾ, ਅਣਪਛਾਤਾ ਜਿਹਾ ਦਿੱਸਦਾ।
ਹਰ ਪਲ ਛਿਣ ਉਹਦੀ ਖ਼ੁਸ਼ਬੋ ਵੱਖਰੀ,
ਹੋਰ ਹੋਰ ਹੁੰਦਾ ਮੇਰਾ ਜਾਨੀ,
ਤੇ ਕੋਈ ਵੀ ਨਾ ਆਖ ਸਕਦਾ—"ਮੈਂ ਉਹਨੂੰ ਜਾਣਦਾ"

ਚਾਨਣੀ ਜੇ ਕਦੀ ਕਿਸੇ ਖ਼ਾਸ ਨਾਜ਼ਕ ਘੜੀ
ਉਹਦਾ ਗੋਰਾ ਬਦਨ ਛੋਹ ਜਾਂਦੀ,
ਉਹ ਪਿੰਡਾ ਪਿਆਰੇ ਦਾ ਜ਼ਖ਼ਮੋਂ ਸਖ਼ਤ ਹੁੰਦਾ
ਤੇ ਦੂਜੀ ਕਿਸੇ ਘੜੀ ਉਹ ਸਹਿੰਦਾ ਵਾਂਗ ਬਿਰਖ ਦੇ ਤਪਦੀ, ਕੜਕਦੀ,
ਦੁਪਹਿਰ ਸਾਰੀ ਤਪਦੀ,
ਜਿਹੜੀ ਉਹਦੇ ਚਾਨਣੀ ਦੇ ਜ਼ਖ਼ਮ ਭਰਦੀ।
ਬਾਦਸ਼ਾਹ ਜੇ ਕੋਈ ਆਵੇ ਦਰਸ਼ਨਾਂ
ਉਹ ਘਬਰਾ ਕੇ ਨੱਸਦਾ, ਕਾਹਲਾ ਜਿਹਾ ਪੈ ਕੇ,
ਬਾਦਸ਼ਾਹ ਲੱਗੇ ਉਹਨੂੰ ਵਾਂਗ ਦੁਆਈ ਦੀ ਕੁੜੱਤਣ ਦੇ।
ਪਤਾ ਨਹੀਂ ਕਦੀ ਕਿਉਂ ਪਾਤਸ਼ਾਹਾਂ ਨੂੰ ਖ਼ੈਰ ਨਾ ਪਾਂਦਾ ਉਹ,
ਪਰ ਇਕ ਮੰਗਤੇ ਰੁਲਦੇ ਰਲਦੇ ਲਈ ਨੰਗੀਂ ਪੈਰੀਂ ਦੌੜਦਾ।
ਰਸ ਵੀਟਦਾ ਉਹ ਨੰਗੇ ਪਿੰਡੇ ਗ਼ਰੀਬਾਂ 'ਤੇ ਸਭ ਜਿਵੇਂ ਅੰਞਾਈਂ,
ਤੇ ਮੰਗਤੇ ਨੂੰ, ਨੰਗੇ ਨੂੰ, ਭੁੱਖੇ ਨੂੰ, ਗੋਟਾ ਕਿਨਾਰੀ ਨਾਲ ਸਜਾਂਦਾ,
ਤੇ ਉਹਨੂੰ ਸੰਵਾਰ ਸੰਵਾਰ ਬਾਦਸ਼ਾਹ ਜਿਹਾ ਵਧਾਂਦਾ ਉਹ,
ਤੇ ਤੱਕ ਤੱਕ ਹੱਸਦਾ, ਪਿਆਰਦਾ,
ਘੜੀਆਂ ਕਈਆਂ ਇਕ ਸੱਖਣੇ ਜਿਹੇ ਆਦਮੀ ਨਾਲ ਗੁਜ਼ਾਰਦਾ।

ਉਹਦਾ ਕੀ ਥਹੁ ਹੈ ? ਮਰਜ਼ੀ ਦਾ ਸਾਈਂ,
ਆਜ਼ਾਦ ਉਹ ਰੱਬ ਦਾ ਬੰਦਾ, ਸੁਖਾਲਾ,
ਜੋ ਮਨ ਮੌਜ ਆਏ ਕਰਦਾ,
ਕੋਈ ਨਾ ਆਖ ਸਕੇ—"ਮੈਂ ਉਹਨੂੰ ਜਾਣਦਾ।"

ਪਿਆਰ ਕੋਲੋਂ ਮੇਰੇ ਲੰਘ ਜਾਂਦਾ

੧

ਪਿਆਰ ਕੋਲੋਂ ਲੰਘ ਜਾਦਾ ਮੇਰੇ,
ਮੈਂ ਪਿੱਛੇ ਪਿੱਛੇ ਜਾਂਦੀ, ਤਾਰਿਆਂ ਦੀ ਛਾਵਾਂ ਢੂੰਡਦੀ ।
ਪਿਆਰਾ ਗਿਆ ਲੰਘ, ਪਤਾ ਨਹੀਂ ਕਿਥੇ ?
ਪਰ ਟੁਰ ਟੁਰ, ਸਾਲਾਂ ਬੱਧਿਆਂ ਦੇ ਸਫ਼ਰ ਝਾਗਦੀ,
ਤੇ ਤੱਕਾਂ ਸਫ਼ਰ ਝਾਗ ਝਾਗ, ਮੈਂ ਤਾਂ ਠੀਕ ਉਥੇ ਖੜੀ,
ਜਿਥੋਂ ਟੁਰੀ ਸਾਂ,
ਜਿਥੇ ਪਿਆਰਾ ਮਿਲਿਆ ਸੀ ।
ਹੈਰਾਨ ਹੋ ਬਹਿ ਜਾਂਦੀ,
ਤਾਰਿਆਂ ਵਲ ਤੱਕਦੀ,
ਮੁੜ ਮੁੜ ਯਾਦ ਕਰਦੀ ਉਸ ਆਪਣੇ ਮਨ ਦੇ ਗਗਨ ਤੇ ਅਚੱਲ ਧ੍ਰੂ ਨੂੰ
ਉਹ ਚਮਕਦਾ ਸਦੀਵ ਉਹੋ ਜਿਹਾ ।

੨

ਪਿਆਰੇ ਪਿੱਛੇ
ਮੈਂ ਸਮੁੰਦਰਾਂ ਵਿਚ ਛਾਲਾਂ ਮਾਰਦੀ,
ਕਾਂਗਾਂ ਉੱਛਲਦੀਆਂ ਤੇ ਕਿਸ਼ਤੀ ਨਿੱਕੀ ਛਡਾਂ ਆਪਣੀ,
ਅਗੇ ਵਧਾਂ, ਚੱਪੇ ਮਾਰਾਂ ਮਾਰੋ ਮਾਰ ਕਰਦੀ, ਤਰਦੀ ਜਾਂਦੀ,
ਪਰ ਹੈਰਾਨ ਹੁੰਦੀ ਸਾਲਾਂ ਦੀ ਮਿਹਨਤ ਪਿੱਛੋਂ
ਖ਼ਾਨੀ ਸਭ ਹੇਠੋਂ ਵਗ ਗਏ ਮੇਰੇ,
ਸਮੁੰਦਰਾਂ ਦੇ ਸਮੁੰਦਰ ਅਗੇ ਚਲੇ ਗਏ ਕਿਥੇ,
ਤੇ ਮੇਰੀ ਕਿਸ਼ਤੀ ਦੇ ਪੈਰ ਫਸੇ ਹਨ ਚਿੱਟੀਆਂ ਬਰੇਤੀਆਂ ।
ਮੈਂ ਖਾ ਗੋਤਾ ਜਿਹਾ,
ਦੇਖਾਂ ਦੂਰ ਗਿਆਂ ਖਿਲਰਿਆ ਸਮੁੰਦਰਾਂ ਨੂੰ,
ਤੇ ਮੁੜ ਮੁੜ ਹੱਥ ਮਾਰਾਂ ਸਿਰ 'ਤੇ ਆਪਣੀਆਂ ਕੋਸ਼ਿਸ਼ਾਂ
ਤੇ ਹਾਰ ਥੱਕ ਕੇ ਆਖ਼ਰ,
ਮੈਂ ਮੁੜ ਮੁੜ ਤੱਕਾਂ ਉਸ ਆਪਣੇ ਮਨ ਦੇ ਗਗਨ ਅਚੱਲ ਧ੍ਰੂ ਨੂੰ
ਉਹ ਚਮਕਦਾ ਸਦੀਵ ਉਹੋ ਜਿਹਾ ।

੩

ਮੈਂ ਜਾਵਾਂ ਰੰਗ-ਬਰੰਗੀ ਤਿਤਲੀਆਂ ਪਕੜਦੀ,
ਤੇ 'ਕੱਠੇ ਕਰ ਕਰ ਰਖਾਂ ਉਨ੍ਹਾਂ ਉੱਡਦਿਆਂ ਸੁਹਣੱਪਾਂ ਨੂੰ ।
ਇਕੱਠੇ ਖ਼ਜ਼ਾਨੇ ਜਦ ਕਦੀ ਖੋਹਲਾਂ ਸਾਲਾਂ ਮਗਰੋਂ,
ਮੇਰੇ ਹੱਥ ਕੁਝ ਨਾਂਹ,

ਬੱਸ, ਪੱਤਝੜ ਰੁੱਤ ਦੇ ਫਟੇ ਤੇ ਸੁੱਕੇ, ਪੀਲੇ, ਰੱਤੇ ਟੁੱਟੇ ਕੁਝ ਪੱਤੇ।
ਦੇਖ ਦੇਖ ਭਾਗ ਆਪਣੇ,
ਤੇ ਖ੍ਵਾਹਿਸ਼ਾਂ ਤੇ ਗਰਜ਼ਾਂ ਦੀ ਅੰਦਰਲੀ ਕਾਲਖ ਆਪਣੀ,
ਮੁੜ ਮੁੜ ਮੈਂ ਆਖ਼ਰ ਹਾਰ ਕੇ ਤੱਕਦੀ,
ਉਸ ਆਪਣੇ ਮਨ ਦੇ ਗਗਨ ਧ੍ਰੂ ਨੂੰ,
ਉਹ ਚਮਕਦਾ ਸਦੀਵ, ਉਹੋ ਜਿਹਾ।

ਮੈਂ ਨਿਸ਼ਾਨਾ ਮਾਰ ਨਹੀਂ ਜਾਣਦਾ

ਮੈਂ ਨਿਸ਼ਾਨਾ ਕਦੇ ਨਹੀਂ ਬੰਨ੍ਹਿਆ,
ਨਾ ਨਿਸ਼ਾਨਾ ਮਾਰ ਜਾਣਾ।

ਉਹ ਆਪ ਨਿਸ਼ਾਨਾ ਫੁੰਡਦਾ,
ਹੱਥ ਮੇਰੇ ਹਨ, ਤੀਰ ਚਲਾਂਦਾ ਉਹ ਮੇਰੇ ਹੱਥਾਂ ਨਾਲ,
ਮੈਂ ਤਾਂ ਤੀਰ ਨੂੰ ਉਹਦੇ ਹੱਥ ਦੀ ਛੋਹ 'ਤੇ ਛਡਦਾ।

ਮੈਂ ਪਿਆਰ ਨਹੀਂ ਕਰਦਾ;
ਮੈਂ ਪਿਆਰ ਕਰਨ ਨਹੀਂ ਜਾਣਦਾ;
ਪਤਾ ਕੀ ਹੁੰਦਾ ਹੈ ਕਦੀ ਕਦੀ ਮੈਨੂੰ;
ਮੈਂ ਤਾਂ ਹਵਾ ਦੇ ਮੋਢਿਆਂ 'ਤੇ ਬੈਠਾ, ਉੱਡਿਆ ਜਾਂਦਾ ਹਾਂ ਵਾਂਗ ਹਾੜੀ ਦੇ
ਫੁੱਲਾਂ ਦੀ ਪੰਖੜੀਆਂ ਦੇ,
ਇਧਰ ਉਧਰ, ਖ਼ੁਸ਼ੀਆਂ ਵਿਚ ਡਿੱਗਦਾ, ਢਹਿੰਦਾ।
ਹੁੰਦਾ ਹੈ ਜੁ ਹੁੰਦਾ ਹੈ, ਉਹ ਜਾਣੇ,
ਮੈਂ ਨਿਸ਼ਾਨਾ ਨਹੀਂ ਬੰਨ੍ਹਿਆ,
ਨਾ ਨਿਸ਼ਾਨਾ ਮਾਰ ਜਾਣਾ,
ਉਹ ਆਪੇ ਨਿਸ਼ਾਨਾ ਸਾਰੇ ਫੁੰਡਦਾ।

ਵਿਛੋੜਾ

ਉਮਰਾਂ ਪਿੱਛੇ ਮੈਂ ਉਹਨੂੰ ਮਿਲਿਆ,
ਮੈਂ ਆਖਿਆ ਦੰਦ ਜਿਹੇ ਪੀਹ ਕੇ, ਮੈਂ ਹੁਣ ਕਦੀ ਨਾ ਵਿਛੁੜਸਾਂ,
ਕਦੇ ਨਾ ਛਡ ਕੇ ਜਾਸਾਂ ਹੁਣ ਆਪਣੀ ਜਿੰਦ ਜਾਨ ਨੂੰ।
ਮੈਂ ਇਸ ਵੇਰੀ ਖ਼ੂਬ ਪੱਕ ਕੀਤਾ ਸੀ ਆਪਣੇ ਆਪ ਨਾਲ,
ਛੋਡ ਨਾ ਜਾਸਾਂ ਕਦੀ ਹੁਣ ਲਾਲ ਨੂੰ।

ਪਰ ਜਦ ਉਹ ਪਿਆਰਾ ਬੋਲਿਆ,

ਮੈਂ ਉਹਦੇ ਹੋਠਾਂ ਵਿਚੋਂ ਛਹਿੰਦੇ ਤੱਕੇ ਅੱਗ ਦੇ ਕਣੂਕੇ ।
ਦੇਖੇ ਇਹਦੇ ਅੱਗ ਦੇ ਉਹਦੇ ਗੀਤ ਉੱਡਦੇ ।
ਮੇਰਾ ਬਲ ਛੁਟਕਿਆ, ਮਰਜ਼ੀ ਮਰ ਗਈ,
ਮੈਂ ਉੱਡ ਪਿਆ ਨਾਲੇ, ਭੁੱਲ ਉਸ ਪਿਆਰੇ ਨੂੰ ਮੁੜ ਉਹਦੇ ਅੱਗੀ ਗੀਤ ਵਿਚ ।
ਆਹਾ ! ਠੀਕ ਮਿਲੀ ਮੈਂ ਉਸ ਨੂੰ,
ਇਨ੍ਹਾਂ ਸਦਾ ਦੇ ਵਿਛੋੜਿਆਂ ਵਿਚ ।

ਮੁੜ ਆ ਪਿਆਰੇ

ਮੁੜ ਆ ਪਿਆਰੇ ਤੂੰ,
ਰਾਤ ਮੁੜ ਮੇਰੇ ਵੈਰ ਪੈ ਗਈ ਆ ।
ਉਹ ਸਾਲ ਦੇ ਜਗਲ ਜਿਹੜੇ ਸਾਡੇ ਮੇਲੇ ਦੇ ਗੀਤ ਸਨ ਕਦੀ,
ਅੱਜ ਵਿਗੜ ਬੈਠੇ ਸਨ, ਕੁਝ ਅਪਣਤ ਪੁਰਾਣੀ ਉਹ ਨਹੀਂ ਰਹੀ ਕਿਧਰੇ :
  ਉਹ ਜਗਤ ਬਦਲ ਗਿਆ ਈ,
  ਹਨੇਰਾ ਜਿਹਾ ਛਾ ਗਿਆ ਈ,
ਉਹ ਪੁਰਾਣੀ—ਤੇਰੇ ਕੋਲ ਹੁੰਦਿਆਂ ਦੀ—ਸਾਂਝ ਨਹੀਂ ਦਿੱਸਦੀ;
  ਇਉਂ ਜਾਪੇ ਜਿਵੇਂ ਮੁੜ ਕਦੀ ਨਾ ਉਹ ਵੇਲਾ ਆਸੀ,
  ਮੁੜ ਕਦੀ ਨਾ ਉਹ ਥੀਸੀ ਜਿਹੜਾ ਸੀ ਕਦੀ,
  ਜਿਵੇਂ ਮੁੜ ਪ੍ਰਭਾਤ ਕਦੀ ਨਾ ਆਸੀ ਹੁਣ,
  ਬੱਸ, ਰਾਤ ਓਪਰੀ ਨਾਵਾਕਫ਼ ਦਾ ਹਨੇਰਾ,
  ਤੇ ਉਸ ਵਿਚ ਕੁਲ ਜਗਤ ਪੱਤਾ ਪੱਤਾ ਹਨੇਰੇ ਦਾ ਹੋ ਪਿਆ ਡਿੱਗਦਾ ।

ਮੁੜ ਆ ਪਿਆਰੇ ਤੂੰ,
ਹੁਣ ਢਿੱਲ ਨਾ ਲਾਵੀਂ, ਆ ਜਿਵੇਂ ਤੂੰ ਸਦਾ ਆਉਂਦਾ,
ਪਿੱਛੇ ਆ ਦੋਹਾਂ ਹੱਥਾਂ ਨਾਲ ਬੰਦ ਕਰ ਨੈਣ ਮੇਰੇ,
  ਅਚਨਚੇਤ ਪੁੱਛੀਂ ;"ਕੌਣ ?"
ਤੇ ਪੁੱਛ, ਪੁੱਛ ਮੁੜ ਪੁੱਛ, ਉੱਤਰ ਨਾ ਉਡੀਕੀਂ ਤੂੰ,
ਤੇ ਲਵੀਂ ਸਾਰੀ ਪਕੜ ਮੈਨੂੰ ਆਪਣੀਆਂ ਬਾਹਾਂ ਵਿਚ,
ਤੇ ਦੇਵੀਂ ਇਹ ਖ਼ੁਸ਼ੀ ਮੁੜ,
ਜਿਸ ਨਾਲ ਮੁੜ ਕਰਸਾਂ ਮੌਤ ਨੂੰ ਫ਼ਤਹ ਮੈਂ ।

ਉਸ ਦੀ ਦਾਤ

ਉਸ ਮੋਤੀ ਇਕ ਵਿੰਨ੍ਹ ਕੇ,
ਇਕ ਕਿਰਨ ਜਿਹੀ ਤਾਰ ਵਿਚ ਪ੍ਰੋ ਦਿੱਤਾ ਮੈਨੂੰ ।
ਆਪਣੇ ਹੱਥੀਂ ਗਲੇ ਮੇਰੇ ਵਿਚ ਪਾਇਆ

ਅਜੀਬ—ਇਹ ਮੋਤੀ।
ਜਿਵੇਂ ਅੱਖਾਂ ਨਾਲ ਤਾਰੇ ਸੌਂਦੇ, ਉੱਠਦੇ, ਖੁੱਲ੍ਹਦੇ ਮੀਟਦੇ
ਤਿਵੇਂ ਉਹ ਮੋਤੀ ਲੱਗ ਮੇਰੀ ਛਾਤੀ
ਮੇਰੇ ਨਾਲ ਨਾਲ ਸੌਂਦਾ ਜਾਗਦਾ, ਹੱਸਦਾ ਰੋਂਦਾ।
ਪਰ ਮੈਂ ਅਣਗਹਿਲਣ, ਮੈਂ ਮੂਰਖ,
ਮੈਨੂੰ ਉਹਦੀ ਅਸਲ ਖ਼ਬਰ ਕੋਈ ਨਾ।

ਇਕ ਦਿਨ ਇਹ ਧਾਗਾ ਟੁੱਟਾ, ਮੋਤੀ ਡਿੱਗਾ,
ਤੇ ਮੇਰੇ ਗਲੇ ਵਿਚੋਂ ਢਹਿ ਪਈ ਤਲੇ ਧਰਾ 'ਤੇ।
ਮੈਂ ਹੈਰਾਨ ਹੋ ਕੇ ਦੇਖਦੀ ਹਾਂ,
ਦੋਵੇਂ ਜ਼ਮੀਨ ਅਕਾਸ਼ ਇਕੱਠੇ, ਇਕੋ ਵੇਲੇ ਦੌੜੇ,
ਇਹਨੂੰ ਪਤੁੱਛਣ ਨੂੰ ਡਾਢੀ ਸਤਿਕਾਰ ਵਿਚ,
ਹਾਏ ਇਹ ਤਲੇ ਕਿਉਂ ਢੱਠਾ ?
ਮੈਨੂੰ ਇਹਦੀ ਅਸਲੀ ਖ਼ਬਰ ਕੋਈ ਨਾਂਹ।

ਸਮੁੰਦਰ ਕਿਨਾਰੇ ਮੈਂ ਉਡੀਕਾਂ

ਸਮੁੰਦਰ ਕਿਨਾਰੇ ਮੈਂ ਖੜੀ ਉਡੀਕਾਂ,
ਪਿਆਰੇ ਦਾ ਜਹਾਜ਼ ਕਦ ਆਵਸੀ ?
ਮੈਂ ਉਦਾਸ ਖੜੀ ਨੂੰ ਦੇਖ,
ਸਾਰਾ ਸਮੁੰਦਰ ਆਇਆ, ਡਿੱਗਿਆ ਪੈਰਾਂ ਵਿਚ,
ਤੇ ਛੋਹਵੇ ਮੇਰੇ ਪੈਰ ਆਪਣੀ ਅਯਾਲ ਨਾਲ।
ਪਰ ਮੈਂ ਵੇਖਦੀ ਦੂਰ, ਉਤਾਹਾਂ ਨੂੰ,
ਪਿਆਰੇ ਦਾ ਜਹਾਜ਼ ਕਦ ਆਵਸੀ ?
ਸਮੁੰਦਰ ਵੱਲ ਮੈਂ ਧਿਆਨ ਨਾ ਕਰਦੀ,
ਸਮੁੰਦਰ ਮੇਰਾ ਕੀ ਲੱਗਦਾ ?
ਮੈਨੂੰ ਸਮੁੰਦਰ ਦੀ ਲੋੜ ਕੀ ?
ਮੈਂ ਦੇਖਦੀ ਦੂਰ ਅਗਾਹਾਂ ਨੂੰ,
ਸਮੁੰਦਰ ਥੀਂ ਪਾਰ, ਪਿਆਰੇ ਦਾ ਜਹਾਜ਼ ਕਦ ਆਵਸੀ ?

ਉਹ ਆਇਆ ਜਹਾਜ਼ ਪਿਆਰੇ ਦਾ ਲਹਿਰਾਂ 'ਤੇ ਟੁਰਦਾ,
ਜਹਾਜ਼ ਵਿਚ ਬੈਠਾ ਮੇਰੇ ਸਿਰ ਦਾ ਸਾਈਂ।
ਮੈਂ ਤਾਂ ਓੜ ਸਮੁੰਦਰ ਨੂੰ ਪਿਆਰਿਆ,
ਮੈਂ ਤਾਂ ਸਮੁੰਦਰ ਸਾਰੇ ਥੀਂ ਵਾਰੀ ਵਾਰੀ,
ਜਿਸ ਉੱਤੇ ਆਇਆ ਜਹਾਜ਼ ਉਹ ਪਿਆਰੇ ਦਾ।
ਮੈਂ ਤਾਂ ਘੋਲ ਘੁਮਾਈਆਂ ਸਮੁੰਦਰ ਸਾਰੇ ਦੇ ਪਾਣੀਆਂ

ਮੈਂ ਉਹਦੇ ਕੇਸਰੀ-ਸਿਰ 'ਤੇ ਹੱਥ ਫੇਰਦੀ ।
ਮੈਨੂੰ ਉਹਦੀ ਸਿੰਘ-ਗਰਜ ਲੂੰਅ ਲੂੰਅ ਭਾਂਦੀ ਹੁਣ, ਜਿਗਰਾਂ ਵਿਚ ਚੁਭਦੀ ।
ਮੈਂ ਮੱਲੋ ਮੱਲੀ ਸਮੁੰਦਰ-ਸਿੰਘ ਨੂੰ ਪਿਆਰਦੀ,
ਸਮੁੰਦਰ ਤਾਂ ਮੇਰਾ ਰੂਹ ਹੈ ।
ਉਹ ਆਇਆ ਜਹਾਜ਼ ਪਿਆਰੇ ਦਾ ਸਮੁੰਦਰਾਂ 'ਤੇ ਟੁਰਦਾ ।

ਜੇ ਤੂੰ ਮੇਰਾ ਹੋਵੇਂ !

ਜੇ ਤੂੰ ਮੇਰਾ ਹੋਵੇਂ,
ਮੈਂ ਦੇਖਾਂ ਨਿੱਤ ਤੈਨੂੰ,
ਤਾਂ ਮੰਦਰ ਦੀ ਨਾਂਹ ਲੋੜ ਮੈਨੂੰ,
ਮਸਜਿਦ, ਗਿਰਜਾ ਮੇਰਾ ਤੂੰ ਹੈਂ ।

ਜੇ ਮੇਰਾ ਮੁੱਖ ਸੂਰਜ-ਮੁਖੀ ਦੇ ਫੁੱਲ ਵਾਂਗ ਫਿਰੇ,
ਉਧਰ ਜਿਧਰ ਤੂੰ ਹੋਵੇਂ,
ਤੇ ਜੇ ਰੋਜ਼ ਤੇਰੀ ਨਿਗਾਹਾਂ ਦੀ ਧੁੱਪ ਵਿਚ ਨਾਵ੍ਹਾਂ ਮੈਂ,
ਜੇ ਮੇਰਾ ਮਨ ਖ਼ਿਆਲ ਥੀਂ, ਉੱਚਾ ਹੋਵੇ,
ਮੇਰੇ ਵਿਚ ਸੱਚੀਂ ਈਮਾਨ, ਇਸਲਾਮ, ਬੇਓੜਕ ਇਹ;
ਬੱਸ, ਮੈਨੂੰ ਦੁਨੀਆਂ ਦੀਨ ਦੀ ਲੋੜ ਨਹੀਂ ।

ਇਕ ਜੰਗਲੀ ਫੁਲ*

੧

ਨੀਲੇ ਨੀਲੇ ਗਗਨਾਂ ਹੇਠ,
ਇਕ ਕੱਖਾਂ ਦੀ ਝੁੱਗੀ,
ਕੱਖ ਪੀਲੇ ਪੀਲੇ, ਨਵੇਂ ਛਵਾਏ,
ਤੇ ਕੱਖਾਂ 'ਤੇ ਪੈਂਦੀਆਂ ਝੁਰਮੁਟ ਪਾਂਦੀਆਂ,
ਬੇਤਾਬ ਸੂਰਜ ਦੀਆਂ ਕੰਬਦੀਆਂ ਕਿਰਨਾਂ;
ਕੱਖ ਸਭ ਸੋਨੇ ਦੇ।
ਉਸ ਵਿਚ ਬੈਠੀ ਇਕ ਸੁਹਣੀ ਸੋਹਲ,
ਮ੍ਰਿਗ-ਨੈਨੀਂ, ਚਿੱਟੀ ਦੁੱਧ ਕੁੜੀ,
ਪਤਲੀ ਛਿੰਗ, ਭਰ-ਜਵਾਨ,
ਅਬੋਝ, ਆਪੇ ਵਿਚ ਡੁੱਬੀ।
ਨੈਨ ਉਸ ਦੇ ਨਸ਼ੀਲੇ, ਕੁਝ ਲਾਲ ਲਾਲ,
ਅੱਧ-ਮੀਟੇ, ਅੱਧ-ਖੁੱਲ੍ਹੇ,
ਸੁਫ਼ਨੇ-ਭਰੇ, ਇਕ ਅਕਹਿ ਜੋਤੀ ਦੇ ਦੋ ਬਲਦੇ ਦੀਵੇ।
ਨੁਹਾਰ ਰਸੀਲੀ, ਗੋਰਾ ਬਦਨ,
ਗੋਰੇ ਗੋਰੇ ਅੰਗ ਕੁੜੀ ਦੇ
ਤੇ ਗੋਰੇ ਬਦਨ ਫੁੱਲ ਗੁਲਾਬ ਦੀ ਭਾਹ,
ਇਕ ਬੋਲਦੀ ਬੋਲਦੀ ਗੁਲਾਬੀ ਭਖ,
ਪ੍ਰਭਾ-ਜੋਤ, ਇਕ ਜੰਗਲੀ ਫੁੱਲ ਵਾਂਗ।
ਰਸ ਨਾਲ ਝੂ ਜੂ ਝੂ ਕਰਦੀ ਅਲਬੇਲੀ :

---

* ਭੂਮਿਕਾ : ਇਸ ਟੁੱਟੀ ਭੱਜੀ ਕਵਿਤਾ ਦੀ ਪਲਾਟ ਤਾਂ ਨਿਮਾਣੀ ਜਿਹੀ ਹੈ, ਪਰ ਉਸ ਪਲਾਟ ਦੁਆਰਾ ਆਏ ਜਜ਼ਬੇ ਉਮਡ ਉਮਡ ਨਿਕਲੇ ਹਨ ਤੇ ਇਕ ਨਿਕੀ ਰੰਗੀਲ ਕਿੱਲੀ ਉਤੇ ਰੰਗੇ ਫੁੱਲਾਂ ਦੇ ਹਾਰ ਹਨ। ਕਿੱਲੀ ਦਿੱਸਦੀ ਨਹੀਂ, ਦਿੱਸ ਕੇ ਕਰਨਾ ਕੀ ਸੂ ? 'ਸੁਹਣੱਪ' ਤੇ 'ਜਵਾਨੀ' ਦਾ ਧੁਰਾਂ ਦਾ ਮੇਲ ਹੈ। ਇਕ ਨਿਮਾਣੀ ਕੱਖਾਂ ਦੀ ਝੁੱਗੀ ਅੰਦਰ, ਅੰਦਰ ਮੰਦਰ ਪਿਆਰ ਦਾ ਬਣਿਆ ਤੇ ਦਿਲ ਦੇ ਦਰਿਆ ਵਗ ਖਲੋਤੇ; ਝੁੱਗੀ ਝਗੀ ਰੁੜ੍ਹ ਟੁਰੀ, ਠਾਠਾਂ ਮਾਰਦੇ ਦਰਿਆ 'ਤੇ ਰੁੜ੍ਹਦੀ ਜਾਂਦੀ ਝੁੱਗੀ, ਉਸ ਵਿਚ ਅਡੋਲ ਬੈਠੀ ਇਕ ਕੁੜੀ ਤੇ ਉਸ ਦੇ ਭਾਗਾਂ ਦੀ ਇਕ ਕਹਾਣੀ ਹੈ। ਕਿਧਰੇ ਕਿਧਰੇ ਨਿੱਕੇ ਨਿੱਕੇ ਅੱਖਰਾਂ ਵਿਚ ਉਨ੍ਹਾਂ ਉਨ੍ਹਾਂ ਕੱਖਾਂ ਵਿਚ ਅੜੇ ਵੱਡੇ ਵੱਡੇ ਦਿਲਾਂ ਵਾਂਗ ਕੁਝ ਅਰਥ ਹਨ। ਹਾਂ, ਬੱਸ। ਇਕ ਕੱਖਾਂ ਦੀ ਝੁੱਗੀ ਬਣਾਈ ਹੈ, ਵਿਚ ਇਕ ਬੋਲਦੀ ਘੁੱਗੀ ਦਾ ਆਲ੍ਹਣਾ ਹੈ। ਪੰਖੇਰੂਆਂ ਦੇ ਨਾਮ ਨਿਸ਼ਾਨ ਨਹੀਂ ਹੁੰਦੇ, ਇਸ ਸੱਸੀ ਪੁੰਨੂੰ ਦਾ ਨਵਾਂ ਨਾਂ ਕੋਈ ਨਹੀਂ ਰਖਿਆ।

ਪੂਰਨ ਸਿੰਘ, ਗਵਾਲੀਅਰ

ਰਸ ਡੋਲ੍ਹਦੀ ਖ਼ੁਸ਼ਬੋ ਭਰੀ ਜਵਾਨੀ, ਮਸਤਾਨੀ,
ਹੁਲਾਰਿਆਂ ਵਿਚ ਵਾਂਗ ਬਸੰਤ ਰੰਗੀਲੀ
ਅਡੋਲ ਵਾਂਗ ਪੂਰੇ ਖਿੜੇ ਕਮਲਾਂ,
ਪੂਰੀ ਖਿੜੀ, ਆਪਾ-ਚਾਅ ਭਰੀ,
ਸੋਨੇ ਦੇ ਕੱਖਾਂ ਦੀ ਝੁੱਗੀ ਵਿਚ ਉਹ;

ਉਸ ਵਿਚ ਡਲ੍ਹਕੇ ਉਹਦਾ ਅਛੋਹ ਸੁਹਣੱਪ,
ਤੇ ਉਸ ਹੁਸਨ ਦੀਆਂ ਸੂਖ਼ਮ ਚਮਕਾਂ,
ਉਸ ਕੱਖਾਂ ਦੀ ਝੁੱਗੀ ਦੇ ਅੰਦਰ ਜਲੌ,
ਤੇ ਕੱਖਾਂ ਨੂੰ ਭਿਗੋ, ਬਾਹਰ ਚੋਂਦੀਆਂ,
ਜਿਦਾਂ ਸੁਹਣੱਪ ਲਿਸ਼ਕਾਂ ਮਾਰਦਾ !

ਹੁਸਨਾਂ ਵਾਲੀ ਬੈਠੀ ਜਿਉਂ ਕਿਸੇ ਗਗਨ ਵਿਚ,
ਉੱਚੀ ਉੱਚੀ ਪਈ ਦਿਸਦੀ, ਦੂਰ, ਉਪਰ ।
ਆਪ ਮੁਹਾਰੀ ਦਿਲ ਖਿਚਦੀ ਅਨਜਾਣ,
ਦਿਲਾਂ ਨਾਲ ਖੇਡਦੀ, ਵਾਂਗ ਮਣੀਆਂ ਉਛਾਲਦੀ ।
ਦਿਲ ਖੋਂਹਦੀ ਖੋਂਹਦੀ,
ਛੁਪਦੀ ਛੁਪਾਉਂਦੀ,
ਜਾਂਦੀ ਖਿਸਕਦੀ ਦੂਰ ਉਪਰ, ਉਪਰ, ਹੋਰ ਉਪਰ ।
ਲੁਕਦੀ ਦਰਸਾਂਦੀ, ਜਾਂਦੀ ਉੱਡਦੀ,
ਵਾਂਗ ਚਾਹ ਅਮਿੱਟ ਉਹ,
ਪਰੇ ਪਰੇ, ਉਪਰ ਉਪਰ, ਹੱਥ ਨਹੀਂ ਆਉਂਦੀ ।
ਪ੍ਰਤੱਖ. ਪਰ ਮਾਇਆ, ਸੁਹਣੱਪ ਉਹ,
ਬੁਲਾਵੇ, ਮਚਕਾਵੇ, ਨੱਸ ਜਾਵੇ ਪਰੇ ਪਰੇ,
ਸੁਪਨ ਸ੍ਰਿਛ, ਜਿਵੇਂ ਛਾਈਂ ਮਾਈਂ ਹੋਂਵਦੀ ।
ਸੁਹਣੀ ਲਟਕਾਂ ਲਿਸ਼ਕਾਂ ਵਾਲੀ,
ਬੈਠੀ ਚੁੱਪ, ਪਰ ਉਹਦਾ ਰੂਪ ਆਪ ਮੁਹਾਰਾ ਪਿਆ ਗਾਉਂਦਾ,
ਗਗਨਾਂ ਵਿਚ ਇਕ ਰੂਪ-ਸੁਰ ਪਈ ਵਜਦੀ ।
ਇਕ ਅਲਾਪ ਕੰਨਾਂ ਵਿਚ ਆਉਂਦਾ,
ਸੁਹਣੀ ਦਾ ਸੁੰਦਰ ਦੀਦਾਰ ਪਿਆ ਪਾਉਂਦਾ:

ਕੋਮਲ ਕਮਾਲ ਮੈਂ
ਆਤਮ ਜਮਾਲ ਮੈਂ,
ਗਗਨਾਂ ਦਾ ਲਾਲ ਮੈਂ,
ਹੱਥ ਲਾਇਆਂ ਪਿਘਲਣਾ ।
ਦਿਲ ਨਾਲ ਟੋਹ ਮੈਨੂੰ,
ਨੈਨ ਨਾਲ ਛੋਹ ਮੈਨੂੰ,
ਆਸ ਵਿਚ ਜੋਹ ਮੈਨੂੰ,

ਜਾਗ ਆਇਆ ਖਿਸਕਣਾ।
ਹੱਥ ਨਾ ਲਾ ਮੈਨੂੰ,
ਅੰਗ ਨਾ ਛੂਹਾ ਮੈਨੂੰ,
ਰੱਜੀਆਂ ਨਾ ਪਾ ਮੈਨੂੰ,
ਨੀਂਦ ਦਾ ਮੈਂ ਸੁਫਨਾ।
ਹੀਰਿਆਂ ਦੀ ਆਬ ਮੈਂ,
ਬਿਜਲੀਆਂ ਦੀ ਤਾਬ ਮੈਂ,
ਸਵਾਲਾਂ ਦੀ ਜਵਾਬ ਮੈਂ,
ਆਪੇ ਵਿਚ ਵਸਣਾ।
ਤਾਰਿਆਂ ਦੀ ਲਟਕ ਮੈਂ,
ਨੈਣਾਂ ਦੀ ਮਟਕ ਮੈਂ,
ਮਣੀਆਂ ਦੀ ਸਫਟਕ ਮੈਂ,
ਮੁੜ ਮੁੜ ਨਿਹਾਲਣਾ।
ਚਾਅ ਦਾ ਉਭਾਰ ਮੈਂ,
ਰਸ ਦਾ ਛਣਕਾਰ ਮੈਂ,
ਨੂਰ ਦੀ ਫੁਹਾਰ ਮੈਂ,
ਪੀਣਾ ਤੇ ਖਿਆਲਣਾ।
ਨੈਣਾਂ ਨਾਲ ਬੋਲਾਂ ਮੈਂ,
ਜੀਭ ਨਾਲ ਤੋਲਾਂ ਮੈਂ,
ਮਰ ਮਰ ਮਉਲਾ ਮੈਂ,
ਗਗਨ ਮੇਰਾ ਆਲ੍ਹਣਾ।
ਰੇਖ ਹਾਂ ਅਕਾਸ਼ ਵਾਲੀ,
ਰੂਹ ਹਾਂ ਪ੍ਰਕਾਸ਼ ਵਾਲੀ,
ਮੂਰਤ ਹਾਂ ਵਿਗਾਸ ਵਾਲੀ,
ਖੁਸ਼ੀਆਂ ਨਾਲ ਪਾਲਣਾ।
ਉੱਚਿਆਂ ਦੀ ਹਾਂ ਛੋਹ ਮੈਂ,
ਦਿਲਾਂ ਦੀ ਮਿੱਠੀ ਲੋਅ ਮੈਂ,
ਰੱਬ ਦੀ ਹਾਂ ਸੋਅ ਮੈਂ,
ਪਿਆਰ ਚੋਗ ਪਾਵਣਾ।
ਜਿਗਰਾਂ ਡੂੰਘੀ ਕੂਕ ਮੈਂ,
ਦਮਦਮੇਂ ਦੀ ਬਲਦੀ ਫੂਕ ਮੈਂ,
ਉੱਡਦੀ ਕੋਮਲ ਬੰਦੂਕ ਮੈਂ,
ਉੱਡਣਾ ਤੇ ਉਡਾਵਣਾ।

੨
ਗੋਰੀ ਦੀ ਬੋਲੀ ਆਪਣੀ,
ਦਮਕਦੀ, ਲਿਸ਼ਕਦੀ, ਲਾਟਾਂ ਬਲ ਬਲ ਕਰਦੀਆਂ।
ਇਕ ਅਸਗਾਹ, ਅਥਾਹ ਜੀ,

ਕਿਥੋਂ ਆਇਆ ? ਕਿਥੇ ਵੰਞਸੀ ?
ਕਿਸ ਨੂੰ ਪਤਾ ? ਆਪ ਮੁਹਾਰਾ
ਇਕ ਉੱਡਦਾ ਪੰਖੇਰੂ ਪਿਆ ਕੂਕਦਾ ।
ਕਿਸੇ ਹੋਰ ਦੇ ਦੀਦੇ ਖੁੱਲ੍ਹੇ ।
ਇਕ ਹੋਰ ਜੀ—ਪੰਖੇਰੂ ਉੱਡਦਾ,
ਆਣ ਉਸੇ ਟਾਹਲੇ ਬੈਠਿਆ !

ਉਨ੍ਹਾਂ ਦੀਦਿਆਂ ਵਿਚ ਝੁੱਗੀ,
ਤੇ ਝੁੱਗੀ ਵਿਚ ਉਸ ਦੇ ਦੀਦੇ,
ਉਨ੍ਹਾਂ ਅੱਖਾਂ ਵਿਚ ਚੰਨ ਚੜ੍ਹ ਆਇਆ ਦਿਨ ਦਿਹਾੜੀ ।
ਹੁਣ ਚੜ੍ਹੇ ਸੂਰਜ ਨੂੰ ਕੌਣ ਤੱਕੇ ?
ਝੁੱਗੀ ਦੇ ਕੱਖਾਂ ਵਿਚ ਅੜ ਗਏ ਉਹ ਸੁਫਨਾਂ ਭਰੇ ਦੀਵੇ !
ਝੁੱਗੀ ਦੇ ਚੰਨ ਨੂੰ ਵੇਖ ਵੇਖ,
ਕੁਝ ਮਿਲਦੇ ਜਾਂਦੇ ਹਨ,
ਕੁਝ ਜੁੜਦੇ ਜਾਂਦੇ ਹਨ,
ਭਰੀ ਦੁਪਹਿਰ ਉਨ੍ਹਾਂ ਦੀਦਿਆਂ ਨੂੰ,
ਸੂਰਜ ਨੀਲੇ ਅਕਾਸ਼ ਵਿਚ ਡੁੱਬਦਾ ਡੁੱਬਦਾ ਦਿੱਸਦਾ ਹੈ !
ਮੁੜ ਮੁੜ ਸੁਹਣੀ ਦੇ ਬਿਰਾਗੀ ਕੇਸਾਂ ਦੀ ਅਨੋਖੀ ਰਾਤ ਪੈਂਦੀ ਜਾਂਦੀ ਹੈ ।
ਚਾਰ ਚੁਫੇਰੇ ਕੱਖਾਂ ਹੇਠ ਤੇ ਕੱਖਾਂ ਉੱਪਰ,
ਸਾਰੀ ਝੁੱਗੀ ਉੱਪਰ ਅੱਧੀ ਰਾਤ ਆ ਛਾਈ ਹੈ ।
ਕੁੜੀ ਕੀ ? ਇਕ ਦੀਵਾ ਬਲ ਰਿਹਾ ਹੈ,
ਬਲਦਾ ਤੇ ਬੁਲਾਂਦਾ ਹੈ,
ਇਕ ਤਾਰਾ ਚਮਕ ਰਿਹਾ ਹੈ ।
ਝਮਕਦੀਆਂ ਅੱਖਾਂ ਦੇ ਇਸ਼ਾਰੇ ਇਲਾਹੀ ਹਨ ।
ਝੁੱਗੀ ਜਗਮਗ ਜਗਮਗ ਹੋ ਰਹੀ ਹੈ,
ਉਸ ਚੰਨ-ਨੁਹਾਰ ਥੀਂ ਇਕ ਚਾਨਣਾ ਪੈ ਰਿਹਾ ਹੈ ।
ਮੰਦ ਮੰਦ ਹੱਸੀ ਲਿਸ਼ਕ ਰਹੀ ਹੈ,
ਠੰਢ ਠੰਢ, ਇਕ ਚਿੱਟੀ ਚਿੱਟੀ ਅੱਗ ਵਰਸ ਰਹੀ ਹੈ ।
ਰੂਪ ਅਨੂਪ ਦੇਖ ਦੇਖ,
ਦਿਲ ਸੋਹਣੇ ਦਾ ਇਕੱਠਾ ਹੁੰਦਾ ਜਾਂਦਾ ਹੈ ।
ਨੈਣ ਬਉਰਾਨੇ ਹੋ ਮਿਟਦੇ ਜਾਂਦੇ,
ਛੱਪਰ ਢਹਿੰਦੇ ਹਨ,
ਦਿਨ ਦਿਹਾੜੀ ਸੁਹਣਾ ਸੁਫ਼ਨਾ ਹੋ ਰਿਹਾ ਹੈ ।
ਹੌਲੇ ਹੌਲੇ, ਕਾਲੀ ਕਾਲੀ,
ਡੂੰਘੀ ਡੂੰਘੀ, ਨੈਣ ਰਾਤ ਆ ਰਹੀ ਹੈ ।
ਤੇ ਉਨ੍ਹਾਂ ਨੈਣਾਂ ਵਿਚ, ਝੁੱਗੀ ਦੇ ਅੰਦਰ
ਇਕ ਪੂਰਨਮਾਂ ਦਾ ਚੰਨ ਚੜ੍ਹ ਰਿਹਾ ਹੈ
ਉੱਚਾ ਉੱਚਾ ਹੁੰਦਾ ਆਉਂਦਾ ਹੈ ।

੩

ਪਰ ਸੀ ਉਹ ਇਕ ਪ੍ਰਨਾਈ ਕੁੜੀ,
ਜਿਹਦੀ ਜਵਾਨੀ ਸੀ ਕੂਕਾਂ ਮਾਰਦੀ।
ਚੁੱਪ ਚੁਪੀਤੀ, ਹਸੂੰ ਹਸੂੰ ਕਰਦੀ,
ਖੁਲ੍ਹੀ ਪੇਸ਼ਾਨੀ, ਪ੍ਰਸੰਨ ਬਦਨ,
ਹਾਸੇ ਆਪਣੇ ਕੇਰਦੀ ਚਾਰ ਚੁਫੇਰੇ ਤੱਕਦੀ।
ਤੇ ਆਪਣੇ ਸੁਹੇਲ ਸੁਹੱਣਪ ਥੀਂ ਬੇਖ਼ਬਰ,
ਇਹੋ ਤਾਂ ਸੀ ਸੁਹੱਣਪ ਦੀ ਇਕ-ਵਿੱਨ੍ਹਵੀਂ ਦਮਕ।
ਖਸਮ ਵਿਚਾਰੀ ਦਾ ਭੁੰਨੇ ਦਾਣੇ ਵੇਚਦਾ,
ਅੱਧਖੜ, ਕੁਝ ਝੋਰਿਆਂ ਨਿਚੋੜਿਆ ਨਿੰਬੂ!
ਇਕ ਦੁੱਧ ਦੀ ਕੜਾਹੀ, ਪਕੌੜੀਆਂ ਤਲਣ ਦਾ ਸਾਮਾਨ ਸਾਰਾ,
ਤੇਲ ਤੇ ਸਬੂਣ, ਲੂਣ ਰੱਖੇ,
ਆਟਾ ਤੇ ਦਾਲ,
ਨਿੱਕੀਆਂ ਨਿੱਕੀਆਂ ਟੋਕਰੀਆਂ।
ਮੈਲੇ ਚਿੱਕੜ ਵਿਚਾਰੇ ਦੇ ਕੱਪੜੇ,
ਥਿੰਧੇ ਤੇ ਪੁਰਾਣੇ-ਫਟੇ,
ਕਮਾਊ ਤੇ ਸੂਦ-ਖਾਊ ਬੱਚਾ,
ਇਕ ਜੀਵਨ-ਦੌੜ ਦਾ ਹਫ਼ਿਆ, ਢੱਠਾ ਪੁਰਾਣਾ ਸਿਪਾਹੀ।
ਆਟਾ ਚਿੱਟਾ ਚਿੱਟਾ ਤੋਲੇ,
ਸੜਕ ਕਿਨਾਰੇ ਬੈਠਾ ਗਿਣੇ ਕੌਡੀਆਂ ਤੇ ਪੈਸੇ,
ਮੁੜ ਮੁੜ ਹਿਸਾਬਾਂ ਵਿਚ ਡੁੱਬਾ,
ਅਜੀਬ ਮੋਇਆ ਮੋਇਆ ਆਦਮੀ।

ਇਸ ਹੱਟੀ ਅੱਗੋਂ ਲੰਘਦੀ ਸੜਕ,
ਜਿਹੜੀ ਚੱਕਰ ਖਾ ਖਾ,
ਪਹਾੜਾਂ ਨੂੰ ਚੜ੍ਹੀ ਜਾਉਂਦੀ।
ਇਹ ਸੜਕ ਦਿਨ ਰਾਤ ਟੁਰਦੀ,
ਨਿੱਤ ਨਵੀਂ ਦੁਨੀਆਂ ਉੱਠਦੀ ਤੇ ਸਮਾਂਦੀ,
ਆਉਂਦੀ ਤੇ ਜਾਉਂਦੀ, ਢੋਲੇ ਗਾਉਂਦੀ,
ਦੁਨੀਆਂ ਦੇ ਹੜ੍ਹਾਂ ਦੇ ਹੜ੍ਹ,
ਵਗਦੇ ਵਹਿੰਦੇ ਟੁਰਦੇ ਜਾਂਦੇ।
ਤੇ ਇਸ ਤੁਰਦੀ ਦੁਨੀਆਂ ਵਿਚ,
ਬੈਠਾ ਅਚੱਲ ਅਹਿੱਲ ਉਹ ਹੱਟੀ ਵਾਲਾ,
ਆਪਣੀ ਫੱਟੀ ਫੂਹੜੀ ਉਪਰ,
ਮਾਨੋ ਪੈਸਿਆਂ ਤੇ ਕੌਡੀਆਂ ਦੀ ਮੂਰਤ;
ਰੁਪਿਆਂ ਦੀ ਛਣ ਛਣ ਨੂੰ ਸੁਣਦਾ;
ਅਜੀਬ ਕਿਸੇ ਸਮਾਧੀ ਵਿਚ ਇਹ ਜੋਗੀ।

ਹਿੱਲੇ ਦੁਨੀਆਂ ਹਿੱਲੇ
ਮਰੇ ਦੁਨੀਆਂ ਮਰੇ,
ਆਵੇ, ਜਾਵੇ ਲੋਕਾਈ,
ਟੁੱਟੇ ਭੱਜੇ ਸਭ ਖ਼ੁਦਾਈ,
ਪਰ ਕਦੇ ਨਾ ਹਿੱਲੇ,
ਇਹਦੀ ਫਟੀ ਫੂਹੜੀ !
ਕਦੀ ਨਾ ਕੰਬੇ ਇਹਦੀ ਮੈਲੀ, ਖਿੰਧੀ ਤੱਕੜੀ !
ਹੱਟੀ 'ਤੇ ਰੋਜ਼ ਗਹਿਮਾ ਗਹਿਮੀ ਰਹਿੰਦੀ ।
ਕੋਈ ਦੁੱਧ ਪੀਵੇ ਆਣ ਉਥੇ,
ਕੋਈ ਤਲਾਵੇ ਪਕੌੜੀਆਂ,
ਕੋਈ ਭੁੰਨੇ ਦਾਣੇ ਤੁਲਾਂਦਾ,
ਕੋਈ ਖ਼ਾਹਮਖ਼ਾਹ ਗੱਲਾਂ ਮਚਕਾਵੇ ।
ਲੂਣ ਤੇ ਸਬੂਣ ਗਰਾਵਾਂ ਵਾਲੇ ਲੈਣ ਆਉਂਦੇ,
ਆਉਣ ਤੇ ਜਾਣ, ਕੋਈ ਨਾ ਟਿਕੇ ਉਥੇ
ਬਸ ! ਕੌਡੀਆਂ ਤੇ ਪੈਸੇ ਛਨਾਛਨ ਪੈਂਦੇ,
ਬਸ ! ਪੈਂਦੇ ਤੇ ਰਹਿੰਦੇ, ਇਹ ਦਮੜੇ ਹਮੇਸ਼ ।

ਇਹ ਹੱਟੀ ਉਸ ਪਹਾੜੀ ਖੱਤ੍ਰੀ ਦੀ,
ਇਕ ਆਪ ਨਿੱਕੀ ਜਿਹੀ ਦੁਨੀਆਂ,
ਪਈ ਵੱਸਦੀ ਤੇ ਪੈਸੇ ਰੁਪਏ ਦੀਆਂ ਸ਼ਕਲਾਂ,
ਉਸ ਖੱਤ੍ਰੀ ਦੀ ਮੰਨ-ਜੰਮੀਆਂ ਮੂਰਤਾਂ,
ਰੁਪਏ ਪੈਸੇ ਦੀਆਂ ਪਈਆਂ ਨੱਚਦੀਆਂ !

ਉਹ ਕੁੜੀ !
ਇਸ ਮੋਇਆਂ ਦੇ ਘਮਸਾਨ ਵਿਚ,
ਜੰਗਲ ਥੀਂ ਆਂਦੇ ਹਰਨੋਟੇ ਵਾਂਗ,
ਕੁਛ ਠਹਿਰੇ, ਕੁਛ ਤ੍ਰਬਕੇ, ਕੁਛ ਤੱਕੇ, ਕੁਛ ਉੱਛਲੇ,
ਦੇਖ, ਦੇਖ ਇਹ ਨਵੀਂ ਰੁਪਏ ਪੈਸੇ ਦੀ ਦੁਨੀਆਂ !
ਪਰ ਕਰੇ ਕੀ ? ਉਹ ਬੱਧੀ ਪਈ, ਹਿੱਲਦੀ !
ਉਹ ਜੋਬਨ ਮੱਤੀ, ਉਹ ਲਟ ਲਟ ਬਲਦੀ, ਤੇਜ ਮੂਰਤ
ਉਹ ਸੁਹਣੱਪ ਸ਼ਾਹਜ਼ਾਦੀ, ਉਹ ਗਗਨ ਹੰਸਣੀ,
ਸਾਰਾ ਕੰਮ ਕਾਜ ਕਰਦੀ ਇਸ ਖਿੰਧੇ ਖਿੰਧਾਰ ਦਾ ।
ਇਹ ਨਾਰ ਦਿਨ ਰਾਤ ਕਰਦੀ ਅਥੱਕ
ਬਿਨ ਮਿਣਝਿਣ, ਬਿਨ ਝਿਣਮਿਣ,
ਸਾਰਾ ਕੰਮ ਉਸ ਹੱਟੀਵਾਨ ਦਾ ।
ਇਹ ਸੁਹਣੀ ਨਾਜ਼ਕ ਨਾਰ,
ਕਰਦੀ ਸਭ ਕੰਮ ਵਾਂਗ ਮਿੱਟੀ ਲਿੱਬੜੀਆਂ ਮਜ਼ੂਰਨੀਆਂ ।

੪

ਦਿਨ ਇੱਥੇ ਆ ਢਹਿ ਢਹਿ ਪੈਂਦਾ,
ਬੇਹੋਸ਼ ਜਿਹਾ ਹੁੰਦਾ ਜਾਂਦਾ,
ਰਾਤ ਵੀ ਤ੍ਰਹਿੰਦੀ, ਨੱਸਦੀ ਤੇ ਡਿੱਗਦੀ;
ਦਿਨ ਰਾਤ ਨੂੰ ਸਮਝ ਨਹੀਂ ਆਉਂਦੀ,
ਇੰਨੇ ਓੜਕ ਦੇ ਹੁਸਨ ਦਾ ਲੋਕੀਂ,
ਹਾਏ ! ਕੀ ਮੁੱਲ ਪਾਉਂਦੇ ?
ਚੜ੍ਹੇ ਸੂਰਜ, ਦਿਨ ਦਿਹਾੜੇ, ਅੱਖ ਉਘਾੜੇ,
ਕਈ ਅੰਨ੍ਹੀ ਪੋਪੜੀ ਮਚਾਂਵਦੇ,
ਇਹ ਨਾਸ਼ੁਕਰੇ ਬੰਦੇ ਦੇਖਣ ਨਾਂਹ
ਅਲਖ ਨਹੀਂ ਲਖਾਂਵਦੇ !
ਹੁਸਨ ਖੜਾ ਸਾਹਮਣੇ ਮੂਰਤੀਮਾਨ, ਬੇਹੋਸ਼ ਨਹੀਂ ਪਛਾਣਦੇ ।
ਇੰਨੀ ਸੁਹਣੱਪ ਟੁੱਟੀ ਇੱਥੇ !
ਇੰਨੀ ਖ਼ੁਸ਼ਬੋ ਅੰਗਾਂ ਦੀ ਆਉਂਦੀ,
ਇੰਨੀ ਜਵਾਨੀ ਦੀ ਪਾਤਸ਼ਾਹੀ ਦੀ ਰੌਣਕ,
ਇੰਨਾਂ ਇਕਬਾਲ ਪਿਆ ਹੁਸਨ ਦਾ ਵੱਸਦਾ ।
ਹਾਏ ! ਇੰਨ੍ਹਾਂ ਮਸਤ ਕਾਲੇ ਮ੍ਰਿਗ ਨੈਣਾਂ ਕੌਣ ਦੇਖਣ ਆਉਂਦਾ ?

ਬੱਸ, ਰਾਹ ਗੁਜ਼ਰੂ ਪਹਾੜਾਂ ਨੂੰ ਜਾਣ ਵਾਲੇ
ਖੱਚਰਾਂ ਖੋਤਿਆਂ ਦੇ ਥੋਰੀ ਸਿਪਾਹੀ,
ਬੱਸ, ਟੁਰਦੀ ਰੁੜਦੀ ਜਾਂਦੀ ਮੂੰਹ ਮਿੱਟੀ ਭਰੀ ਲੋਕਾਈ
ਜਿਹੜੀ ਖੁੱਲ੍ਹੀ ਅੱਖੀਆਂ ਅੰਨ੍ਹੀ ਹੋਈ ਧਾਂਵਦੀ ।
ਬੱਸ, ਇਹੋ ਜੀਉਂਦੀ ਮੋਈ ਲੋਕਾਈ,
ਵਾਂਗ ਅੰਨ੍ਹੇ ਕੁੱਤਿਆਂ ਹਿਰਨਾਂ ਮਗਰ, ਨੱਸਦੀ ।

੫

ਸੁਹਣੀ ਨਾਰ ਪਿਆਰੀ ਸ੍ਵੈ-ਸਿੰਘਾਸਨ ਬੈਠੀ,
ਕੱਖਾਂ ਦੀ ਝੁੱਗੀ ਵਿਚ ਇਕ ਅੱਗ ਪਈ ਬਲਦੀ !
ਇਹ ਨਾਰ ਕੁਦਰਤ ਦਾ ਇਕ ਸੁਰੀਲਾ ਗੀਤ,
ਜੰਗਲਾਂ ਵਿਚ ਡੁੱਲ੍ਹਦੇ ਵਹਿੰਦੇ ਚਸ਼ਮਿਆਂ ਵਾਂਗ,
ਕਿਸੇ ਨੈਣਾਂ ਵਾਲੇ ਨੂੰ ਸੱਦਦੀ ਬੁਲਾਉਂਦੀ !
ਤੇ ਸੁਣ ਸੱਦ ਅਗਮ ਹੁਸਨ ਦੀ ਪਰੀ ਨੂੰ
ਇਕ ਮਿਲਣ ਕੋਈ ਆਉਂਦਾ !
ਨੈਣਾਂ ਦੀਆਂ ਡੋਰਾਂ ਆਪੇ ਪੇਚ ਆਣ ਪਾਉਂਦੇ !
ਤੇ ਚਾਈਂ ਚਾਈਂ ਇਕ ਚਾਹ ਵਿਚ ਪਿਆਰੀ,
ਆਇਆਂ ਦਾ ਸਤਿਕਾਰ ਕਰਨ ਉੱਠਦੀ ।

ਉੱਠਦੀ ਕੀ ਬਹਿੰਦੀ ! ਬਹਿੰਦੀ ਕਿ ਵਗਦੀ,
ਵਗਦੀ ਕਿ ਉੱਡਦੀ, ਕੁਝ ਪਤਾ ਪਿਆ ਨਹੀਂ ਲੱਗਦਾ
ਆਇਆਂ ਦਾ ਸਤਿਕਾਰ ਪਈ ਕਰਦੀ ।
ਪਿਆਸੇ ਕਿਸੇ ਦੂਰ ਥੀਂ ਉੱਡਦੇ ਆਂਦੇ ਨੂੰ ਕੋਲ ਆਪਣੇ ਬਿਠਾਉਂਦੀ,
ਤੇ ਤੱਕੇ ਮੁੜ ਤੱਕੇ ਪੁੱਛੇ ਕੁਝ ਨਾਂਹ ।
ਕਦੀ ਛੰਨਾ ਪਾਣੀ ਠੰਢੇ ਦਾ ਆਣਦੀ,
ਕਦੀ ਆਟਾ ਛਾਣਦੀ, ਗੁੰਨ੍ਹਦੀ ਤੇ ਘਿਉ ਖੰਡ ਮਿਲਾਉਂਦੀ,
ਚੂਰੀਆਂ ਪਈ ਕੁੱਟਦੀ, ਕੁੱਟਦੀ ਕਿ ਡੁਹਲਦੀ, ਕੁਝ ਪਤਾ ਪਿਆ ਨਹੀਂ ਲੱਗਦਾ ।
ਮੁੜ ਮੁੜ ਤੱਕਦੀ, ਤੱਕਦੀ ਕਿ ਮਰਦੀ, ਮਰਦੀ ਕਿ ਜਿਊਂਦੀ, ਕੁਝ ਪਤਾ ਪਿਆ ਨਹੀਂ ਲੱਗਦਾ ।
ਚਾਹ ਚਹਿਲ ਬਹਿਲ ਲੱਗੀ ਉਸ ਇੱਕਲੀ ਝੁੱਗੀ ਵਿਚ,
ਤੇ ਨੈਣਾਂ ਵਾਲੇ ਦੀ ਆਪ ਸਾਰੀ ਜ਼ਿਆਫ਼ਤ ਪਈ ਹੁੰਦੀ,
ਪਤਾ ਕੇ ਪਈ ਕਰਦੀ !

੬

ਉਸ ਰੋਜ਼ ਉੱਥੇ,
ਜਦ ਹੱਟੀ ਵਾਲਾ, ਵਪਾਰੀ ਭਾਰੀ ਪਹਾੜੀ, ਸੀ ਗਿਆ ਕਿੱਥੇ,
ਨਹਾਣ ਚਾਹੇ ਗਿਆ ਹੋਵੇ, ਚਾਹੇ ਮੁਜ਼ਾਰਿਆਂ ਨੂੰ ਕੋਸਣ,
ਪਰ ਝੁੱਗੀ ਖ਼ਾਲੀ ਸੀ, ਖ਼ਾਲਮੁਖ਼ਾਲੀ, ਉਹ ਨਹੀਂ ਸੀ ਉਥੇ ।

ਇਕ ਅਮੀਰ ਸੱਜਣ
ਦਿਲ ਦਾ ਗੰਭੀਰ, ਸਿੱਧਾ ਟੁਰਨ ਵਾਲਾ, ਕੋਈ ਇਕ ਹੋਰ,
ਲੰਘਦਾ ਜਾਂਦਾ ਭਲੇਮਾਣਸ, ਟੱਬਰ ਸਮੇਤ ਹੱਟੀ ਪਾਸ ਆਣ ਲੱਥਾ ।
ਉਹਦੇ ਆਉਣ ਨਾਲ ਨਾ ਖਲਬਲੀ ਹੋਈ, ਨਾ ਘਬਰਾਹਟ ।
ਦਿਨ ਚੜ੍ਹੇ, ਚੋਖੀ ਰਾਤ ਗਈ ਵਰਗੀ ਵਿਹਲ ਤੇ ਇਕੱਲ ਉਸ ਗੋਰੀ ਦੀ ਨੂੰ ਕਿਸੇ ਨਾ ਛੇੜਿਆ; ਕੁਝ ਥੋੜੀ ਦੂਰ ਦੀ ਵਾਟ 'ਤੇ ਉਹਲੇ ਉਹ ਬਹਿ ਗਿਆ, ਕੀ ਦੇਖੇ :
ਉਸ ਪ੍ਰਭਾ ਜੋਤ ਕੁੜੀ ਕੋਲ ਖੜਾ, ਅੰਦਰ ਪਸਾਰ ਵਿਚ ਇਕ ਨਵਾਂ ਗੱਭਰੂ ਜਵਾਨ ਸੀ;
ਮਸਾਂ ਭਿੰਨਾ, ਲੰਮਾਂ, ਬਿਲੌਰੀ ਡੀਲ ਵਾਲਾ, ਸੁਹਣਾ ਜ਼ਾਲਮ ਜਵਾਨ ਸੀ ।
ਰੰਗ ਇਸ਼ਕ ਵਿਚ ਖਿੱਚਿਆ, ਉਹਦੀ ਫੁੱਟਦੀ ਜਵਾਨੀ ਸੀ,
ਤੇ ਕੇਸ ਉਹਦੇ ਘੁੰਗਰਾਲੇ ਮੋਢਿਆਂ 'ਤੇ ਲਮਕਦੇ ।
ਅੱਖਾਂ ਨਰਗਸੀ, ਬਾਜ਼ਾਂ ਵਾਂਗ ਲੈਂਦੀਆਂ ਉਡਾਰੀਆਂ,
ਪੂਰਨ ਸੁਹਣੱਪ ਪਾਸ ਆਣ ਵਿਚਰਿਆ ਇਕੱਲਾ ਇਕ ਜਵਾਨ ਸੀ ।
ਕੁੜੀ ਦਾ ਮੁੱਢ ਕਦੀਮ ਦਾ ਸੀ ਕੋਈ ਵਾਕਫ਼ਕਾਰ ।
ਅਰਸ਼ਾਂ ਦਾ ਸੀ ਕਿ ਖ਼ਾਕੀ ਬੰਦਾ,

ਨਹੀਂ, ਨੂਰ ਤੇ ਖ਼ਾਕ ਦੀ ਸੁਹਣੀ ਇਕ ਗੋਂਦ ਸੀ,
ਉਹਦਾ ਰੂਪ ਸੂਰਜਾਂ ਨੂੰ ਮਸ਼ਕਰੀਆਂ, ਤਾਰਿਆਂ ਨਾਲ ਮਿਚਦਾ,
ਤੇ ਜਵਾਨੀ-ਫੰਘਾਂ 'ਤੇ ਉੱਡਦਾ ਉਹ ਇਕ ਗੱਭਰੂ ਇਨਸਾਨ ਸੀ।
ਰੇਖਾ ਤੇ ਸੁਹਣੇ ਸੁਹਣੇ ਲੇਖ ਸਨ,
ਜੋਗੀ ਸੀ ਕਿ ਰਾਜਾ, ਕੋਈ ਡਾਢਾ ਭਾਗਵਾਨ ਸੀ!
ਉਹਨੂੰ ਦੇਖਣ ਸਮਾਂ ਸੀ ਖਲੋ ਗਿਆ,
ਤੱਕਣ ਵਿਚ ਲੋਪ ਹੋਇਆ ਨਹੀਂ ਸੀ ਟੁਰਦਾ
ਰੰਗ ਕੁਝ ਸ਼ਿਆਮ ਸ਼ਿਆਮ ਬੱਦਲਾਂ ਦੇ ਦੇਸ਼ ਦਾ,
ਲਟਕ ਇਕ ਨਵੀਂ ਤੇ ਨਿਰਾਲੀ ਸੀ,
ਪਰ ਹੱਥ ਸਨ, ਪੈਰ ਸਨ,
ਦਿਲ ਸੀ ਮਹਾਨ ਧੜਕਦਾ ਉਸ ਪਸਾਰ ਵਿਚ।
ਚੁੱਪ ਚੁਪੀਤੇ, ਚੋਰੀ ਚੋਰੀ,
ਵਿਹੜੇ ਆਣ ਵੜਿਆ ਸੀ।
ਜੰਗਲ ਵਨੂੰ ਆਇਆ ਹੋਵੇ,
ਤੇ ਫੁੱਲਾਂ ਦਾ ਅਤੀ ਪਿਆਰਾ ਸੀ।
ਹਾਰ ਪਾ ਪਿਆਰਾ ਗਲੇ,
ਖਿੱਚ ਸੁਹਣੀ ਘਰ ਆਇਆ ਸੀ।
ਕੰਨਾਂ ਵਿਚ ਪਿਆਰੇ ਦੇ, ਚੰਬਾ ਤੇ ਚੰਬੇਲੀ ਲਟਕੇ,
ਗਲੇ ਵਿਚ ਗੁਲਸ਼ਬੀ ਦੀਆਂ ਗਾਨੀਆਂ,
ਇਕ ਬਾਂਕਾ ਬਲੋਚ ਜ਼ਾਲਮ ਮੁੜ ਆਇਆ ਸੀ।
ਖਲੋਤਾ ਸੀ ਮਸਤ ਹੋ, ਕੱਖ ਕੱਖ ਕੰਬਦਾ ਸੀ,
ਝੁੱਗੀ ਸਾਰੀ ਝੂਲੀ, ਇਕ ਝੂਟਾ ਪਿਆ ਦਿਵਾਂਦਾ।
ਥਰ ਥਰ ਕੰਬਦੀ ਪਿਆਰ ਨਾਲ,
ਸੁਹਣੀ ਜਾਗਦੀ ਜਾਗਦੀ ਸੁੱਤੀ,
ਤੇ ਸੁੱਤੀ ਸੁੱਤੀ ਜਾਗਦੀ ਸੀ।
ਦੇਖਦੀ ਪਈ "ਪਿਆਰ" ਨੂੰ,
ਦਿਲ ਦੀ ਪਕੜ ਪਕੜ ਬਹਾਲਦੀ ਸੀ।
ਵੇਖਦੀ ਤੇ ਹੱਸਦੀ, ਬੇਹੋਸ਼ ਜਿਹੀ ਟੁੱਟੀ ਟੁੱਟੀ ਬੋਲਦੀ,
ਬੇਸੁਧ ਸੀ, ਸੁਹਣਾ ਆਪ ਆਣ ਸੁਹਣੱਪ ਨੂੰ ਪਿਆ ਖਿੱਚਦਾ,
ਕੁੜੀ ਖਿਚੀਂਦੀ ਜਾਂਦੀ ਸੀ।
ਪਰ ਸ਼ਰਮਾਂ ਦੀ ਕੋਈ ਥਾਂ ਨਹੀਂ, ਪੂਰੀ ਇੱਕਲ ਸੀ:
ਖਿੜਦੀ ਤੇ ਗਵਾਚਦੀ, ਗਵਾਚੀ ਗਵਾਚਦੀ ਜਾਂਦੀ ਸੀ,
ਬਿਹਬਲ ਹੋ ਹੋ ਕਿੱਥੇ ਪਈ ਜਾਂਦੀ ਸੀ?
ਵਾਰੀ ਵਾਰੀ, ਸਦਕੇ ਸਦਕੇ,
ਵਾਂਗ ਘੁੱਗੀ ਘੁੰਮਣ ਘੇਰੀਆਂ ਖਾਂਦੀ ਸੀ।
ਸਾਰੇ ਅੰਗ ਤੇ ਨੈਣ, ਤੇ ਜੀਅ ਤੇ ਜਾਨ,
ਵੱਖੋ-ਵੱਖ, ਇਕ, ਮਿਲ ਮਿਲ, ਵੱਖਰੇ ਤੇ ਇੱਕਠੇ ਉਸ ਪਾਸੋਂ
ਨਸ ਨਸ ਜਾਂਦੇ ਸਨ।

ਬੇਹੋਸ਼ੀ ਛਾਂਦੀ ਸੀ,
ਪਰ ਗਸ਼ ਨਹੀਂ ਆਉਂਦੀ ਸੀ ।
ਇਕ ਅਕਹਿ ਖ਼ੁਸ਼ੀ,
ਇਕ ਮਨ ਦਾ ਹਿਲੋਰਾ,
ਉਹਦਾ ਰਾਖਾ ਸੀ ।
ਦਿਲ ਕੁੜੀ ਦਾ ਲਹਿਰ ਲਹਿਰ ਹੋ ਵਗਦਾ ਸੀ,
ਤੇ ਲਹਿਰਾਂ ਮਾਰ ਛਾਲਾਂ ਜਾ ਟਕਰਾਂਦੀਆਂ ਸਨ ਉਸ ਸੁਹਣੇ ਦੇ ਦਿਲ ਦੀਆਂ
ਕੰਧਾਂ ਨਾਲ ।
ਤੇ ਗਭਰੂ ਦੀਆਂ ਕੰਧਾਂ ਢਹਿ ਢੇਰੀਆਂ ਹੁੰਦੀਆਂ ਦਿਸਦੀਆਂ ਸਨ, ਪਾਣੀ ਪਾਣੀ
ਪਈਆਂ ਹੁੰਦੀਆਂ ਸਨ ।
ਤੇ ਦਿਲ ਉਹਦਾ ਵੀ ਲਹਿਰ ਲਹਿਰ ਹੋ ਆਂਦਾ ਸੀ ।
ਦਿਲ ਵਾਲਿਆਂ ਦੀਆਂ ਲਹਿਰਾਂ ਪੇਚ ਪੇਚਾਂ ਪਾਂਦੀਆਂ ਸਨ,
ਕੁੜੀ ਠੰਢੇ ਵਿਚ, ਠੰਢਾ ਕੁੜੀ ਵਿਚ,
ਇਕ ਇਕ, ਤੇ ਵਖੋ-ਵਖ ਤੇ ਦੋਵੇਂ ਇਕੱਠੇ,
ਇਕ ਦੂਜੇ ਵਿਚ ਘੁਲਦੇ ਜਾਂਦੇ ਸਨ,
ਡੁੱਬਦੇ ਸਨ ਤੇ ਤਰਦੇ ਆਂਦੇ ਸਨ,
ਤੇ ਡੁੱਬ ਡੁੱਬ ਤੇ ਤਰ ਤਰ ਉਸ ਅਸਗਾਹ ਸਮੁੰਦਰ ਵਿਚ, ਵਾਂਗ ਸੂਰਜ ਤੇ
ਚੰਨ,
ਵਾਂਗ ਦਿਨ ਤੇ ਰਾਤ, ਮੁੜ ਮੁੜ ਨਿਕਲਦੇ ਤੇ ਲੋਪ ਹੁੰਦੇ ਸਨ ।
ਤੇ ਨੀਲੇ ਪਾਣੀਆਂ ਵਿਚੋਂ ਇਕ ਅਲਾਪ ਉਠਦਾ ਸੀ,
ਤੇ ਵਾਂਗ ਧੁੱਪ-ਧੂੰਏਂ ਦੇ ਅਕਾਸ਼ ਵਿਚ ਗੁੰਮਦਾ ਸੀ,
ਪਰ ਪੁਲਾੜ ਵਿਚ ਇਕ ਥਰਥਰਾਂਦੀ ਗੂੰਜ ਸੀ ।

ਜੋਬਨ, ਜਾਨ, ਤੇ ਰੂਹ ਤੇ ਜਿਸਮ ਮੇਰਾ,
ਕਸਮ ਰੱਬ ਦੀ ਅਜ਼ਲ ਥੀਂ ਹੋਇਆ ਤੇਰਾ ।
ਤੇਰੇ ਰੂਪ ਨੂੰ, ਰੱਬ ਵਿਆਹੀਆਂ ਵੇ,
ਧੁਰ ਦਰਗਾਹ ਥੀਂ ਚੱਲ ਮੈਂ ਆਈਆਂ ਵੇ,
ਤੇਰੇ ਸਦਕੇ ਸਦਕੇ ਸਾਈਆਂ ਵੇ ।

ਸੂਰਜ ਡੁੱਬਦੇ ਨੂੰ ਸੁਣੀ ਸੱਦ ਤੇਰੀ,
ਮਿੱਠੀ ਸੁਰ, ਬਰੀਕ, ਬੇਹੱਦ ਤੇਰੀ,
ਖਲੋਵੀਂ ! ਸੂਰਜਾ ! ਦੌੜਦੀ ਆਈਆਂ ਵੇ,
ਜ਼ੋਰਾਂ ਵਾਲਿਆਂ ਕਢ ਮੰਗਾਈਆਂ ਵੇ,
ਤੇਰੇ ਸਦਕੇ ਸਦਕੇ ਸਾਈਆਂ ਵੇ ।
ਨੈਣਾਂ ਵਾਲਿਆ ! ਨੈਣਾਂ ਦੀਆਂ ਜਾਈਆਂ ਮੈਂ,
ਤੈਂਡੇ ਲਈ ਹੱਟੀ ਹੱਟੀ ਵਿਕਾਈਆਂ ਮੈਂ,
ਨੰਗੇ ਸਿਰ ਤੇ ਪੈਰ ਉਠ ਧਾਈਆਂ ਮੈਂ,
ਤੇਰੇ ਸਦਕੇ ਸਦਕੇ ਸਾਈਆਂ ਮੈਂ ।

ਆਵੀਂ ! ਆਵੀਂ ! ਤੂੰ ਹੜ੍ਹ ਪਿਆਰ ਦਾ ਵੇ,
ਤ੍ਰਪੀ ਕੰਧ ਕੋਠੇ ਦਿਲ ਯਾਰ ਦਾ ਵੇ ।
ਢਾਹੀਂ ਢਿਬੇ ਢੇਰੇ ਕਤਲ ਆਮ ਦਾ ਵੇ,
ਵੱਗੀਂ ਵਾਂਗ ਤਲਵਾਰ ਜੀਣ ਨਾਮ ਦਾ ਵੇ ।
ਘੋਲ ਘੁਮਾਈਆਂ ਘੋਲ ਘੁਮਾਈਆਂ ਵੇ,
ਤੇਰੇ ਸਦਕੇ ਸਦਕੇ ਜਾਈਆਂ ਵੇ ।

ਜਿੰਦ ਜਾਨ ਘੋਲੀਂ, ਮੇਰੇ ਨੈਣ ਘੋਲੀਂ,
ਘੋਲ ਆਪਣੇ ਵਿਚ ਸਮਾ ਮੈਨੂੰ,
ਥੱਕੀ "ਚਾਅ" ਦੀ ਵਿਚ "ਆਰਾਮ" ਘੋਲੀਂ
ਰਖ ਆਪਣੇ ਵਿਚ ਥਕਾ ਮੈਨੂੰ ।
ਘੋਲ ਘੁਮਾਈਆਂ ਘੁਮਾਈਆਂ ਵੇ,
ਤੇਰੇ ਸਦਕੇ ਸਦਕੇ ਸਾਈਆਂ ਵੇ ।

੭

ਪਰ ਝੁੱਗੀ ਅੱਜ ਇਕ ਮੰਦਰ ਪਿਆਰ ਦਾ ਸੀ,
ਦੀਨ ਸੀ, ਧਰਮ ਸੀ, ਈਮਾਨ ਸੀ ਉਥੇ,
ਪਰ ਬਾਹਰ ਦੁਨੀਆਂ ਅੱਖੜਖਾਂਦੇ ਸੀ ਉਥੇ
ਦਿਸਦਾ ਪਿਸਦਾ ਹੋਰ ਕਿਸੇ ਨੂੰ ਕੇ ਸੀ ।
ਇਹ ਸੀ, ਇਕ "ਬਲੋਚ ਜ਼ਾਲਮ" ਖੜਾ ਸੀ,
ਤੇ "ਨਵੀਂ ਇਕ ਸੱਸੀ" ਚੁੱਲ੍ਹੇ ਬੈਠੀ ਰੋਟੀ ਪਕਾਂਦੀ ਸੀ;
ਘਿਊ ਤੇ ਪਰਾਊਂਠੇ ਨਹੀਂ, ਜੀ ਜਾਨ ਘੋਲ ਰਹੀ ਸੀ,
ਤੇ ਮੁੜ ਮੁੜ "ਬਲੋਚ" ਵੱਲ ਤੱਕਦੀ ਜਾਂਦੀ ਸੀ,
ਤੇ ਨਿੱਕੀ ਨਿੱਕੀ ਹੱਸੀ ਫੁੱਲ-ਚਿਹਰੇ 'ਤੇ ਲਹਿਰਾਂਦੀ ਸੀ ।
ਕੌਣ ਦਸੇ ਰੋਟੀ ਸੀ ਕਿ ਜਾਦੂ ?
ਫੂਕ ਫੂਕ ਬਨਜਾਰਨ ਪਾਂਦੀ ਸੀ ।
ਜਾਦੂਗਰਨੀ ਸੀ ਕੋਈ ਮਿਸਰ, ਯੂਸਫ਼ ਦੇਸ਼ ਦੀ,
ਜਾਂ ਇਕ ਅਨਪੜ੍ਹ ਕੁੜੀ ਪੰਜਾਬ ਬੇਮੁਹਾਰ ਦੀ ।
ਉਸ ਗੱਭਰੂ ਅਲਬੇਲੇ ਨੂੰ ਬੰਨ੍ਹ ਨੈਣਾਂ ਨਾਲ ਬਠਾਇਆ ਪਾਸ,
ਪਰ ਪਤਾ ਨਹੀਂ ਸੀ ਲੱਗਦਾ,
ਕੌਣ ਕਿਸ ਦਾ ਮਾਲਕ ਸੀ ?
ਪਰ ਯਾਰੋ ! ਦਿਨ ਦਿਹਾੜੀ ਦੋਹਾਂ ਲਈ ਇਕ ਡੂੰਘੀ ਰਾਤ ਪਈ ਸੀ ।
ਗੱਭਰੂ ਦੀਆਂ ਅੱਖਾਂ ਮਸਤ ਹੋਈਆਂ,
ਉਸ ਹੁਸਨ ਦੇ ਓਸਮਾਨ ਵਿਚ ਵਾਂਗ ਕੂੰਜਾਂ ਉਡਾਰੀਆਂ ਮਾਰਦੀਆਂ ਸਨ,
ਤੇ ਆਪਣੇ ਚੰਨ ਵੰਨੇ ਉਹ ਉੱਡਦੀਆਂ ਜਾਂਦੀਆਂ ਸਨ,
ਤੇ ਇਹ ਉੱਡਦੀਆਂ ਅੱਖਾਂ,
ਆਪਣੇ ਪਿਆਰ ਫੰਘਾਂ ਨਾਲ ਚਾਹਣ ਢੱਕਣਾ,

ਉਸ ਆਪਣੇ ਈਦ ਦੇ ਚੰਨ ਨੂੰ ।

ਗੋਰੀਏ ! ਨੀਂ ਗੋਰੀਏ !
ਨੈਣਾਂ ਵਿਚ, ਆ, ਲੁਕਾਵਾਂ ਤੈਨੂੰ,
ਦਿਲ ਵਿਚ, ਟੁਰ ਆ, ਛੁਪਾਵਾਂ ਤੈਨੂੰ,
ਮਨ ਵਿਚ ਵਸਾਵਾਂ, ਆ ਈਦ ਮੇਰੀਏ ।

ਗੋਰੀਏ ! ਨੀਂ ਗੋਰੀਏ !
ਤੋੜ ਗਗਨ ਸਾਰਾ ਲਿਆਵਾਂ ਮੈਂ,
ਉੱਡ ਚੰਨਾਂ ਮੇਰਿਆ !
ਲਟਕ ਮੇਰੇ ਗਗਨ ਵਿਚ,
ਚਮਕ ਸਾਰੀ ਰੂਹ ਹੋ,
ਚਮਕਾ ਮੈਨੂੰ ਆਪਣੇ ਮੁਖ ਨਾਲ ਗੋਰੀਏ ।
ਰੂਹ ਦਾ ਅੰਧੇਰਾ ਮਿਟ,
ਧੁੱਪ ਚੜ੍ਹੇ ਅੱਧੀ ਰਾਤ ਨੂੰ,
ਬਰਫ਼ਾਂ 'ਤੇ ਚਾਨਣੀ,
ਆ ਈਦ ਮੇਰੀਏ !

ਗੋਰੀਏ ! ਨੀਂ ਗੋਰੀਏ !
ਤਾਰਿਆਂ ਦੀ ਪਾ, ਆ, ਦਾਵਣੀ !
ਮੋਤੀ ਲਟਕਾਵਾਂ ਤੇਰੇ ਵਾਲ ਵਾਲ ਪਿਆਰੀਏ !
ਮੁੱਕ ਗਿਆ ਜੱਗ ਦਾ ਸੁਹਣੱਪ ਸਾਰਾ,
ਚੜ੍ਹ ਚੰਨ ਈਦ ਦੇ, ਭਰ ਭੰਡਾਰ ਸਾਰਾ !

ਗੋਰੀਏ ! ਨੀਂ ਗੋਰੀਏ !
ਅਸਮਾਨ ਸਾਰੇ ਸੱਖਣੇ,
ਹੁਣ ਧਿਆਨ ਕੀ ਰੱਖਣੇ !
ਆ, ਮੇਰੀ ਈਦ ਤੂੰ,
ਚਾ; ਮੈਨੂੰ ਆਪ ਥੀਂ,
ਲੁਕਾ, ਆਪੇ ਵਿਚ ਤੂੰ,
ਆਪਾ ਹੁਣ ਚਖਾ ਮੈਨੂੰ,
ਰੱਬ ਤੂੰ ਦਿਖਾ ਮੈਨੂੰ,
ਹੱਸ ਫੁੱਲ ਖਿੜਾ ਸਾਰੇ,
ਆਪੇ ਵਿਚ ਮਿਲਾ ਸਾਰੇ,
ਵੱਟ ਮੱਥੇ ਪਾ ਤੂੰ,
ਕੌੜ ਵਾਕ ਅਲਾ ਤੂੰ,
ਤੇਰੇ ਬਿਨਾ ਰਸ ਨਹੀਂ,
ਮੇਰਿਆ ਚੰਨਾਂ ! ਚੜ੍ਹ ਆ, ਤੂੰ,

ਚੜ੍ਹ ਆ, ਚੜ੍ਹ ਆ ਤੂੰ !

ਇਉਂ ਕੂਕਦਾ ਬਾਜ਼ ਪਿਆਰ ਦਾ ਸੀ,
ਤੇ ਮਸਤ ਨੈਣਾਂ ਖਿਲਾਰਦੀਆਂ ਜਾਂਦੀਆਂ ਸਨ
ਹੱਦੋਂ ਬੇਹੱਦ ਆਪਣੇ ਕਾਲੇ ਬੱਦਲਾਂ ਦੇ ਸਾਏ !
ਦੋਵੇਂ, ਇਕ ਚੰਨ, ਦੋ ਪੰਖੇਰੂ,
ਚੁੱਪ ਸਨ ਖਲੋਤੇ ਉਸ ਕੱਖਾਂ ਦੀ ਝੁਗੀ ਦੇ ਓਹਲੇ !

੮

ਅਜਬ ਇਕ ਤਮਾਸ਼ਾ ਸੀ,
ਕੁਦਰਤ ਦਾ ਦਿਲ-ਬੱਝਵਾਂ ਨਜ਼ਾਰਾ
ਅੰਦਰ ਪਿਆਰ ਵਿਚ ਗਭਰੂ ਪਿਆਰ ਦਾ ਗਾਹਕ ਖੜਾ ।
ਦੋ ਲਹਿਰਦੇ ਲਹਿਰਦੇ ਰੂਹ,
ਕੁਝ ਵਗਦੇ, ਕੁਝ ਠਹਿਰਦੇ ਠਹਿਰਦੇ ਰੂਹ,
ਮਿਲਦੇ ਤੇ ਵਿਛੜਦੇ ਸਨ,
ਕੁਝ ਤ੍ਰੂਹਿ ਜਿਹੀ ਸੀ, ਕੁਝ ਦੌੜ ਜਿਹੀ ਲੱਗੀ ਛੁਪਸੀ ਧਿਆਨ ਨੂੰ,
ਤੇ ਬਾਹਰ ਵਾਰੇ ਥੋੜ੍ਹੀ ਵਾਟ 'ਤੇ ਓਹਲੇ ਸੀ ਅਮੀਰ ਗਾਹਕ ਖੜਾ ।
ਬਾਹਰ ਖੜਿਆਂ ਨੂੰ ਅੰਦਰ ਦੀ ਕੇ ਖ਼ਬਰ
ਭਾਵੇਂ ਖੁੱਲ੍ਹਾ ਬਿਨ ਕਿਵਾੜਾ ਇਕ ਪਸਾਰ ਸੀ ।

ਬਾਹਰ ਸੀ ਅਮੀਰ ਖੜਾ,
ਪਾਸ ਉਸ ਦੇ ਬੱਚੇ ਵਿਲਕਦੇ,
ਰੋਂਦੇ ਰੂੰ ਰੂੰ ਕਰਦੇ ਅੱਖਾਂ ਮਲਦੇ,
ਤੇ ਆਖਣ "ਭੁੱਖ ਲੱਗੀ ਹੈ"
ਤੇ ਅਮੀਰ ਮੁੜ ਮੁੜ ਆਖੇ-
ਭੈਣੇਂ ! ਬੱਚਿਆਂ ਰੋਟੀ ਬਣਾ ਦੇਵੇਂ ਆਹ ।
ਕਿਉਂ ਭਾਈ ? ਭੈਣੇਂ ! ਕੁਝ ਰੋਟੀ ਸਾਨੂੰ ਦੇਸੇਂ ਨਾ,
ਅਸਾਂ ਅੱਗੇ ਜਾਣਾ ਹੈ ਦਿਨ ਚੜ੍ਹ ਚੋਖਾ ਆਇਆ ਹੈ,
ਵਿਹਲੀ ਵਿਹਲੀ ਪਕਾ ਦੇਸੇਂ ਨਾ,
ਦੱਸ ਨਾ ਭੈਣੇਂ ! ਬੱਚੇ ਭੁੱਖੇ ਹਨ ?"

ਨਹੀਂ ਵੇ ਭਰਾਵਾ ।
ਮੈਂ ਕੋਈ ਰੋਟੀ ਪਕਾਣ ਵਾਲੀ ਮਹਿਰਨ ਹਾਂ ?
ਹੱਟੀ ਵਾਲਾ ਨਹੀਂ ਇਥੇ,
ਇਥੇ ਰੋਟੀ ਰਾਟੀ ਕੋਈ ਨਹੀਂ ਵੀਰਾ।
ਮੈਨੂੰ ਕਿਥੇ ਵਿਹਲ ਵੇ ਵੀਰਾ !"
ਹੱਸਦੀ, ਮਸਤ ਜਵਾਨ ਗੁਟਕਦੀ ਅਲਬੇਲੀ,
ਤੇ ਇਉਂ ਇਹ ਕਹਿਣ ਬਾਹਰਵਾਰ, ਸੁਟਦੀ ਜਾਂਦੀ,

ਪੀਂਘ ਆਪਣੀ 'ਤੇ ਚੜ੍ਹੀ,
ਘੂਕਾਂਦੀ ਪੀਂਘ, ਚੜ੍ਹਦੀ ਚੜ੍ਹਾਂਦੀ ਜਾਂਦੀ,
ਉਲਰਦੀ, ਉਲਾਰਦੀ ਜਾਂਦੀ ਅਕਾਸ਼ ਨੂੰ,
ਤੇ ਗਾਂਦੀ ਪਈ ਜਾਵੇ, ਭੁੱਲੀ ਚਾ, ਆਪਣੇ ਵਿਚ,
"ਮੈਨੂੰ ਕਿੱਥੇ ਵਿਹਲ ਵੀਰਾ !"
ਉਹ ਹੱਸਦੀ ਦੀ, ਉੱਡਦੀ ਦੀ, ਪੀਂਘਾਂ ਚੜ੍ਹਦੀ ਦੀ,
ਮੋਤੀਆਂ ਦੀ ਲੜੀ ਟੁੱਟ ਟੁੱਟ ਪਈ ਪੈਂਦੀ,
ਮੁੜ ਮੁੜ ਵਾਂਗ ਬਿਜਲੀਆਂ ਲਿਸ਼ਕਦੀਆਂ,
ਤੇ ਇਨ੍ਹਾਂ ਡੁੱਲ੍ਹ ਡੁੱਲ੍ਹ ਜਾਂਦੀਆਂ ਚਮਕਾਂ ਨੂੰ,
ਚੁੰਮ ਚੁੰਮ ਹੋਠਾਂ ਨਾਲ ਚੁੱਕਦਾ ਉਹ ਬਾਂਕਾ ਜਵਾਨ ਸੀ ।

੯

ਅਮੀਰ ਨੂੰ ਤਾਂਘ ਹੋਰਦੇ ਦੀ ਸੀ,
ਸੁਹਣੀ ਚੜ੍ਹੀ ਪਤੰਗ ਸੀ,
ਤੇ ਨਵਾ ਖੜਾ ਗਾਹਕ ਸੀ ਗੁੜ੍ਹ ਦਾ, ਖੜਾ ਅੰਦਰ,
ਤੇ ਰੋਟੀ ਦਾ ਖ਼ਰੀਦਦਾਰ ਬਾਹਰ ਸੀ ਪਿਆ ਉਡੀਕਦਾ ।
ਨੈਣਾਂ-ਰਾਤ, ਅੰਧੇਰੀ ਵਿਚ,
ਦਿਨ ਦੁਪਹਿਰੀ ਦੇ ਜਿੰਦ-ਜੋਬਨ ਦੇ ਰੰਗ ਸਭ ਗੱਭਰੂ ਦੇ ਦਿਲ ਦੇ ਉਹਲੇ ਸਨ ।
ਬਾਹਰ ਦੇ ਗਾਹਕ ਨੂੰ ਨਿਰਾ ਚੁੱਲ੍ਹਾ ਤੇ ਪਰਾਤ ਦਿੱਸਦੀ ਸੀ,
ਕੇ ਹੱਟੀ ਵਾਲੇ ਦੀ ਨਾਰ ਇਕ ਰੋਟੀ ਪਕਾ ਰਹੀ,
ਆਪਣੇ ਬੱਚਿਆਂ ਨੂੰ ਦੇਖਦਾ ਸੀ,
ਰੋਂਦੇ ਤੇ ਭੁੱਖੇ ਤੇ ਵਿਲੂੰ ਵਿਲੂੰ ਕਰਦੇ,
ਤੇ ਉਨ੍ਹਾਂ ਨਾਲ ਬੈਠਾ ਰੋਟੀ ਦੀ ਉਡੀਕ ਵਿਚ,
ਭਲੇਮਾਣਸ ਅਮੀਰ ਸੱਖਣੇ ਦਿਲ ਦਾ ਢੋਲ ਵਜਾਉਂਦਾ !

੧੦

ਇਤਨੇ ਵਿਚ ਖੂੰ ਖੂੰ ਕਰਦਾ,
ਕੜਬੀ ਦਾ ਗੱਡਾ ਸਿਰ 'ਤੇ ਧਰਿਆ,
ਹਫਿਆਂ, ਥੱਕਿਆ, ਸਾਹੋ-ਸਾਹ,
ਇਕ ਟੁੱਟੀ ਜੁੱਤੀ 'ਤੇ ਚੜ੍ਹਿਆ,
ਠੱਪ ਠੱਪ ਕਰਦਾ, ਸੋਟੀ ਖੜਕਾਂਦਾ,
ਝੁੱਗੀ ਦੇ ਪਿਛਵਾੜੇ ਅੱਖੜਖਾਂਧ,
ਹੱਟੀ ਵਾਲਾ ਆ ਗਿਆ !
ਉਹ ! ਕੁੜੀ ਦਾ ਚੰਨ-ਚਿਹਰਾ,
ਕੁਝ ਕਾਲਾ ਕਾਲਾ ਪਿਆ;
ਇਹ ਕੀ ਅਨੋਖੀ ਆਵਾਜ਼,
ਅੱਧੀ ਰਾਤ ਦੀ ਦੁਪਹਿਰ ਚੜ੍ਹੀ ਵਿਚ,

ਪੂਰਾ ਚੰਨ ਗ੍ਰਹਿਣ ਲੱਗ ਗਿਆ !
ਹੈਂ ! ਇਹ ਕੀ ?
ਨਾ ਉਹ ਰੰਗੀਲਾ ਛੈਲ ਗੱਭਰੂ,
ਨਾ ਰਾਤ ਉਸ ਦੇ ਨੈਣਾਂ ਦੀ,
ਨਾ ਰਾਤ ਇਸ ਦੇ ਸੁਫ਼ਨੇ ਦੀ,
ਨਾ ਉਹ ਸੀ, ਨਾ ਉਸ ਦਾ ਚੰਨ ਈਦ ਦਾ ਇਹ !
ਸਭ ਛਾਈਂ ਮਾਈਂ, ਇਹੀ ਪਰ ਨਹੀਂ ਸੀ,
ਸੁਫ਼ਨਾ ਸੀ, ਕਿ ਕੁਝ ਹੈ ਸੀ ?
ਸੱਚ ਸੀ ਉਹ ਕਿ ਇਹ ?
ਪੂਰਨਮਾਂ ਦੀ ਰਾਤ ਕਿੱਧਰ ਨੱਸ ਗਈ ?
ਤੇ ਇਹ ਬਲਦੀ ਦੁਪਹਿਰ ਕਿਹੀ ਚੜ੍ਹ ਪਈ ਹੈ ?
ਤੇ ਕੂੜਾ ਖੇਲ ਜਾਦੂ ਤਮਾਸ਼ਾ ਸੀ ?
ਉਥੇ ਕੁਝ ਨਹੀਂ ਹੋਰ ਸੀ !
ਇਕ ਬਸ ਅਨਪੜ੍ਹ ਕੁੜੀ,
ਮਜ਼ੂਰੀ-ਲਿੱਬੜੀ ਹੱਟੀਵਾਨ ਗ਼ਰੀਬ ਦੀ ਨਾਰ ?
ਰੋਟੀ ਬੱਸ ਪਕਾ ਰਹੀ ਹੈ ?
ਅੱਗ ਲਾਲ ਲਾਲ ਬਲ ਰਹੀ ਹੈ ?

੧੧

ਹੈਂ ! ਇਹ ਕੀ ?
ਇਸ ਝੁੱਗੀ ਦੇ ਪਛਵਾੜੇ,
ਇਹ ਕੀ ਪ੍ਰਭਾਤ-ਕੁੱਕੜ ਬੋਲਿਆ—
ਕੀ ਸੁਹਣੀ ਰਾਤ ਖਿੰਡ ਗਈ ਹੈ ?
ਮਿਲੇ ਵਿੱਛੜ ਗਏ ਕੀ ?
ਅਸਮਾਨ ਇਕ ਖੜ ਖੜ ਨਾਲ ਟੁੱਟ ਪਏ ਕੀ ?
ਕਾੜ ਕਾੜ ਹੋਈ ਛੱਤ ਨੀਲਾ ਢਹਿ ਪਿਆ ?
ਪਿਆਰੇ ਵਿੱਛੜ ਗਏ ਕੀ ?
ਸਮਾਂ ਜਿਹੜਾ ਖਲੋਤਾ ਸੀ,
ਛਾਨ ਛਾਨ ਕਰਦਾ ਇਕ ਛਿਣ ਖੜੇ ਟੁਰ ਪਿਆ ਕੀ ?

੧੨

ਮੱਕੀ ਦੀ ਪੰਡ ਪਸਾਰ ਆਣ ਲਾਹੀ,
ਤੇ ਪਗੜੀ ਸੰਭਾਲ ਕੇ ਬਿੰਧਾ ਬਿੰਧਾਰ ਬੋਲਿਆ-
"ਨੀਂ ਗੋਰੀਏ ਇਹ ਕੀ ?
ਕੁਵੇਲੇ ਇਹ ਮੰਨ ਕਿਸ ਵਾਸਤੇ ਬਣ ਰਹੇ ਹਨ ?
ਇਹ ਕੀ ਸਮਾਜ ਹੈ ?
ਵਿਹਲੀ ਝੁੱਗੀ ਛੱਡ ਕੇ ਗਿਆ,
ਇਹ ਕੀ ਲੁੱਕ ਗਿਆ ਸੰਸਾਰ ਹੈ ?"

੧੩

ਕੌਡੀਆਂ ਤੇ ਪੈਸਿਆਂ ਦੇ ਗਿਣਨ ਵਾਲਿਆ !
ਤੈਨੂੰ ਕੀ ਪਤਾ ?
ਚੰਨਾਂ ਉਤੇ ਚਕੋਰ ਦੇਖੇ ਕੀ ?
ਦੀਵੇ ਉਤੇ ਪਤੰਗਿਆਂ ਦੀ ਗਿਣਤੀ ਬੇਸ਼ੁਮਾਰ ਹੁੰਦੀ ਹੈ !
ਪਰ ਕੀ ਜਾਣੇ ਜਾਨਵਰ !
ਉਸ ਲਈ ਤਾਂ ਬੱਸ,
ਉਹ ਰੋਟੀ ਪਕਾਣ ਵਾਸਤੇ,
ਉਹ ਆਟਾ ਛਾਣਨ ਵਾਸਤੇ,
ਉਹ ਭਾਂਡੇ ਮਾਂਜਣ ਵਾਸਤੇ,
ਉਹ ਮੁੱਲ ਪਰਨਾਈ-ਨਾਰ,
ਉਹ ਸਸਤ ਮਜੂਰਨ ਮੁਟਿਆਰ ਹੈ !
ਉਸ ਵਿਚਾਰੇ ਨੂੰ ਕੀ ਖ਼ਬਰ ਜੋਬਨ ਲਾਟਾਂ ਕੀ ਹਨ ?
ਰੂਪ ਕੀ, ਦਿਲ ਕੀ, "ਚਾਅ" ਕੀ ਹੈ ?
ਖਿੱਚ ਕੀ ਹੈ, ਇਸ਼ਕ ਕੀ ਹੈ ?
ਅਸਾਰ ਕੀ ਹੈ, ਸਾਰ ਕੀ ਹੈ ?
ਉਸ਼ ਨੂੰ ਕੀ ਪਤਾ, ਕਿ ਜੀ ਦਾ ਹੜ੍ਹ ਕੀ ਹੈ ?
ਤੇ ਜਿਸਮਾਂ ਦੀ ਤੋੜ ਫੋੜ ਉੱਠ ਵਾਹਣਾਂ ਕੀ ਹੈ ?
ਤੇ ਜਲ ਥਲ ਹੋ ਇਕ ਹੋਣਾ ਕੀ ਹੈ ?
ਅਸਮਾਨਾਂ ਦਾ ਦੌੜਨਾ ਮੁਖੜੇ ਨੂੰ ਵੇਖਣ,
ਤੇ ਮੁਖੜੇ ਦਾ ਬੇਅੰਤ ਹੋ ਜਾਣਾ ਕੀ ਹੈ ?
ਅਸਗਾਹ ਅਥਾਹ ਦਾ ਰੇਖਾਂ ਵਿਚ ਆਣਾ ਕੀ,
ਤੇ ਰੇਖਾਂ ਲੇਖਾਂ ਨੂੰ ਮੇਖ ਮਾਰ,
ਮੁੜ ਅਸਗਾਹ ਹੋ ਟੁਰਨਾ, ਟੁਰਨਾ ਕੀ ਹੈ ?
ਦਿਲ ਦੇ ਸਮੁੰਦਰਾਂ ਦੀ ਖ਼ਬਰ ਕੀ ?
ਤੇ ਉਨ੍ਹਾਂ ਸਮੁੰਦਰਾਂ ਦੇ ਤੂਫ਼ਾਨ ਦੇ ਉਭਾਰ ਦਾ ਕੀ ਪਤਾ ?
ਉਸ ਉਭਾਰ ਵਿਚ ਕਿਸ਼ਤੀਆਂ ਹਜ਼ਾਰ ਨੂੰ ਮੂੰਦੇ ਮੂੰਹ ਮਾਰ ਪਾਸ਼ ਪਾਸ਼ ਕਰਨਾ,
ਸੁਫ਼ਨਾ ਕੁਝ ਨਾ, ਮਸਤ ਹੋ ਉਛਲਣਾ, ਆਪ ਮਤਾ ਹੋਣਾ ਕੀ ਹੈ ?
ਹਜ਼ਾਰਾਂ ਪਰਬਤਾਂ ਨੂੰ ਦੂਰ ਕਰ,
ਸਿੱਧ ਹੜ੍ਹਾਂ ਦੇ ਹੜ੍ਹ ਹੋ ਆਣਾ ਕੀ ਹੈ ?
ਇਕ ਨਿੱਕੇ ਦਿਲ ਵਿਚ ਅਨੰਤ ਨੂੰ ਵਸਾਣਾ ਕੀ ਹੈ ?
ਤੇ ਅਨੰਤ ਹੋ ਮੁੜ ਰੂਪ ਰੰਗ ਵਿਚ ਜਾਣਾ ਕੀ ਹੈ ?
ਸੁਹਣੱਪ ਦੀ ਕੀ ਖ਼ਬਰ ? ਸੁਹਣੇ ਕੀ ਹਨ !
ਰੱਬ ਹਨ, ਰਬਤਾਂ ਹਨ,
ਪਿਆਰ ਹਨ, ਮਿੱਠੇ ਹਨ, ਕੌੜੇ ਹਨ,

ਕੀ ਹਨ, ਜੀਵਨ ਹਨ, ਮੌਤ ਹਨ,
ਇਹ ਅਗੰਮ ਦੀਆਂ ਨਿੱਤ ਨਵੀਆਂ ਰੇਖਾਂ ਕੀ ਹਨ ?
ਅਜ਼ਲ ਦੇ ਫਾਲ ਕਿੰਜ ਪੈਂਦੇ ਹਨ ?
ਤੇ ਸ਼ਾਹਦ ਪਕੜੀਂਦੇ ਤੇ ਚੋਰ ਛੁਟੀਂਦੇ ਕਿੰਜ ਹਨ ?

੧੪

ਗਿਣ ਓ ਭਾਈ ! ਬੈਠਾ ਦਿਨ ਰਾਤ ਕੌਡੀਆਂ ।
ਜੇ ਤੈਨੂੰ ਹੁਣ ਮੱਤ ਨਾ ਫਿਰੇ, ਤਦ ਮੁੜ ਕਦ ਫਿਰ ਸੀ ?
ਇਹ ਦੀਵਾ ਅਰਸ਼ ਦਾ ਪਾ ਕੇ ਵੀ,
ਨਹੀਂ ਆਈ, ਮੁੜ ਕੈਦ ਆਵਸੀ ?
ਤੇਰੀ ਮੱਦਦ ਕੌਣ ਕਰਸੀ,
ਤੇ ਕਰਸੀ ਕਿਸ ਤਰ੍ਹਾਂ ਕੋਈ ?
ਸੁਹਣੱਪ ਤੇਰੇ ਘਰ ਆਈ,
ਤੂੰ ਅੱਖ ਉਘਾੜ ਨਾ ਤੱਕੇਂ,
ਤਾਂ ਤੇਰਾ ਕੋਈ ਕੇ ਕਰੇ ਭਾਈ ?

ਤੇਰੇ ਪਾਸ ਉਹ ਫੁੱਲ, ਜਿਹੜਾ ਹੋਰ ਕਿਧਰੇ ਨਾਂਹ,
ਤੂੰ ਸ਼ੁਕਰ ਨਾ ਕਰੇਂ,
ਵਿਹਲਾ ਹੋ ਕੇ ਤੱਕੇਂ ਨਾਂਹ,
ਤੇ ਤੱਕ ਤੱਕ ਜੀਵੇਂ ਨਾਂਹ,
ਤਾਂ ਤੂੰ ਹੀ ਦੱਸ ਤੇਰਾ ਕੋਈ ਕਰੇ ਕੀ ?
ਰੂਹ ਨੂੰ ਸ਼ੰਗਾਰੇ ਨਾਂਹ,
ਮਿੰਟ ਮਿੰਟ ਰੂਹ ਨੂੰ ਮਾਰੇਂ ਵਾਂਗ ਅੱਖੀਆਂ,
ਮੁੜ ਮੁੜ ਤੂੰ ਡੁੱਬੇਂ ਤੈਨੂੰ ਮਾਰੇ ਕੌਣ ?

੧੫

ਮੁੜ ਬੋਲਿਆ—
ਜੁੱਤੀ ਲਾਹ, ਅੰਤਰ ਪਸਾਰੇ ਵਿਚ ਪੈਰਾਂ ਪਾ,
ਵਾਂਗ ਕਿਸੇ ਇਕ ਮੁਲਕ ਦੇ ਪਾਤਸ਼ਾਹ ।
"ਦਸ ਨਾ ! ਬੋਲਨੀ ਕਿਉਂ ਨਹੀਂ ਏਂ ?
ਫੂਕਾਂ ਮਾਰੇ—ਸਾਸ ਲੰਮੇ ਲਵੇਂ,
ਅੱਗ ਬਾਲੇਂ, ਰੋਟੀ ਪਕਾਵੇਂ,
ਕੁਵੇਲੇ ਸਭ ਕੰਮ ਤੇਰੇ ਚੁੱਪ ਚੁਪੀਤੀਏ ।
ਇਹ ਪਰਾਉਂਠੇ ਕਿਸ ਲਈ ਹਨ ?"
ਪ਼ੀਲੇ ਅੱਧਖੜ ਚਿਹਰੇ ਉਪਰ ਵੀ
ਗੁੱਸੇ ਨਾਲ ਇਕ ਨੂਰ ਚੜ੍ਹ ਆਇਆ—
ਲਾਲੀ ਦਮਕੀ, ਕਲੇਜਾ ਕੰਬਿਆ,
ਲਹੂ ਅੱਖਾਂ ਵਿਚ ਭਰ ਆਇਆ ।

ਲਿੱਸੇ ਲਿਸਾੜ ਵਿਚ ਜ਼ੋਰ ਕਾਂਗ ਆਈ,
ਆਈ, ਭਾਵੇਂ ਗੁੱਸੇ ਨਾਲ,
ਪਰ ਕੁਝ ਜਿੰਦ ਮੁੜ ਟੂਰ ਆਈ,
ਮੋੜ ਪਿਆ, ਹਿੱਸਦਾ ਹਿੱਸਦਾ ਦੀਵਾ,
ਮੁੜ ਇਕ ਵੇਰ ਫਿਰ ਟਹਿਕਿਆ ।
"ਹਾਏ ! ਦੱਸ ਨਾ । ਕੌਣ ਇਥੇ ਆਇਆ ?
ਆਇਆ ਕੋਈ ਜ਼ਰੂਰ ਹੈ,
ਰੌਣਕ ਪਸਾਰ ਦੀ ਪਈ ਦਿਸਦੀ,
ਇਹ ਝਟਪਟੀ ਹੋਣਾ-ਨਾ-ਹੋਣਾ ਕੀਹ ਹੈ ?
ਕੁਝ ਉੱਡ ਗਿਆ ਦਿਸਦਾ ।
ਉਹ ਟਹਿਣੀ ਜਿਥੋਂ ਹੁਣੇ ਪੰਖੇਰੂ ਉੱਡੇ, ਕੁਝ ਕੰਬਦੀ ਕੁਝ ਕੰਬਦੀ ਹੈ ।
ਨੁਹਾਰ ਤੇਰੀ ਗੋਰੀਏ ! ਕਿਧਰ ਟੁਰ ਗਈ ਹੈ ?
ਦਿਲ ਮੇਰੇ ਵਿਚ ਕੁਝ ਹੁੰਦਾ,
ਇਹ ਝਟਪਟੀ ਚੁੱਪ ਕੀ ਹੈ ?
ਇਹ ਹੁਣੇ ਹੋਈ ਜਾਪਦੀ ਸੱਜਰੀ ਜਿਹੀ ਕੀ ਘਬਰਾਹਟ ਹੈ ?"

ਸੂਹਣੀ ਦੇ ਬੁੱਲ੍ਹ ਕੰਬੇ, ਕੁਝ ਫਰਕੇ,
ਮਿੱਠੇ ਮਿੱਠੇ ਲਾਲ ਹੋਂਠ,
ਪੱਤੀਆਂ ਗੁਲਾਬ ਦੀਆਂ,
ਗੁੱਸਾ ਤਾਂ ਸਾਰਾ, ਜ਼ਹਿਰ ਪਿਆਲਾ,
ਮਿੱਠਾ ਘੁੱਟ ਕਰ ਪੀ ਗਈ
ਤੇ ਹੱਸ ਹੱਸ ਬੋਲੇ :
"ਗੁੱਸੇ ਕਿਉਂ ਹੁੰਦੇ ਹੋ ?
ਉਹ ਛਾਵਾਂ ਬੈਠੇ ਲੋਕ
ਮੰਜੀਆਂ ਵਾਣ ਦੀ 'ਤੇ :
ਉਨ੍ਹਾਂ ਭਰਾਵਾਂ ਵਾਸਤੇ, ਮੈਂ ਅੱਗ ਬਾਲੀ,
ਰੋਟੀ ਪਕਾ ਰਹੀ ਹਾਂ,
ਉਸ ਵੀਰੇ ਦੂਰ ਜਾਣਾ ਹੈ ।
ਧੁੱਪ ਚੜ੍ਹ ਰਹੀ ਹੈ ।"
ਤੇ ਅਮੀਰ ਗਾਹਕ ਵੱਲ ਤੱਕ ਉੱਚੀ ਬੋਲੀ ਚਿਲਕ ਕੇ :
"ਲਉ ਭਰਾਵੋ ! ਰੋਟੀਆਂ ।
ਆਓ ! ਬੱਚੀਓ ! ਖਾਉ,
ਬੜੀ ਦੇਰ ਹੋ ਗਈ ਹੈ ।"



ISBN:81-7647-O87-2